ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

23-29 ਅਪ੍ਰੈਲ 2025

ਸਾਲ 16ਵਾਂ - ਅੰਕ 17
email : info@sadelok.com
Ph. : 510-706-1300
Fax : 925-373-1300

## ਪੰਜਾਬ ਦੇ ਕਿਸਾਨਾਂ ਨੇ ਅਮਰੀਕਨ ਵਾਈਸ ਪ੍ਰੈਜੀਡੈਂਟ JD Vance ਦੇ ਪੁਤਲੇ ਫੂਕੇ
## ਕੀ ਕਿਸਾਨ ਅਮਰੀਕਾ ਖਿਲਾਫ਼ ਮੁਜ਼ਾਹਰਾ ਕਰਕੇ ਸਿੱਖਾਂ ਦਾ ਜਲੂਸ ਨਹੀਂ ਕੱਢ ਰਹੇ ?

(ਦੇਖੋ ਸਫ਼ਾ 37 'ਤੇ)



# ਪਹਿਲਗਾਮ ਕਸ਼ਮੀਰ 'ਚ ਹਿੰਦੂਆਂ 'ਤੇ ਵੱਡਾ ਅੱਤਵਾਦੀ ਹਮਲਾ

- ਹਿੰਦੂਆਂ ਦੇ ਨਾਂ ਪੁੱਛ-ਪੁੱਛ ਕੇ ਮਾਰੀਆਂ ਗਈਆਂ ਗੋਲੀਆਂ
- ਮੇਰੇ ਪਿਤਾ ਨੂੰ ਗੋਲੀਆਂ ਮਾਰਨ ਤੋਂ ਪਹਿਲਾਂ ਇਸਲਾਮਿਕ ਆਇਤ ਦਾ ਪਾਠ ਕਰਨ ਲਈ ਕਿਹਾ

(ਦੇਖੋ ਸਫ਼ਾ 22-25 'ਤੇ)



# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਤੋਂ 26ਵਾਂ ਮਹਾਨ ਨਗਰ ਕੀਰਤਨ ਅਲੌਕਿਕ ਰੂਹਾਨੀ ਸ਼ਰਧਾ ਸੇਵਾ ਖਾਲਸਾਈ ਜਜ਼ਬਿਆਂ ਦਾ ਮਹਾਨ ਸੁਮੇਲ ਹੋ ਨਿਬੜਿਆ



ਸਟਾਕਟਨ/ਕੈਲੀਫੋਰਨੀਆ (ਸਾਡੇ ਲੋਕ ਬਿਊਰੋ) : ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੀ ਧਰਤੀ 'ਤੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ 26ਵਾਂ ਮਹਾਨ ਨਗਰ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਵਿਸ਼ਾਲ ਕੀਰਤਨ ਕੱਢਿਆ ਗਿਆ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ ਅਤੇ ਹਰ ਪਾਸੇ ਰੌਣਕ ਸੰਗਤਾਂ ਦਾ ਇਕੱਠ ਨਜ਼ਰ ਆ ਰਿਹਾ ਸੀ। ਇਸ ਨਗਰ ਕੀਰਤਨ ਵਿਚ ਪੂਰੇ ਅਮਰੀਕਾ ਵਿਚੋਂ ਸੰਗਤਾਂ ਨੇ ਗੁਰੂ ਘਰ ਆ ਕੇ ਹਾਜ਼ਰੀ ਲਗਵਾਈ। ਨਗਰ ਕੀਰਤਨ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਕੇਸਰੀ ਦਸਤਾਰਾਂ ਕੇਸਰੀ ਚੁੰਨੀਆਂ ਨਾਲ ਸਟਾਕਟਨ ਸ਼ਹਿਰ ਕੇਸਰੀ ਰੰਗ ਵਿੱਚ ਰੰਗਿਆ ਹੋਇਆ ਸੀ ਸ਼ਹੀਦਾਂ ਦੀਆਂ ਫੋਟੋ ਅਤੇ ਮੌਜੂਦਾ ਦੌਰ ਦੇ ਸ਼ਹੀਦਾਂ ਦੀਆਂ ਥਾਂ-ਥਾਂ ਤਸਵੀਰਾਂ ਕੌਮ ਵਿੱਚ ਆਈ ਤਬਦੀਲੀ ਦਾ ਅਗਾਜ਼ ਦੱਸ ਰਹੀਆਂ ਸਨ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਿੱਖਾਂ ਨਾਲ ਬੇ-ਇਨਸਾਫੀ ਦੀਆਂ ਗੱਲਾਂ ਕਰ ਰਹੇ ਸਨ। ਐਤਵਾਰ ਸਵੇਰੇ ਸਜੇ ਦੀਵਾਨ ਵਿਚ ਸਵੇਰੇ ਤੋਂ ਹੀ ਸੰਗਤਾਂ ਗੁਰੂ ਘਰ ਵਿਖੇ ਪਹੁੰਚ ਗਈਆਂ ਸਨ। ਕੀਰਤਨ ਉਪਰੰਤ ਪੰਥਕ ਬੁਲਾਰਿਆਂ ਨੇ ਖਾਲਸੇ ਦੇ ਜਨਮ ਦਿਹਾੜੇ ਨਾਲ ਸਬੰਧਿਤ ਆਪਣੇ ਵਿਚਾਰਾਂ ਦੁਆਰਾ ਸੰਗਤਾਂ ਨਾਲ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਜਸਵਿੰਦਰ ਸਿੰਘ ਨਿੱਝਰ ਨੇ ਸਾਰਿਆਂ ਹੀ ਬੁਲਾਰਿਆਂ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਦਾ ਸਮਾਂ ਦਿੱਤਾ, ਜਿਨ੍ਹਾਂ ਵਿਚ ਅਮਰੀਕਾ ਦੇ ਵੱਖ ਵੱਖ ਆਗੂ, ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਅਤੇ ਅਮਰੀਕਨ ਸਿਆਸਤਦਾਨ ਸ਼ਾਮਲ ਸਨ।

(ਦੇਖੋ ਸਫ਼ਾ 28-29 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

Punjabi International Services Inc
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ
ਸਿਟੀਜਨਸ਼ਿਪ
ਗਰੀਨਕਾਰਡ
Family Petition Immigration
Travel document
Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਇਲਨੋਇਸ 'ਚ ਸਿੱਖ ਜਾਗਰੂਕਤਾ ਤੇ ਪ੍ਰਸ਼ੰਸਾ ਵਜੋਂ ਮਨਾਇਆ ਜਾ ਰਿਹੈ ਅਪ੍ਰੈਲ ਮਹੀਨਾ



ਸ਼ਿਕਾਗੋ ਸਿਟੀ ਹਾਲ ਵਿਖੇ ਸਮਾਗਮ ਦੌਰਾਨ ਮੇਅਰ ਬ੍ਰੈਂਡਨ ਜੌਹਨਸਨ ਤੇ ਹੋਰ।

ਸਾਨ ਫਰਾਂਸਿਸਕੋ : ਇਲਨੋਇਸ ਵਿਚ ਹਰ ਸਾਲ ਅਪ੍ਰੈਲ ਦਾ ਮਹੀਨਾ ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨੇ ਵਜੋਂ ਮਨਾਇਆ ਜਾਂਦਾ ਹੈ, ਜੋ ਪੂਰੇ ਸੂਬੇ 'ਚ ਸਿੱਖ ਅਮਰੀਕੀਆਂ ਦੇ ਇਤਿਹਾਸ, ਪ੍ਰਾਪਤੀ, ਸੱਭਿਆਚਾਰ ਅਤੇ ਆਧੁਨਿਕ ਜੀਵਨ ਜਾਂਚ ਦੇ ਕਈ ਤਰੀਕਿਆਂ ਨੂੰ ਮਾਨਤਾ ਦੇਣ ਵਜੋਂ ਵੀ ਕਿਹਾ ਜਾ ਸਕਦਾ ਹੈ। ਦਰਅਸਲ, ਅਪ੍ਰੈਲ ਮਹੀਨੇ ਨੂੰ ਸਿੱਖ ਭਾਈਚਾਰੇ ਲਈ ਇਸ ਦੀ ਵੱਡੀ ਮਹੱਤਤਾ ਕਰਕੇ ਚੁਣਿਆ ਗਿਆ ਹੈ, ਕਿਉਂਕਿ ਇਸੇ ਮਹੀਨੇ 15 ਅਪ੍ਰੈਲ, 1469 ਨੂੰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ 14 ਅਪ੍ਰੈਲ, 1699 ਨੂੰ ਖ਼ਾਲਸੇ ਦੀ ਸਾਜਨਾ ਹੋਈ ਸੀ, ਜਦੋਂਕਿ ਵਿਸਾਖੀ ਤੇ ਪੰਜਾਬੀ ਸੱਭਿਆਚਾਰ ਪੱਖੋਂ ਕਣਕ ਦੀ ਵਾਢੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ। ਇਲੀਨੋਇਸ 'ਚ ਸਾਲ 2019 ਤੋਂ ਅਪ੍ਰੈਲ ਮਹੀਨੇ ਦੌਰਾਨ ਸਿੱਖ ਧਰਮ ਬਾਰੇ ਪੜ੍ਹਾਉਣ ਦੀਆਂ ਕਲਾਸਾਂ, ਸਿੱਖ ਪ੍ਰਦਰਸ਼ਨੀਆਂ, ਸਥਾਨਕ ਲਾਇਬ੍ਰੇਰੀਆਂ 'ਚ ਸੈਮੀਨਾਰ, ਯੂਨੀਵਰਸਿਟੀਆਂ 'ਚ ਲੈਕਚਰ, ਸਿੱਖ ਫਿਲਮ ਫੈਸਟੀਵਲ, ਸੱਭਿਆਚਾਰਕ ਪ੍ਰਦਰਸ਼ਨ ਅਤੇ ਪੰਜਾਬੀ ਭਾਸ਼ਾ ਦੇ ਕਾਵਿ-ਸੰਗ੍ਰਹਿ, ਸਿੱਖ ਸੱਭਿਆਚਾਰ ਕਲਾ ਮੁਕਾਬਲੇ, ਲੋੜਵੰਦ ਕਮਿਊਨਿਟੀ ਸੈਂਟਰਾਂ 'ਚ ਭੋਜਨ ਪ੍ਰਦਾਨ ਕਰਨ ਦੇ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ। ਸਥਾਨਕ ਹਾਈਵੇਅ 'ਤੇ ਬਿੱਲ ਬੋਰਡ ਪ੍ਰਦਰਸ਼ਿਤ ਕਰਨ ਦੇ ਨਾਲ ਸਥਾਨਕ ਪੁਲਿਸ ਨੂੰ ਵੀ ਸਿੱਖ ਸੰਵੇਦਨਸ਼ੀਲਤਾ ਸਿਖਲਾਈ ਪ੍ਰਦਾਨ ਕੀਤੀ ਜਾ ਰਹੀ ਹੈ। ਸ਼ਿਕਾਗੋ ਦੇ ਮੇਅਰ ਬ੍ਰੈਂਡਨ ਜੌਹਨਸਨ ਅਤੇ ਹਾਜ਼ਰ ਲੋਕਾਂ ਨੂੰ ਵਿਸ਼ਵ ਯੁੱਧਾਂ 'ਚ ਸਿੱਖਾਂ ਦਾ ਯੋਗਦਾਨ ਬਾਰੇ ਦੱਸਦਿਆਂ ਸਿੱਖ ਭਾਈਚਾਰੇ ਵਲੋਂ ਸਰਵਣ ਸਿੰਘ ਬੋਲੀਨਾ ਨੇ ਮੇਅਰ ਨੂੰ ਇਸ ਬਾਰੇ ਪੋਸਟਰ ਭੇਟ ਕੀਤਾ। ਇਸ ਮੌਕੇ ਉਘੇ ਸਿੱਖ ਚਿੰਤਕ ਰਾਜਿੰਦਰ ਬੀਰ ਸਿੰਘ ਮਾਗੋ ਨੇ ਕਿਹਾ ਕਿ ਮੁੱਖ ਧਾਰਾ 'ਚ ਸਾਡੇ ਸਿੱਖ ਭਾਈਚਾਰੇ ਬਾਰੇ ਜਾਗਰੂਕਤਾ ਪੈਦਾ ਕਰਨ ਨਾਲ ਵਿਤਕਰਾ, ਨਫ਼ਰਤ ਭਰੇ ਭਾਸ਼ਣ, ਸਕੂਲਾਂ 'ਚ ਧੱਕੇਸ਼ਾਹੀ ਅਤੇ ਧਾਰਮਿਕ ਸਥਾਨਾਂ ਵਿਰੁੱਧ ਨਫ਼ਰਤ ਭਰੇ ਅਪਰਾਧ ਘੱਟ ਜਾਂਦੇ ਹਨ, ਜੋ ਕਿ ਸਤੰਬਰ 2001 ਤੋਂ ਬਾਅਦ ਵੱਧ ਗਏ ਸਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

State of California
Benefits Identification Card
STATE OF CALIFORNIA BENEFITS IDENTIFICATION CARD

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਅਮਰੀਕਾ ਭਰ ’ਚ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਖ਼ਿਲਾਫ਼ ਸੜਕਾਂ ’ਤੇ ਉਤਰੇ ਲੋਕ

## ਰਾਸ਼ਟਰਪਤੀ ਦੀ ਹਰਮਨਪਿਆਰਤਾ ਦਾ ਗ੍ਰਾਫ਼ ਡਿੱਗਾ







ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਹਾਲੀਆ ਕਾਰਵਾਈਆਂ, ਜਿਸ ਨੂੰ ਦੇਸ਼ ਦੇ ਲੋਕਤੰਤਰੀ ਆਦਰਸ਼ਾਂ ਲਈ ਖ਼ਤਰੇ ਵਜੋਂ ਦੇਖਿਆ ਜਾ ਰਿਹਾ ਹੈ, ਖ਼ਿਲਾਫ਼ ਵਿਰੋਧ ਦਰਜ ਕਰਵਾਉਣ ਲਈ ਸਨਿਚਰਵਾਰ ਨੂੰ ਭਾਰੀ ਗਿਣਤੀ ’ਚ ਲੋਕ ਅਮਰੀਕਾ ਭਰ ’ਚ ਸੜਕਾਂ ’ਤੇ ਉਤਰੇ। ਟਰੰਪ ਪ੍ਰਸ਼ਾਸਨ ਖ਼ਿਲਾਫ਼ ਵਿਰੋਧ ਪ੍ਰਦਰਸ਼ਨਾਂ ਦੀ ਲੜੀ, ਜਿਸ ਨੂੰ ‘50 ਵਿਰੋਧ ਪ੍ਰਦਰਸ਼ਨ, 50 ਰਾਜ, 1 ਅੰਦੋਲਨ’ (50501) ਵਜੋਂ ਜਾਣਿਆ ਜਾਣ ਲੱਗਾ ਹੈ, ਅਮਰੀਕੀ ਇਨਕਲਾਬੀ ਯੁੱਧ ਦੀ ਸ਼ੁਰੂਆਤ ਦੀ 250ਵੀਂ ਵਰ੍ਹੇਗੰਢ ਦੇ ਨਾਲ ਮੇਲ ਖਾਂਦੇ ਸਨ। ਪ੍ਰਦਰਸ਼ਨਕਾਰੀਆਂ ਵਲੋਂ ਵਾਈਟ ਹਾਊਸ, ਟੇਸਲਾ ਡੀਲਰਸ਼ਿਪਾਂ ਦੇ ਬਾਹਰ ਅਤੇ ਅਮਰੀਕਾ ਭਰ ’ਚ ਸ਼ਹਿਰਾਂ ਦੇ ਕੇਂਦਰਾਂ ’ਚ ਰੋਸ ਮੁਜ਼ਾਹਰੇ ਕੀਤੇ ਗਏ, ਜਿਸ ਦੌਰਾਨ ਕਿਲਮਾਰ ਅਬਰੇਗੋ ਗਾਰਸੀਆ ਦੀ ਵਾਪਸੀ ਦੀ ਮੰਗ ਵੀ ਕੀਤੀ ਗਈ, ਜਿਸ ਨੂੰ ਗਲਤੀ ਨਾਲ ਅਲ ਸੈਲਵਾਡੋਰ ਭੇਜ ਦਿੱਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਟਰੰਪ ਨੇ ਅਮਰੀਕਾ ਨੂੰ ਇਕ ‘ਪੁਲਿਸ ਰਾਜ’ ਬਣਾ ਰਿਹਾ ਹੈ, ਜੋ ਅਦਾਲਤਾਂ ਦੀ ਉਲੰਘਣਾ ਕਰ ਰਿਹਾ ਹੈ, ਵਿਦਿਆਰਥੀਆਂ ਨੂੰ ਅਗਵਾ ਕਰਵਾ ਰਿਹਾ ਹੈ ਅਤੇ ਸੰਵਿਧਾਨਕ ਤੌਰ ’ਤੇ ਸੁਰੱਖਿਅਤ ਕੀਤੇ ਗਏ ਅਧਿਕਾਰਾਂ ਨੂੰ ਖ਼ਤਮ ਕਰ ਰਿਹਾ ਹੈ। ਪ੍ਰਦਰਸ਼ਨਕਾਰੀਆਂ ਨੇ ‘ਨੋ ਕਿੰਗਜ਼’ ਲਿਖੀਆਂ ਹੋਈਆਂ ਤਖ਼ਤੀਆਂ ਚੁੱਕੀਆਂ ਹੋਈਆਂ ਸਨ, ਜੋ ਕਿ ਅੰਗਰੇਜ਼ੀ ਸ਼ਾਸਨ ਵਿਰੁੱਧ ਦੇਸ਼ ਦੀ ਕ੍ਰਾਂਤੀ ਦੀ ਵਰ੍ਹੇਗੰਢ ਦਾ ਸੰਕੇਤ ਸੀ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਅਮਰੀਕਾ ’ਚ ਆਜ਼ਾਦੀ ਲਈ ਇਹ ਬਹੁਤ ਖ਼ਤਰਨਾਕ ਸਮਾਂ ਹੈ। ਦੂਜੇ ਪਾਸੇ, ਤਾਜ਼ਾ ਸਰਵੇਖਣ ਦੱਸ ਰਹੇ ਹਨ ਕਿ ਟਰੰਪ ਦੀ ਪ੍ਰਸਿੱਧੀ ਦਿਨੋ-ਦਿਨ ਡਿੱਗ ਰਹੀ ਹੈ। ਤਾਜ਼ਾ ਸਰਵੇਖਣ ਤੋਂ ਪਤਾ ਚੱਲਦਾ ਹੈ ਕਿ 45 ਫ਼ੀਸਦੀ ਵੋਟਰ ਟਰੰਪ ਦੇ ਕਾਰਜਕਾਲ ਦੀ ਪਹਿਲੀ ਤਿਮਾਹੀ ’ਚ ਉਨ੍ਹਾਂ ਦੇ ਨਾਲ ਹਨ, ਜੋ ਕਿ ਉਨ੍ਹਾਂ ਦੇ ਪਹਿਲੇ ਪ੍ਰਸ਼ਾਸਨ ’ਚ ਇਸੇ ਸਮੇਂ ਦੌਰਾਨ 41 ਫ਼ੀਸਦੀ ਵੋਟਰਾਂ ਦੁਆਰਾ ਮਨਜ਼ੂਰੀ ਦੇਣ ਤੋਂ ਵੱਧ ਹੈ। ਫਿਰ ਇਹ ਵੀ ਕਿ 1952 ਅਤੇ 2020 ਦੇ ਵਿਚਕਾਰ ਚੁਣੇ ਗਏ ਸਾਰੇ ਰਾਸ਼ਟਰਪਤੀਆਂ ਲਈ ਔਸਤ ਪਹਿਲੀ ਤਿਮਾਹੀ ਰੇਟਿੰਗ 60 ਫ਼ੀਸਦੀ ਤੋਂ ਘੱਟ ਹੈ, ਜੋ ਦਿਖਾਉਂਦੀ ਹੈ ਕਿ ਟਰੰਪ ਦੀ ਪ੍ਰਸਿੱਧੀ ਘੱਟਦੀ ਜਾਪਦੀ ਹੈ, ਖਾਸ ਕਰਕੇ ਜਦੋਂ ਅਰਥਵਿਵਸਥਾ ਦੀ ਗੱਲ ਆਉਂਦੀ ਹੈ। ਟਰੰਪ ਨੇ ਜਨਵਰੀ ’ਚ ਅਹੁਦਾ ਸੰਭਾਲਿਆ ਸੀ ਤਾਂ ਉਸ ਦੀ ਪ੍ਰਵਾਨਗੀ ਰੇਟਿੰਗ 47 ਫ਼ੀਸਦੀ ਸੀ। ਹਾਲ ਹੀ ’ਚ ਇਕ ਸਰਵੇਖਣ ’ਚ ਦਾਅਵਾ ਕੀਤਾ ਗਿਆ ਹੈ ਕਿ ਉਸ ਦੀ ਪ੍ਰਵਾਨਗੀ ਰੇਟਿੰਗ ਟੈਰਿਫ ਦੇ ਐਲਾਨ ਕਰਨ ਵਾਲੇ ਦਿਨ 47 ਫ਼ੀਸਦੀ ਤੋਂ ਘੱਟ ਕੇ 43 ਫ਼ੀਸਦੀ ਹੋ ਗਈ ਸੀ। ਇਸੇ ਸਰਵੇਖਣ ’ਚ ਸਿਰਫ 37 ਫ਼ੀਸਦੀ ਲੋਕਾਂ ਨੇ ਅਰਥਵਿਵਸਥਾ ’ਤੇ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਮਨਜ਼ੂਰੀ ਦਿੱਤੀ ਹੈ, ਜਦੋਂਕਿ ਅਹੁਦਾ ਸੰਭਾਲਣ ਮੌਕੇ ਇਹ 42 ਫ਼ੀਸਦੀ ਸੀ।






















# ਯੂ. ਐਸ ਇੰਮੀਗ੍ਰੇਸ਼ਨ ਐਂਡ ਕਸਟਮ ਇਨਫੋਰਮੈਂਸਟ ਨੇ ਧੋਖਾਧੜੀ ਨਾਲ ਅਮਰੀਕੀ ਨਾਗਰਿਕ ਬਣਨ ਵਾਲੇ ਭਾਰਤੀ ਨੂੰ ਕੀਤਾ ਗ੍ਰਿਫ਼ਤਾਰ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਇਕ 45 ਸਾਲਾ ਭਾਰਤੀ ਮੂਲ ਦੇ ਗੁਰਪ੍ਰੀਤ ਸਿੰਘ ਨੂੰ ਜੋ ਅਮਰੀਕਾ ਵਿੱਚ ਰਹਿ ਰਿਹਾ ਸੀ ਭਾਵੇਂ ਉਸ ਦੀ ਨਾਗਰਿਕਤਾ ਰੱਦ ਕਰ ਦਿੱਤੀ ਗਈ ਸੀ ਅਤੇ ਹੁਣ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜਦੋਂ ਉਸਦੀ ਨਾਗਰਿਕਤਾ ਰੱਦ ਕੀਤੀ ਗਈ ਸੀ ਤਾਂ ਉਹ ਨਿਊਯਾਰਕ ਵਿੱਚ ਰਹਿ ਰਿਹਾ ਸੀ ਅਤੇ ਇਸ ਮਾਮਲੇ ਵਿੱਚ ਉਸ ਨੂੰ ਅਦਾਲਤ ਨੇ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ, ਅਤੇ ਅਦਾਲਤ ਨੇ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਉਸ ਨੂੰ ਤਿੰਨ ਸਾਲਾਂ ਲਈ ਉਸ ਦੀ ਨਿਗਰਾਨੀ ਕਰਨ ਦਾ ਵੀ ਹੁਕਮ ਜਾਰੀ ਕੀਤਾ ਹੈ। ਧੋਖਾਧੜੀ ਰਾਹੀਂ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਇਸ ਪੰਜਾਬੀ ਵਿਅਕਤੀ ਗੁਰਪ੍ਰੀਤ ਸਿੰਘ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਗੁਰਪ੍ਰੀਤ ਨੇ ਆਪਣੀ ਨੈਚੁਰਲਾਈਜ਼ੇਸ਼ਨ ਪ੍ਰਕਿਰਿਆ ਦੌਰਾਨ ਕਿਹਾ ਕਿ ਉਸ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਪਰ ਉਸ 'ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਅਤੇ ਬੱਚਿਆਂ ਦੇ ਨਾਲ ਛੇੜਛਾੜ ਕਰਨ ਦੇ ਵੀ ਦੋਸ਼ ਹੀ ਲੱਗੇ ਹਨ। ਜਿਸ ਕਾਰਨ ਉਸ ਦੀ ਨਾਗਰਿਕਤਾ ਵੀ ਰੱਦ ਕਰ ਦਿੱਤੀ ਗਈ ਹੈ। ਇੱਥੇ ਦੱਸਣਯੋਗ ਹੈ ਕਿ ਸੰਨ 2017 ਦੇ ਇਸ ਅਦਾਲਤੀ ਫੈਸਲੇ ਬਾਰੇ, ਨਿਆਂ ਵਿਭਾਗ ਨੇ ਕਿਹਾ ਕਿ ਜੇਕਰ ਗੁਰਪ੍ਰੀਤ ਸਿੰਘ ਨੇ ਆਪਣੇ ਵਿਰੁੱਧ ਕੇਸ ਦੇ ਵੇਰਵੇ ਦਿੱਤੇ ਹੁੰਦੇ, ਤਾਂ ਉਹ ਨਾਗਰਿਕਤਾ ਪ੍ਰਾਪਤ ਕਰਨ ਦੇ ਯੋਗ ਨਹੀਂ ਹੁੰਦਾ ਅਤੇ ਇਸ ਲਈ ਉਸ ਨੇ ਇਹ ਵੇਰਵੇ ਵਿਭਾਗ ਤੋਂ ਲੁਕਾਏ ਸਨ। ਨਾਗਰਿਕ ਬਣਨ ਤੋਂ ਬਾਅਦ, ਉਸ ਦਾ ਰਿਕਾਰਡ ਫੋਲਣ ਤੇ ਉਸ ਤੇ ਬੱਚਿਆਂ ਦੇ ਨਾਲ ਛੇੜਛਾੜ ਦੇ ਇੱਕ ਮਾਮਲੇ ਵਿੱਚ ਉਸ ਨੇ ਆਪਣਾ ਦੋਸ਼ ਕਬੂਲ ਵੀ ਕਰ ਲਿਆ। ਪਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਅਪ੍ਰੈਲ 2012 ਵਿੱਚ ਗੁਰਪ੍ਰੀਤ ਸਿੰਘ ਨੇ ਨਾਗਰਿਕ ਬਣਨ ਤੋਂ ਅਗਲੇ ਹੀ ਦਿਨ, ਉਸ ਨੂੰ ਸਥਾਨਕ ਪੁਲਿਸ ਨੇ ਅਪਰਾਧ ਕਬੂਲ ਕਰਨ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਦੀ ਪੁਲਿਸ ਨੂੰ ਜਾਣਕਾਰੀ ਪ੍ਰਾਪਤ ਹੋਈ ਸੀ ਅਤੇ ਫਿਰ ਉਸ ਦੇ ਖਿਲਾਫ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ ਅਤੇ ਉਸ ਦੀ ਨਾਗਰਿਕਤਾ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਪਰ ਸੰਯੁਕਤ ਰਾਜ ਅਮਰੀਕਾ ਵਿੱਚ ਇਹ ਗੰਭੀਰ ਅਪਰਾਧ ਦੇ ਦੋਸ਼ੀ ਠਹਿਰਾਏ ਗਏ ਜਾਂ ਆਪਣੇ ਅਪਰਾਧ ਦਾ ਇਕਬਾਲ ਕਰਨ ਵਾਲੇ ਨੈਚੁਰਲਾਈਜ਼ਡ ਨਾਗਰਿਕਾਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ, ਖਾਸ ਕਰਕੇ ਜੇਕਰ ਉਨ੍ਹਾਂ ਨੇ ਨੈਚੁਰਲਾਈਜ਼ੇਸ਼ਨ ਪ੍ਰਕਿਰਿਆ ਤੋਂ ਪਹਿਲਾਂ ਅਪਰਾਧ ਕੀਤਾ ਹੋਵੇ।



# ਅਮਰੀਕਾ 'ਚ 1000 ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ

## ਟਰੰਪ ਪ੍ਰਸ਼ਾਸਨ ਖ਼ਿਲਾਫ਼ ਅਦਾਲਤ ਪੁੱਜੇ ਕਈ ਵਿਦਿਆਰਥੀ




ਵਾਸ਼ਿੰਗਟਨ : ਅਮਰੀਕਾ ਵਿਚ ਹਾਲ ਹੀ ਦੇ ਹਫ਼ਤਿਆਂ 'ਚ 1000 ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਜਾਂ ਕਾਨੂੰਨੀ ਦਰਜੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਫੈਸਲੇ ਤੋਂ ਬਾਅਦ ਕਈ ਵਿਦਿਆਰਥੀਆਂ ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਮੁਕੱਦਮੇ ਦਾਇਰ ਕਰ ਦਿੱਤੇ ਹਨ। ਜਾਣਕਾਰੀ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੀਂ ਨੀਤੀ ਤਹਿਤ ਟਰੰਪ ਪ੍ਰਸ਼ਾਸਨ ਨੇ ਪਿਛਲੇ ਕੁਝ ਹਫ਼ਤਿਆਂ 'ਚ 1 ਹਜ਼ਾਰ ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਟਰੰਪ ਦੇ ਇਸ ਫੈਸਲੇ ਨੇ ਇਨ੍ਹਾਂ ਵਿਦਿਆਰਥੀਆਂ ਲਈ ਹਿਰਾਸਤ ਤੇ ਦੇਸ਼ ਨਿਕਾਲੇ ਦਾ ਜ਼ੋਖ਼ਮ ਵਧਾ ਦਿੱਤਾ ਹੈ। ਰਿਪੋਰਟਾਂ ਅਨੁਸਾਰ 160 ਕਾਲਜਾਂ ਤੇ ਯੂਨੀਵਰਸਿਟੀਆਂ ਦੇ ਘੱਟੋ-ਘੱਟ 1024 ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ ਜਾਂ ਵਿਦਿਆਰਥੀਆਂ ਦੀ ਕਾਨੂੰਨੀ ਮਾਨਤਾ ਖ਼ਤਮ ਕਰ ਦਿੱਤੀ ਗਈ ਹੈ। ਇਸ ਫੈਸਲੇ ਨੇ ਉਨ੍ਹਾਂ ਵਿਦਿਆਰਥੀਆਂ ਲਈ ਮੁਸੀਬਤ ਵਧਾ ਦਿੱਤੀ ਹੈ, ਜੋ ਪਹਿਲਾਂ ਹੀ ਅਮਰੀਕਾ 'ਚ ਪੜ੍ਹ ਰਹੇ ਸਨ। ਬਹੁਤ ਸਾਰੇ ਵਿਦਿਆਰਥੀਆਂ ਨੇ ਹੋਮਲੈਂਡ ਸਕਿਓਰਿਟੀ ਵਿਭਾਗ ਵਿਰੁੱਧ ਮੁਕੱਦਮੇ ਦਾਇਰ ਕੀਤੇ ਹਨ, ਜਿਸ 'ਚ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਹੀ ਪ੍ਰਕਿਰਿਆ ਤੋਂ ਵਾਂਝਾ ਰੱਖਿਆ ਗਿਆ ਤੇ ਉਨ੍ਹਾਂ ਦੇ ਵੀਜ਼ੇ ਰੱਦ ਕਰਨ ਦਾ ਕੋਈ ਕਾਰਨ ਨਹੀਂ। ਕੁਝ ਵਿਦਿਆਰਥੀਆਂ ਦਾ ਦਾਅਵਾ ਹੈ ਕਿ ਪ੍ਰਸ਼ਾਸਨ ਨੇ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਉਨ੍ਹਾਂ ਦਾ ਦਰਜਾ ਰੱਦ ਦਿੱਤਾ ਹੈ। ਇਹ ਕਾਰਵਾਈਆਂ ਹਾਰਵਰਡ, ਸਟੈਨਫੋਰਡ, ਮੈਰੀਲੈਂਡ ਯੂਨੀਵਰਸਿਟੀ ਤੇ ਓਹਾਇਓ ਸਟੇਟ ਯੂਨੀਵਰਸਿਟੀ ਵਰਗੇ ਵੱਡੇ ਅਦਾਰਿਆਂ 'ਚ ਹੋਈਆਂ ਹਨ। ਯੂਨੀਵਰਸਿਟੀ ਦੇ ਬਿਆਨਾਂ, ਸਕੂਲ ਅਧਿਕਾਰੀਆਂ ਨਾਲ ਪੱਤਰ ਵਿਹਾਰ ਤੇ ਅਦਾਲਤੀ ਰਿਕਾਰਡਾਂ ਦੀ ਐਸੋਸੀਏਟਿਡ ਪ੍ਰੈਸ ਸਮੀਖਿਆ ਅਨੁਸਾਰ ਮਾਰਚ ਦੇ ਅਖੀਰ ਤੋਂ 160 ਕਾਲਜਾਂ, ਯੂਨੀਵਰਸਿਟੀਆਂ ਤੇ ਯੂਨੀਵਰਸਿਟੀ ਪ੍ਰਣਾਲੀਆਂ ਦੇ ਘੱਟੋ-ਘੱਟ 1024 ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ ਜਾਂ ਉਨ੍ਹਾਂ ਦੀ ਕਾਨੂੰਨੀ ਮਾਨਤਾ ਖ਼ਤਮ ਕਰ ਦਿੱਤੀ ਗਈ ਹੈ। ਹੋਮਲੈਂਡ ਸਿਕਿਓਰਿਟੀ ਵਿਭਾਗ ਖ਼ਿਲਾਫ਼ ਮੁਕੱਦਮਿਆਂ 'ਚ ਵਿਦਿਆਰਥੀਆਂ ਨੇ ਦਲੀਲ ਦਿੱਤੀ ਹੈ ਕਿ ਸਰਕਾਰ ਕੋਲ ਉਨ੍ਹਾਂ ਦਾ ਵੀਜ਼ਾ ਰੱਦ ਕਰਨ ਜਾਂ ਉਨ੍ਹਾਂ ਦੀ ਕਾਨੂੰਨੀ ਮਾਨਤਾ ਖ਼ਤਮ ਕਰਨ ਲਈ ਤਰਕ ਦੀ ਘਾਟ ਹੈ। ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਕਿਉਂ ਰੱਦ ਕਰ ਰਹੀ ਹੈ?

# ਕਰੰਦਰਜ਼ ਦੇ ਵਿਸਾਖੀ ਮੇਲੇ 'ਤੇ ਧਾਰਮਿਕ ਸਮਾਗਮ ਅਤੇ ਸੱਭਿਆਚਾਰਕ ਪ੍ਰੋਗਰਾਮ ਹੋਏ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰੰਦਰਜ਼ ਦੇ ਗੁਰਦਵਾਰਾ ਪੈਸੇਫਿੱਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਸੰਗੀ ਕਿੰਗ ਵਜੋਂ ਜਾਣੇ ਜਾਂਦੇ ਸ. ਚਰਨਜੀਤ ਸਿੰਘ ਬਾਠ ਨੇ ਆਪਣੇ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਸਲਾਨਾ ਵਿਸਾਖੀ ਮੇਲਾ ਬੜੀ ਧੂੰਮ-ਧਾਮ ਨਾਲ ਮਨਾਇਆ। ਮੇਲੇ ਵਿੱਚ ਲਾਲ, ਨੀਲੀਆਂ, ਕੇਸਰੀ ਦਸਤਾਰਾਂ ਅਤੇ ਦੁਪੱਟੇ ਖਾਲਸਾਈ ਜਾਹੋ ਜਲਾਲ ਵਿੱਚ ਰੰਗੇ ਕਿੱਸੇ ਪੰਜਾਬ ਦੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੇ ਸਨ। ਇਸ ਮੌਕੇ ਗੁਰੂਘਰ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਗੁਰਮਤਿ ਦੀਵਾਨ ਸਜਾਏ ਗਏ। ਜਿੱਥੇ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਅਤੇ ਹੋਰ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੋੜਿਆ। ਇਸ ਸਮੇਂ ਦਰਬਾਰ ਸਾਹਿਬ ਵਿੱਚ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਭਾਰੀ ਇਕੱਠ ਸਾਰਾ ਦਿਨ ਜੁੜਿਆ ਰਿਹਾ। ਇਸ ਮੌਕੇ ਫਰਿਜ਼ਨੋ ਕਾਉਂਟੀ ਦੇ ਸ਼ੈਰਫ ਡਿਪਾਰਟਮੈਂਟ ਦੇ ਮੁੱਖੀ ਮਿਸਟਰ ਜੌਨ ਜਾਨੋਨੀ ਅਤੇ ਸਾਬਕਾ ਸ਼ੈਰਫ ਮੁੱਖੀ ਮਾਰਗਰੇਟ ਮਿੰਮ ਨੂੰ ਵੀ ਚਰਨਜੀਤ ਸਿੰਘ ਬਾਠ ਅਤੇ ਮੇਲੇ ਦੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਹਾਜ਼ਰ ਸੰਗਤਾਂ ਨੇ ਸੁਆਦਿਸ਼ਟ ਲੰਗਰਾਂ ਦਾ ਵੀ ਭਰਪੂਰ ਅਨੰਦ ਮਾਣਿਆ।

ਗੁਰਦਵਾਰਾ ਸਹਿਬ ਦੀਆਂ ਗਰਾਉਂਡਾਂ ਵਿੱਚ ਝੂਲੇ, ਚੰਡੋਲ ਅਤੇ ਹੋਰ ਰਾਈਡਾਂ ਬੱਚਿਆਂ ਲਈ ਖਾਸ ਅਕਰਸ਼ਕ ਰਹੀਆਂ। ਪ੍ਰਬੰਧਾਂ ਵੱਲੋਂ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਵੀ ਕਰਵਾਈਆਂ ਗਈਆ। ਬਾਸਕਟਵਾਲ ਅਤੇ ਵਾਲੀਬਾਲ ਦੇ ਮੈਚ ਵੀ ਹੋਏ। ਰੱਸਾਕਸ਼ੀ ਦੇ ਜੌਹਰ ਵੇਖਣ ਨੂੰ ਮਿਲੇ। ਇਸ ਮੌਕੇ

## ਮੇਲੇ 'ਤੇ ਚਮਕਿਆ ਪੰਜਾਬੀਅਤ ਦਾ ਰੰਗ

ਸੱਭਿਆਚਾਰ ਸਟੇਜ ਦਾ ਅਗਾਜ਼ ਪੰਜਾਬੀ ਸਟੇਜਾਂ ਦੀ ਮਲਕਾ ਅਤੇ ਸਟੇਜ਼ ਸੰਚਾਲਕ ਬੀਬੀ ਆਸ਼ਾ ਸ਼ਰਮਾ ਨੇ ਸਭ ਨੂੰ ਜੀ ਆਇਆਂ ਕਹਿਣ ਨਾਲ ਕੀਤਾ। ਇਸ ਸਮੇਂ ਸ਼ੁਰੂਆਤ ਵਿੱਚ ਬੋਲਦੇ ਹੋਏ ਭਾਈ ਪਰਮਪਾਲ ਸਿੰਘ ਵੀ ਸਿੱਖ ਸਿਧਾਂਤਾਂ ਦੀ ਗੱਲ ਕੀਤੀ। ਇਸ ਉਪਰੰਤ ਹੋਈ ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ।

ਇਸ ਸਮੇਂ ਗਾਇਕੀ ਦੇ ਅਖਾੜੇ ਵਿੱਚ ਬੀਬਾ ਦਿਲਪ੍ਰੀਤ ਕੌਰ ਅਤੇ ਪੱਪੀ ਭਦੌੜ ਦੀ ਜੋੜੀ ਨੇ ਖੂਬ ਰੰਗ ਬੰਨਿਆਂ। ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀਂ, ਕਰੰਦਰਜ਼ ਦੇ ਬੱਚਿਆਂ ਦੀ ਟੀਮ ਅਤੇ ਹੋਰ ਬਹੁਤ ਸਾਰੀਆਂ ਵੱਖ-ਵੱਖ ਟੀਮਾਂ ਨੇ ਗਿੱਧੇ ਅਤੇ ਭੰਗੜੇ ਦੀਆਂ ਖੂਬ ਰੌਣਕਾਂ ਲਾ ਹਾਜ਼ਰੀਨ ਨੂੰ ਪੰਜਾਬ ਯਾਦ ਕਰਵਾ ਦਿੱਤਾ। ਇਸ ਵਿਸਾਖੀ ਮੇਲੇ ਦੌਰਾਨ ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਵੱਲੋਂ ਸੰਗਤਾਂ ਲਈ ਦਸਤਾਰਾਂ ਬੰਨਣ ਦਾ ਲੰਗਰ (ਸਟਾਲ) ਵੀ ਲਾਇਆ ਹੋਇਆ ਸੀ। ਇਸੇ ਤਰ੍ਹਾਂ ਮੇਲੇ ਵਿੱਚ ਬਹੁਤ ਸਾਰੇ ਵਿਉਪਾਰਕ ਅਦਾਰਿਆਂ ਦੁਆਰਾ ਆਪਣੇ ਜਾਣਕਾਰੀ ਮੁਹੱਈਆਂ ਕਰਦੇ ਬੂਥ ਵੀ ਲਾਏ ਹੋਏ ਸਨ। ਜਦ ਕਿ ਇਸ ਤੋਂ ਇਲਾਵਾ ਕਈ ਗਰੁੱਪਾਂ ਵੱਲੋਂ ਮੇਲੇ ਵਿੱਚ ਆਏ ਮੇਲੀਆਂ ਲਈ ਪਾਣੀ, ਜੂਸ, ਸ਼ੋਡੇ ਅਤੇ ਆਈਸਕ੍ਰੀਮ ਆਦਿਕ ਦੇ ਫਰੀ ਲੰਗਰ ਵੀ ਲਾਏ ਹੋਏ ਸਨ।

ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਬਾਖੂਬੀ ਵਿਸਾਖੀ ਦੇ ਇਤਿਹਾਸ ਦਾ ਜ਼ਿਕਰ ਕਰਦੇ ਹੋਏ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਮੇਲੇ ਵਿੱਚ ਲੱਗੇ ਹੋਏ ਸਟਾਲਾਂ ਤੋਂ ਲੋਕ ਵੱਖੋ ਵੱਖ ਜਾਣਕਾਰੀ ਲੈ ਰਹੇ ਸਨ। ਦਸਤਾਰਾਂ ਸਜਾਉਣ ਦਾ ਬੂਥ ਵੀ ਨੌਜਵਾਨਾਂ ਲਈ ਖਿੱਚ ਦਾ ਕੇਂਦਰ ਰਿਹਾ। ਜਦਕਿ ਕੱਪੜਿਆਂ ਅਤੇ ਹੋਰ ਵਸਤਾਂ ਦੇ ਸਟਾਲ ਵੀ ਖਰੀਦ ਕਰਨ ਵਾਲਿਆਂ ਲਈ ਭਰੇ ਰਹੇ।

ਅੰਤ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ ਖਾਲਸਾਈ ਜਾਹੋ ਜਲਾਲ ਵਿੱਚ ਵਿਸਾਖੀ ਮੇਲਾ ਯਾਦਗਾਰੀ ਹੋ ਨਿੱਬੜਿਆ। ਮੇਲੇ ਵਿੱਚ 'ਧਾਲੀਆਂ ਐਂਡ ਮਾਛੀਕੇ ਮੀਡੀਆ ਅਮਰੀਕਾ' ਨੇ ਹਮੇਸ਼ਾ ਦੀ ਤਰ੍ਹਾਂ ਆਪਣੀਆਂ ਸੇਵਾਵਾ ਨਿਭਾਈਆਂ। ਮੁੱਖ ਪ੍ਰਬੰਧਕ ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਨੇ ਸਮੂੰਹ ਸਿੱਖ ਜਗਤ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ। ਆਪਣੀਆ ਅਮਿੱਟ ਯਾਦਾਂ ਛੱਡਦਾ ਹੋਇਆ ਇਸ ਸਾਲ ਦਾ ਵਿਸਾਖੀ ਮੇਲਾ ਯਾਦਗਾਰੀ ਹੋ ਨਿਬੜਿਆ।

# ਹਾਰਵਰਡ ਯੂਨੀਵਰਸਿਟੀ ਵਲੋਂ ਟਰੰਪ ਪ੍ਰਸ਼ਾਸਨ 'ਤੇ ਮੁਕੱਦਮਾ

ਬੋਸਟਨ : ਬੋਸਟਨ ਦੀ ਸੰਘੀ ਅਦਾਲਤ ਵਿਚ ਟਰੰਪ ਪ੍ਰਸ਼ਾਸਨ ਵਿਰੁੱਧ ਇੱਕ ਮੁਕੱਦਮਾ ਦਾਇਰ ਕੀਤਾ ਗਿਆ ਹੈ, ਜਿਸ ਵਿਚ 2.2 ਬਿਲੀਅਨ ਡਾਲਰ ਤੋਂ ਵੱਧ ਦੀਆਂ ਗ੍ਰਾਂਟਾਂ 'ਤੇ ਪਾਬੰਦੀ ਹਟਾਉਣ ਦੀ ਮੰਗ ਕੀਤੀ ਗਈ ਹੈ। ਇਹ ਕਦਮ ਹਾਰਵਰਡ ਯੂਨੀਵਰਸਿਟੀ ਵਲੋਂ ਪ੍ਰਸ਼ਾਸਨ ਦੀਆਂ ਮੰਗਾਂ ਮੰਨਣ ਤੋਂ ਇਨਕਾਰ ਕਰਨ ਤੋਂ ਬਾਅਦ ਆਇਆ, ਜਿਸ ਵਿਚ ਕੈਂਪਸ ਵਿਚ ਵਿਰੋਧ ਪ੍ਰਦਰਸ਼ਨਾਂ ਨੂੰ ਸੀਮਤ ਕਰਨਾ ਤੇ ਸ਼ਾਸਨ, ਭਰਤੀ ਤੇ ਦਾਖ਼ਲਾ ਨੀਤੀਆਂ ਵਿਚ ਬਦਲਾਅ ਕਰਨਾ ਸ਼ਾਮਿਲ ਸੀ। ਹਾਰਵਰਡ ਨੇ ਇਸ ਫੰਡਿੰਗ ਫਰੀਜ਼ ਨੂੰ 'ਮਨਮਾਨੇ, ਗੈਰ-ਸੰਵਿਧਾਨਕ ਤੇ ਪਹਿਲੇ ਸੋਧ ਦੀ ਉਲੰਘਣਾ' ਕਿਹਾ ਹੈ। ਪਿਛਲੇ ਹਫ਼ਤੇ, 11 ਅਪ੍ਰੈਲ ਨੂੰ ਟਰੰਪ ਪ੍ਰਸ਼ਾਸਨ ਨੇ ਹਾਰਵਰਡ ਨੂੰ ਇੱਕ ਪੱਤਰ ਭੇਜਿਆ, ਜਿਸ ਵਿਚ ਕੈਂਪਸ ਗਵਰਨੈਂਸ ਵਿਚ ਬਦਲਾਅ, ਭਰਤੀ ਤੇ



ਦਾਖ਼ਲਾ ਨੀਤੀਆਂ ਵਿਚ ਸੁਧਾਰ, ਵਿਭਿੰਨਤਾ ਦੇ ਵਿਚਾਰਾਂ ਦਾ ਆਡਿਟ ਤੇ ਕੁਝ ਵਿਦਿਆਰਥੀ ਕਲੱਬਾਂ ਦੀ ਮਾਨਤਾ ਬੰਦ ਕਰਨਾ ਕਿਹਾ ਗਿਆ ਸੀ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਹਾਰਵਰਡ ਪਿਛਲੇ ਸਾਲ ਇਜ਼ਰਾਈਲ-ਗਾਜ਼ਾ ਯੁੱਧ ਵਿਰੁੱਧ ਕੈਂਪਸ ਵਿਰੋਧ ਪ੍ਰਦਰਸ਼ਨਾਂ ਦੌਰਾਨ ਯਹੂਦੀ ਵਿਰੋਧੀ ਭਾਵਨਾ ਨੂੰ ਕਾਬੂ ਕਰਨ ਵਿਚ ਅਸਫਲ ਰਿਹਾ। ਹਾਰਵਰਡ ਦੇ ਪ੍ਰਧਾਨ ਐਲਨ ਗਾਰਬਰ ਨੇ ਇਨ੍ਹਾਂ ਮੰਗਾਂ ਨੂੰ ਰੱਦ ਕਰਦੇ ਹੋਏ ਕਿਹਾ, 'ਕੋਈ ਵੀ ਸਰਕਾਰ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਇਹ ਨਹੀਂ ਕਹਿ ਸਕਦੀ ਕਿ ਕੀ ਪੜ੍ਹਾਉਣਾ ਹੈ, ਕਿਸਨੂੰ ਦਾਖਲਾ ਦੇਣਾ ਹੈ, ਜਾਂ ਕਿਸ ਨੂੰ ਨੌਕਰੀ 'ਤੇ ਰੱਖਣਾ ਹੈ।' ਕੁਝ ਘੰਟਿਆਂ ਬਾਅਦ ਹੀ, ਪ੍ਰਸ਼ਾਸਨ ਨੇ 2.2 ਅਰਬ ਡਾਲਰ ਦੀਆਂ ਗ੍ਰਾਂਟਾਂ ਤੇ 60 ਮਿਲੀਅਨ ਡਾਲਰ ਦੇ ਇਕਰਾਰਨਾਮੇ 'ਤੇ ਰੋਕ ਲਗਾ ਦਿੱਤੀ। ਹਾਰਵਰਡ ਨੇ ਆਪਣੇ ਮੁਕੱਦਮੇ 'ਚ ਦਲੀਲ ਦਿੱਤੀ ਕਿ ਫੰਡਿੰਗ ਰੋਕਣ ਦਾ ਪ੍ਰਸ਼ਾਸਨ ਦਾ ਫੈਸਲਾ ਮਨਮਾਨੀ ਹੈ ਤੇ ਨਾਗਰਿਕ ਅਧਿਕਾਰ ਕਾਨੂੰਨ ਦੀ ਉਲੰਘਣਾ ਹੈ।

### ਅਮਰੀਕਾ 'ਚ ਸਿੱਖਾਂ ਦਾ ਵਧਿਆ ਮਾਣ

# ਸ੍ਰ. ਮਨੋਹਰ ਸਿੰਘ ਵਿਸਕਾਨਸਿਨ ਦੀ ਯੂਨੀਵਰਸਿਟੀ ਦੇ ਚਾਂਸਲਰ ਨਿਯੁਕਤ

ਮੈਡੀਸਨ : ਪੰਜਾਬੀ ਮੂਲ ਦੇ ਸ੍ਰ. ਮਨੋਹਰ ਸਿੰਘ ਨੂੰ ਵਿਸਕਾਨਸਿਨ-ਓਸ਼ਕੋਸ਼ ਯੂਨੀਵਰਸਿਟੀ ਦਾ ਅਗਲਾ ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਉਹ ਇਸ ਦੇ 12ਵੇਂ ਆਗੂ ਹੋਣਗੇ। ਵਿਸਕਾਨਸਿਨ ਬੋਰਡ ਆਫ਼ ਰੀਜੈਂਟਸ ਯੂਨੀਵਰਸਿਟੀਆਂ ਨੇ ਚੋਣ ਕਮੇਟੀ ਦੀ ਸਿਫਾਰਸ਼ ਤੋਂ ਬਾਅਦ ਸਰਬਸੰਮਤੀ ਨਾਲ ਸ੍ਰ. ਮਨੋਹਰ ਸਿੰਘ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ। ਸ੍ਰ. ਮਨੋਹਰ ਸਿੰਘ 1 ਜੁਲਾਈ ਨੂੰ ਲੀਡਰਸ਼ਿਪ ਦਾ ਅਹੁਦਾ ਸੰਭਾਲਣਗੇ।



ਖੋਜ ਕਮੇਟੀ ਦੇ ਪ੍ਰਧਾਨ ਰੀਜੈਂਟ ਅਸ਼ੋਕ ਰਾਏ ਨੇ ਕਿਹਾ, "ਖੋਜ ਪ੍ਰਕਿਰਿਆ 'ਚ ਯੂ.ਡਬਲਿਊ.-ਓਸ਼ਕੋਸ਼ ਕੈਂਪਸ ਭਾਈਚਾਰੇ ਦੀ ਸ਼ਮੂਲੀਅਤ ਮਹੱਤਵਪੂਰਨ ਸੀ ਅਤੇ ਅੱਗੇ ਜੋ ਕੁਝ ਵੀ ਹੋਵੇਗਾ ਉਸ ਲਈ ਉਤਸ਼ਾਹ ਸਪਸ਼ਟ ਸੀ। ਅਸੀਂ ਮਹਿਸੂਸ ਕਰਦੇ ਹਾਂ ਕਿ ਡਾ. ਸਿੰਘ ਕੋਲ ਕੈਂਪਸ 'ਚ ਊਰਜਾ ਦੀ ਵਰਤੋਂ ਕਰਨ ਅਤੇ ਇਸ ਨੂੰ ਇਕ ਉਜਵਲ ਭਵਿੱਖ ਵਲ ਲਿਜਾਣ ਦੀ ਪ੍ਰਤਿਭਾ ਅਤੇ ਹੁਨਰ ਹੈ।"

ਸ੍ਰ. ਮਨੋਹਰ ਸਿੰਘ ਨੇ 2023 ਤੋਂ ਵੈਸਟਰਨ ਕਨੈਕਟੀਕਟ ਸਟੇਟ ਯੂਨੀਵਰਸਿਟੀ ਦੇ ਅੰਤ੍ਰਿਮ ਪ੍ਰਧਾਨ ਵਜੋਂ ਸੇਵਾ ਨਿਭਾਈ ਹੈ। ਇਸ ਤੋਂ ਪਹਿਲਾਂ ਉਹ ਨਿਊ ਹੈਵਨ, ਕੌਨ 'ਚ ਦੱਖਣੀ ਕਨੈਕਟੀਕਟ ਸਟੇਟ ਯੂਨੀਵਰਸਿਟੀ 'ਚ ਸਕੂਲ ਆਫ਼ ਗ੍ਰੈਜੂਏਟ ਐਂਡ ਪ੍ਰੋਫੈਸ਼ਨਲ ਸਟੱਡੀਜ਼ ਦੇ ਡੀਨ ਸਨ। ਉਨ੍ਹਾਂ ਨੇ ਅਰਕਾਟਾ, ਕੈਲੀਫੋਰਨੀਆ 'ਚ ਹੰਬੋਲਟ ਸਟੇਟ ਯੂਨੀਵਰਸਿਟੀ 'ਚ ਲੀਡਰਸ਼ਿਪ ਦੇ ਅਹੁਦਿਆਂ 'ਤੇ ਕੰਮ ਕੀਤਾ ਹੈ; ਪੈਨ ਸਟੇਟ ਯੂਨੀਵਰਸਿਟੀ ਐਬਿੰਗਟਨ, ਐਬਿੰਗਟਨ, ਪੀ. ਅਤੇ ਲੌਂਗ ਆਈਲੈਂਡ ਯੂਨੀਵਰਸਿਟੀ ਪੋਸਟ 'ਚ ਬਰੂਕਵਿਲੇ, ਐਨ.ਵਾਈ. ਉਹ ਕਈ ਯੂਨੀਵਰਸਿਟੀਆਂ 'ਚ ਵਿੱਤ ਦਾ ਪ੍ਰੋਫੈਸਰ ਵੀ ਰਿਹਾ ਹੈ। ਇਸ ਮੌਕੇ ਸ੍ਰ. ਮਨੋਹਰ ਸਿੰਘ ਨੇ ਕਿਹਾ, "ਮੈਂ ਯੂ.ਡਬਲਿਊ.-ਓਸ਼ਕੋਸ਼ ਵਿਦਿਆਰਥੀਆਂ ਦੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੇ ਜਨੂੰਨ, ਫੈਕਲਟੀ ਦੀ ਸ਼ਰਧਾ ਅਤੇ ਉਨ੍ਹਾਂ ਨੂੰ ਹਮਦਰਦੀ ਅਤੇ ਸਖਤੀ ਨਾਲ ਸਲਾਹ ਦੇਣ ਅਤੇ ਹਰ ਕਦਮ 'ਚ ਵਿਦਿਆਰਥੀਆਂ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਵਾਲੇ ਸਟਾਫ਼ ਦੇ ਸਮਰਪਣ ਤੋਂ ਪ੍ਰਭਾਵਿਤ ਹਾਂ। ਇਹੀ ਕਾਰਨ ਹਨ ਕਿ ਮੈਂ ਇਸ ਯੂਨੀਵਰਸਿਟੀ ਦੇ ਵਾਅਦੇ 'ਚ ਵਿਸ਼ਵਾਸ ਕਰਦਾ ਹਾਂ ਅਤੇ ਅਸੀਂ ਇਕੱਠੇ ਮਿਲ ਕੇ ਜੋ ਪ੍ਰਾਪਤ ਸਕਦੇ ਹਾਂ ਉਸ ਦੀ ਅਸੀਮ ਸੰਭਾਵਨਾ।" ਸ੍ਰ. ਮਨੋਹਰ ਸਿੰਘ ਨੇ ਪੰਜਾਬ ਯੂਨੀਵਰਸਿਟੀ-ਚੰਡੀਗੜ੍ਹ, ਭਾਰਤ ਤੋਂ ਅਰਥ ਸ਼ਾਸਤਰ 'ਚ ਐਮ. ਏ. ਕੀਤੀ ਅਤੇ ਨਾਲ ਹੀ ਓਂਟਾਰੀਓ ਕੈਨੇਡਾ 'ਚ ਵਾਟਰਲੂ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ 'ਚ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ। ਉਸ ਨੇ ਕਾਰਬਨਡੇਲ, ਆਈ.ਐਲ. 'ਚ ਦੱਖਣੀ ਇਲੀਨੋਇਸ ਯੂਨੀਵਰਸਿਟੀ ਤੋਂ ਵਿੱਤ 'ਚ ਪੀ.ਐਚ.ਡੀ. ਪ੍ਰਾਪਤ ਕੀਤੀ। ਉਹ ਐਂਡਰਿਊ ਲੀਵਿਟ ਦੀ ਥਾਂ ਲੈਣਗੇ, ਜੋ ਇਕ ਸਾਲ ਬਾਅਦ ਯੂ.ਡਬਲਿਊ.-ਓਸ਼ਕੋਸ਼ ਵਿਚ ਰਸਾਇਣ ਵਿਗਿਆਨ ਪੜ੍ਹਾਉਣ ਦੀ ਯੋਜਨਾ ਬਣਾ ਰਹੇ ਹਨ।

# ਫਲੋਰੀਡਾ ਯੂਨੀਵਰਸਿਟੀ 'ਚ ਮਹਿਲਾ ਪੁਲਿਸ ਅਧਿਕਾਰੀ ਦੇ ਪੁੱਤ ਵਲੋਂ ਗੋਲੀਬਾਰੀ-2 ਦੀ ਮੌਤ, 6 ਜ਼ਖ਼ਮੀ

ਸਾਨ ਫਰਾਂਸਿਸਕੋ/ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-ਤਾਲਾਹਾਸੀ ਵਿਖੇ ਫਲੋਰੀਡਾ ਸਟੇਟ ਯੂਨੀਵਰਸਿਟੀ 'ਚ ਇਕ ਮਹਿਲਾ ਪੁਲਿਸ ਅਧਿਕਾਰੀ ਦੇ ਪੁੱਤ ਵਲੋਂ ਕੀਤੀ ਗੋਲੀਬਾਰੀ ਵਿਚ 2 ਮੌਤਾਂ ਹੋਣ ਤੇ 6 ਹੋਰਨਾਂ ਦੇ ਜ਼ਖ਼ਮੀ ਹੋ ਜਾਣ ਦੀ ਖ਼ਬਰ ਹੈ। ਐਫ. ਐਸ. ਯੂ. ਪੁਲਿਸ ਮੁਖੀ ਜੈਸਨ ਟਰਮਬੌਅਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਦੋਸ਼ੀ ਦੀ ਪਛਾਣ 20 ਸਾਲਾ ਫੋਨਿਕਸ ਲਕਨਰ ਵਜੋਂ ਹੋਈ ਹੈ।



ਉਨ੍ਹਾਂ ਕਿਹਾ ਕਿ ਘਟਨਾ ਸਵੇਰੇ 11.50 ਵਜੇ ਦੇ ਕਰੀਬ ਵਾਪਰੀ, ਜਿਸ ਦੌਰਾਨ ਕਈ ਵਿਦਿਆਰਥੀਆਂ ਨੇ ਲੁਕ ਕੇ ਆਪਣੀ ਜਾਨ ਬਚਾਈ। ਤਾਲਾਹਾਸੀ ਪੁਲਿਸ ਮੁਖੀ ਲਾਰੈਂਸ ਰੇਵੈਲ ਨੇ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਅਧਿਕਾਰੀ ਤੁਰੰਤ ਮੌਕੇ ਉਪਰ ਪੁੱਜੇ ਅਤੇ ਉਨ੍ਹਾਂ ਨੇ ਹਮਲਾਵਰ ਨੂੰ ਹਥਿਆਰ ਸੁੱਟ ਦੇਣ ਲਈ ਕਿਹਾ। ਹਮਲਾਵਰ ਵਲੋਂ ਆਦੇਸ਼ ਨਾ ਮੰਨਣ 'ਤੇ ਪੁਲਿਸ ਨੇ ਉਸ ਨੂੰ ਗੋਲੀ ਮਾਰ ਦਿੱਤੀ, ਜਿਸ ਨੂੰ ਹਿਰਾਸਤ ਵਿਚ ਲੈ ਕੇ ਜ਼ਖ਼ਮੀ ਹਾਲਤ 'ਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੂੰ ਮੌਕੇ ਤੋਂ ਇਕ ਹੈਂਡਗੰਨ ਬਰਾਮਦ ਹੋਈ, ਜੋ ਸ਼ੱਕੀ ਦੀ ਮਾਂ ਦੀ ਹੈ, ਜੋ ਪਿਛਲੇ ਲੰਬੇ ਸਮੇ ਤੋਂ ਲਿਓਨ ਕਾਊਂਟੀ ਸ਼ੈਰਿਫ ਦਫ਼ਤਰ ਵਿਚ ਡਿਪਟੀ ਵਜੋਂ ਤਾਇਨਾਤ ਹੈ।

# 23 ਲੋਕਾਂ ਦੀ ਹੱਤਿਆ ਮਾਮਲੇ 'ਚ ਦੋਸ਼ੀ ਨੂੰ ਉਮਰ ਕੈਦ

ਹਿਊਸਟਨ : ਟੈਕਸਾਸ ਦੇ ਐਲ ਪਾਸੋ ਵਿਚ ਇੱਕ ਵਾਲਮਾਰਟ ਵਿਚ 2019 ਵਿਚ ਹਿਸਪੈਨਿਕ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਵਿਚ 23 ਲੋਕਾਂ ਦੀ ਹੱਤਿਆ ਕਰਨ ਵਾਲੇ ਸ਼ੂਟਰ ਪੈਟ੍ਰਿਕ ਕਰੂਸੀਅਸ ਨੂੰ ਸੋਮਵਾਰ ਨੂੰ ਇੱਕ ਰਾਜ ਦੀ ਅਦਾਲਤ ਵਿਚ ਦੋਸ਼ੀ ਮੰਨਣ ਤੋਂ ਬਾਅਦ ਮੌਤ ਦੀ ਸਜ਼ਾ ਨਹੀਂ ਸੁਣਾਈ ਜਾਵੇਗੀ। ਇਸ ਦੀ ਬਜਾਏ, ਉਸਨੂੰ ਲਗਾਤਾਰ 23 ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਐਲ ਪਾਸੋ ਜਿਲ੍ਹਾ ਅਟਾਰਨੀ ਜੇਮਜ਼ ਮੋਂਟੋਆ ਦੇ ਦਫ਼ਤਰ ਨੇ ਪਿਛਲੇ ਮਹੀਨੇ ਕਰੂਸੀਅਸ ਨੂੰ ਮੌਤ ਦੀ ਸਜ਼ਾ ਤੋਂ ਬਚਣ ਲਈ ਇੱਕ ਪਟੀਸ਼ਨ ਸੌਦੇ ਦੀ ਪੇਸ਼ਕਸ਼ ਕੀਤੀ ਸੀ। ਮੋਂਟੋਆ ਨੇ ਉਸ ਸਮੇਂ ਕਿਹਾ ਸੀ ਕਿ ਉਹ ਨਿੱਜੀ ਤੌਰ 'ਤੇ ਮੰਨਦੇ ਹਨ ਕਿ ਕਰੂਸੀਅਸ ਨੂੰ ਫਾਂਸੀ ਦਿੱਤੀ ਜਾਣੀ ਚਾਹੀਦੀ ਹੈ, ਪਰ ਮੌਤ ਦੀ ਸਜ਼ਾ ਮੁਕੱਦਮੇ ਨੂੰ ਹੋਰ ਵੀ ਦੇਰੀ ਕਰੇਗੀ, ਉਨ੍ਹਾਂ ਕਿਹਾ ਕਿ ਜਿਆਦਾਤਰ ਪੀੜਤਾਂ ਦੇ ਪਰਿਵਾਰ ਸਿਰਫ਼ ਕੇਸ ਬੰਦ ਕਰਨਾ ਚਾਹੁੰਦੇ ਸਨ। ਕਰੂਸੀਅਸ ਨੂੰ ਦੋਸ਼ੀ ਮੰਨਣ ਤੋਂ ਬਾਅਦ 2023 ਵਿਚ ਸੰਘੀ ਮੁਕੱਦਮੇ 'ਚ 90 ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਹ 2019 ਵਿਚ ਅਮਰੀਕਾ ਵਿਚ ਹੋਈਆਂ ਸਭ ਤੋਂ ਘਾਤਕ ਗੋਲੀਬਾਰੀ ਦੀਆਂ ਘਟਨਾਵਾਂ ਵਿਚੋਂ ਇੱਕ ਹੈ।



# ਦੂਜੀ ਵਿਸ਼ਵ ਜੰਗ 'ਚ ਹਿੱਸਾ ਲੈਣ ਵਾਲੇ ਮਹਿੰਦਰ ਸਿੰਘ ਪੂਜੀ ਬਾਰੇ ਡਾਕ ਟਿਕਟ ਜਾਰੀ ਕਰੇਗਾ ਬਰਤਾਨੀਆ









ਮਹਿੰਦਰ ਸਿੰਘ ਪੂਜੀ ਆਪਣੇ ਲੜਾਕੂ ਜਹਾਜ਼ ਨਾਲ ਅਤੇ ਜਾਰੀ ਹੋਣ ਜਾ ਰਹੀ ਡਾਕ ਟਿਕਟ।

ਲੰਡਨ : ਦੂਜੀ ਵਿਸ਼ਵ ਜੰਗ 'ਚ ਹਿੱਸਾ ਲੈਣ ਵਾਲੇ ਮਹਿੰਦਰ ਸਿੰਘ ਪੂਜੀ ਬਾਰੇ ਬਰਤਾਨੀਆ ਡਾਕ ਟਿਕਟ ਜਾਰੀ ਕਰੇਗਾ। ਡਾਕ ਵਿਭਾਗ ਰੋਇਲ ਮੇਲ ਵਲੋਂ 1 ਮਈ 2025 ਨੂੰ ਦੂਜੀ ਵਿਸ਼ਵ ਜੰਗ 'ਚ ਹਿੱਸਾ ਲੈਣ ਵਾਲੇ ਸੂਰਬੀਰਾਂ ਨੂੰ ਯਾਦ ਕੀਤਾ ਜਾ ਰਿਹਾ ਹੈ, ਜਿਸ ਤਹਿਤ ਜਾਰੀ ਹੋਣ ਵਾਲੇ ਡਾਕ ਸੰਗ੍ਰਹਿ ਨੂੰ 'ਵੀਰਤਾ ਅਤੇ ਜਿੱਤ: ਦੂਜੀ ਵਿਸ਼ਵ ਜੰਗ ਦੀਆਂ ਕਹਾਣੀਆਂ' ਦਾ ਸਿਰਲੇਖ ਦਿੱਤਾ ਗਿਆ ਹੈ। ਇਸ ਡਾਕ ਟਿਕਟ ਸੰਗ੍ਰਹਿ 'ਚ ਹੋਰਨਾਂ ਤੋਂ ਇਲਾਵਾ ਸਕੁਐਡਰਨ ਲੀਡਰ ਮਹਿੰਦਰ ਸਿੰਘ ਪੂਜੀ ਡੀ. ਐਫ. ਸੀ. ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਭਾਰਤ ਦੇ ਸ਼ਿਮਲਾ 'ਚ ਜਨਮੇ ਮਹਿੰਦਰ ਸਿੰਘ ਪੂਜੀ ਸਿੱਖ ਆਰ. ਏ. ਐਫ. ਪਾਇਲਟ ਸਨ, ਜਿਨ੍ਹਾਂ ਨੇ 1936 'ਚ ਉਡਾਣ ਭਰਨੀ ਸਿੱਖੀ ਅਤੇ 1940 'ਚ ਆਰ. ਏ. ਐਫ. 'ਚ ਸ਼ਾਮਿਲ ਹੋਣ ਤੋਂ ਪਹਿਲਾਂ ਇਕ ਵਪਾਰਕ ਪਾਇਲਟ ਵਜੋਂ ਕੰਮ ਕੀਤਾ। ਉਹ ਇਕ ਭਾਰਤੀ ਅਖ਼ਬਾਰ 'ਚ ਇਸ਼ਤਿਹਾਰ ਪੜ੍ਹਨ ਤੋਂ ਬਾਅਦ ਆਰ. ਏ. ਐਫ. 'ਚ ਸ਼ਾਮਿਲ ਹੋਏ ਅਤੇ ਅਗਸਤ 1940 'ਚ ਪਹਿਲੀ ਵਾਰ ਇੰਗਲੈਂਡ ਆਏ। ਪੂਜੀ ਨੇ ਬਰਤਾਨੀਆ, ਉੱਤਰੀ ਅਫਰੀਕਾ, ਮੱਧ ਪੂਰਬ ਅਤੇ ਬਰਮਾ ਦੀ ਲੜਾਈ 'ਚ ਜਹਾਜ਼ ਉਡਾਏ ਅਤੇ ਭਾਰਤੀ ਪਾਇਲਟਾਂ 'ਚ ਇਕ ਦੁਰਲੱਭ ਪ੍ਰਾਪਤੀ ਕੀਤੀ। ਉਸ ਨੇ ਰਣਨੀਤਕ ਖੋਜ ਮਿਸ਼ਨ ਚਲਾਏ, ਜੰਗਲ 'ਚ ਗੁਆਚੇ ਸੈਨਿਕਾਂ ਨੂੰ ਲੱਭਣ 'ਚ ਮਦਦ ਕੀਤੀ ਅਤੇ ਆਪਣੀ ਬਹਾਦਰੀ ਅਤੇ ਅਗਵਾਈ ਲਈ 'ਡਿਸਟਿੰਗੂਇਸ਼ਡ ਫਲਾਇੰਗ ਕਰਾਸ' ਪੁਰਸਕਾਰ ਪ੍ਰਾਪਤ ਕੀਤਾ। ਯੁੱਧ ਤੋਂ ਬਾਅਦ ਉਹ ਭਾਰਤ ਵਾਪਸ ਆ ਗਏ ਪਰ ਬਾਅਦ 'ਚ 1970 ਦੇ ਦਹਾਕੇ 'ਚ ਮੁੜ ਯੂ.ਕੇ. 'ਚ ਪੱਕੇ ਤੌਰ 'ਤੇ ਵਸ ਗਏ, ਜਿਥੇ ਉਹ ਭਾਈਚਾਰੇ 'ਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਉਹ ਲੰਮਾ ਸਮਾਂ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਗ੍ਰੇਵਜੈਂਡ ਵਿਖੇ ਰਹੇ, ਜਿਥੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਮੌਜੂਦਾ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ ਥੇਮਸ ਨਦੀ ਦੇ ਕੰਢੇ ਮਹਿੰਦਰ ਸਿੰਘ ਪੂਜੀ ਦਾ ਦਸਤਾਰਧਾਰੀ ਬੁੱਤ ਲਗਾਇਆ ਗਿਆ। 2010 'ਚ 92 ਸਾਲ ਦੀ ਉਮਰ 'ਚ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ।



# ਅਸ਼ੋਕ ਬਾਂਸਲ ਦੀ ਪੁਸਤਕ 'ਲੱਭ ਜਾਣਗੇ ਲਾਲ ਗੁਆਚੇ' ਫਰਿਜਨੋ 'ਚ ਲੋਕ ਅਰਪਿਤ



ਫਰਿਜਨੋ/ਕੈਲੀਫੋਰਨੀਆ, (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਪੰਜਾਬੀ ਗੀਤ ਸੰਗੀਤ ਦੇ, ਖ਼ਾਸਕਰ ਗੀਤਕਾਰਾਂ ਨਾਲ ਡਾਢਾ ਮੋਹ ਰੱਖਣ ਵਾਲੇ, ਪੰਜਾਬੀਅਤ ਨੂੰ ਪਰਣਾਏ ਹੋਏ ਸ਼੍ਰੀ ਅਸ਼ੋਕ ਬਾਂਸਲ ਮਾਨਸਾ ਅਜਕੱਲ ਆਪਣੀ ਕਨੇਡਾ-ਅਮੈਰਿਕਾ ਫੇਰੀ ਤੇ ਹਨ। ਉਹ ਇਸ ਫੇਰੀ ਦੌਰਾਨ ਜਿੱਥੇ ਆਪਣੇ ਚਾਹੁਣ ਵਾਲਿਆਂ ਨੂੰ ਮਿਲ ਰਹੇ ਹਨ, ਓਥੇ ਆਪਣੀ ਨਵੀਂ ਕਿਤਾਬ "ਲੱਭ ਜਾਣਗੇ ਲਾਲ ਗੁਆਚੇ"ਵੀ ਰਲੀਜ਼ ਕਰ ਰਹੇ ਹਨ। ਇਸੇ ਕੜੀ ਤਹਿਤ ਉਹਨਾਂ ਦੇ ਸਨਮਾਨ ਹਿਤ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦਾ ਅਯੋਜਨ ਫਰਿਜ਼ਨੋ ਵਿਖੇ ਗਾਇਕ ਰਜੇਸ਼ ਰਾਜੂ ਦੇ ਪੀਜ਼ਾ ਟਵਿਸਟ ਰੈਸਟੋਰੈਂਟ ਵਿਖੇ ਕੀਤਾ ਗਿਆ। ਇਸ ਮੌਕੇ ਉਹਨਾਂ ਦੀ ਨਵੀਂ ਕਿਤਾਬ "ਲੱਭ ਜਾਣਗੇ ਲਾਲ ਗੁਆਚੇ" ਰਲੀਜ਼ ਕੀਤੀ ਗਈ।

ਇਹ ਕਿਤਾਬ ਲਹਿੰਦੇ ਪੰਜਾਬ ਦੇ ਗੁਮਨਾਮ ਗੀਤਕਾਰਾਂ ਦੀ ਜ਼ਿੰਦਗੀ, ਰਚਨਾਵਾਂ ਅਤੇ ਉਨ੍ਹਾਂ ਦੇ ਸਾਹਿਤਕ ਯੋਗਦਾਨ ਨੂੰ ਉਜਾਗਰ ਕਰਦੀ ਹੈ। ਬਾਂਸਲ ਨੇ ਗੁੰਮ ਹੋ ਰਹੇ ਇਤਿਹਾਸ ਨੂੰ ਆਪਣੀ ਲਿਖਤ ਰਾਹੀਂ ਦੁਬਾਰਾ ਲੋਕਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ, ਉਨ੍ਹਾਂ ਦੀ ਕਿਤਾਬ "ਮਿੱਟੀ ਨੂੰ ਫਰੋਲ ਜੋਗੀਆ"ਵੀ ਵੱਡੀ ਪ੍ਰਸ਼ੰਸਾ ਹਾਸਲ ਕਰ ਚੁੱਕੀ ਹੈ, ਜਿਸ ਵਿੱਚ ਚੜਦੇ ਪੰਜਾਬ ਦੇ ਗੀਤਕਾਰਾਂ ਦੇ ਜੀਵਨ ਅਤੇ ਰਚਨਾਤਮਕ ਸਫਰ ਨੂੰ ਬੜੀ ਖੋਜ ਅਤੇ ਸੂਝ-ਬੂਝ ਨਾਲ ਪੇਸ਼ ਕੀਤਾ ਗਿਆ ਸੀ।

ਦੋਵੇਂ ਪੁਸਤਕਾਂ ਬਾਰੇ ਜਾਣਕਾਰੀ ਦਿੰਦਿਆਂ, ਅਸ਼ੋਕ ਬਾਂਸਲ ਨੇ ਆਖਿਆ ਕਿ ਇਹ ਲਿਖਤਾਂ ਸਿਰਫ਼ ਕਿਤਾਬਾਂ ਨਹੀਂ, ਸਗੋਂ ਪੰਜਾਬੀ ਗੀਤਕਲਾ ਦੇ ਅਣਛੂਹੇ ਪੱਖਾਂ ਦੀ ਵਕਾਲਤ ਹਨ। ਸਮਾਰੋਹ ਵਿੱਚ ਹਾਜ਼ਰੀ ਲਗਵਾਉਣ ਵਾਲੇ ਸਾਹਿਤਕ ਅਤੇ ਕਲਾਤਮਕ ਸ਼ਖਸੀਅਤਾਂ ਨੇ ਉਨ੍ਹਾਂ ਦੇ ਕੰਮ ਨੂੰ ਭਰਪੂਰ ਸਲਾਹਿਆ ਅਤੇ ਕਿਹਾ ਕਿ ਪੰਜਾਬੀ ਸਾਹਿਤ-ਪ੍ਰੇਮੀਆਂ ਲਈ ਇਹ ਕਿਤਾਬ ਇੱਕ ਮੀਲ ਪੱਥਰ ਸਾਬਤ ਹੋਵੇਗੀ । ਇਸ ਮੌਕੇ ਸ਼ਾਇਰ ਹਰਜਿੰਦਰ ਕੰਗ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਪ੍ਰਸਿੱਧ ਲੇਖਕ ਤੇ ਖੋਜਕਾਰੀ ਰੂਹ ਅਸ਼ੋਕ ਬਾਂਸਲ ਮਾਨਸਾ ਦੀ ਨਵੀਨਤਮ ਪੁਸਤਕ "ਲੱਭ ਜਾਣਗੇ ਲਾਲ ਗੁਆਚੇ"ਇੱਕ ਐਸਾ ਖੋਜ ਭਰਪੂਰ ਕਾਰਜ ਅਸ਼ੋਕ ਬਾਂਸਲ ਨੇ ਕਰ ਵਿਖਾਇਆ ਜਿਸਨੂੰ ਆਉਣ ਵਾਲੀਆਂ ਪੀੜ੍ਹੀਆਂ ਇੱਕ ਜਾਣਕਾਰੀ ਦੇ ਸ੍ਰੋਤ ਦੇ ਤੌਰ ਤੇ ਪੜਿਆਂ ਕਰਨਗੀਆਂ ।ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਸ਼ਾਇਰ ਦਿਲਾਵਰ ਚਾਹਲ, ਸ਼ਾਇਰ ਰਣਜੀਤ ਗਿੱਲ, ਲੇਖਕ ਸਾਧੂ ਸਿੰਘ ਸੰਘਾ, ਹੈਰੀ ਮਾਨ, ਸੰਤੋਖ ਮਨਿਹਾਸ, ਅਵਤਾਰ ਗੁਦਾਰਾ, ਸ਼ਾਇਰ ਸੁੱਖੀ ਧਾਲੀਵਾਲ , ਮਲਕੀਤ ਸਿੰਘ ਕਿੰਗਰਾ, ਦਿਲਬਾਗ ਬੰਗੜ, ਡਾ. ਅਰਜਨ ਸਿੰਘ ਜੋਸ਼ਨ ਆਦਿ ਸ਼ਾਮਲ ਸਨ। ਇਸ ਉਪਰੰਤ ਗਾਇਕ ਪੱਪੀ ਭਦੌੜ, ਬੀਬਾ ਦਿਲਪ੍ਰੀਤ ਕੌਰ, ਧਰਮਵੀਰ ਥਾਂਦੀ, ਨਿਰਮਲਜੀਤ ਸਿੰਘ ਨਿੰਮਾ, ਰਜੇਸ਼ ਰਾਜੂ, ਕਮਲਜੀਤ ਬੈਨੀਪਾਲ ਆਦਿ ਨੇ ਆਪਣੇ ਪੁਰਾਣੇ ਗੀਤਾਂ ਨਾਲ ਖ਼ੂਬ ਰੰਗ ਬੰਨਿਆ। ਇਸ ਮੌਕੇ ਦਿਲਾਵਰ ਚਾਹਲ ਨੇ ਅਸ਼ੋਕ ਬਾਂਸਲ ਮਾਨਸਾ ਲਈ ਇੱਕ ਹਜ਼ਾਰ ਡਾਲਰ ਮੱਦਦ ਦੇਣ ਦਾ ਐਲਾਨ ਕੀਤਾ। ਕਾਰੋਬਾਰੀ ਜਸਵੀਰ ਸਰਾਏ ਨੇ ਰੈਸਟੋਰੈਂਟ ਦਾ ਸਾਰਾ ਖਰਚ ਚੱਕਿਆ। ਇਸ ਸਮਾਗਮ ਵਿੱਚ ਫਰਿਜਨੋ ਏਰੀਏ ਦੇ ਹੋਰ ਵੀ ਬਹੁਤ ਸਾਰੇ ਪਤਵੰਤੇ ਪਹੁੰਚੇ ਹੋਏ ਸਨ, ਜਿਨ੍ਹਾਂ ਦਿਲ ਖੋਲਕੇ ਅਸ਼ੋਕ ਬਾਂਸਲ ਮਾਨਸਾ ਦੀ ਮੱਦਦ ਕੀਤੀ। ਅਖੀਰ ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।

# ਕਾਨੂੰਨ ਦੇ ਭਗੌੜੇ ਜਾਅਲਸਾਜ਼

ਮਨੁੱਖੀ ਲਾਲਸਾ ਅਤੇ ਲਾਲਚ ਕਿਸ ਹੱਦ ਤੱਕ ਵਧ ਜਾਂਦਾ ਹੈ, ਇਸ ਦੀ ਮਿਸਾਲ ਪਿਛਲੇ ਸਾਲਾਂ ਵਿਚ ਵਾਪਰੇ ਤਿੰਨ ਕੇਸਾਂ ਨਾਲ ਦਿੱਤੀ ਜਾ ਸਕਦੀ ਹੈ। ਅਜਿਹੇ ਵਿਅਕਤੀ ਜਿਨ੍ਹਾਂ ਦਾ ਕਾਰੋਬਾਰ ਕਰੋੜਾਂ-ਅਰਬਾਂ ਵਿਚ ਹੋਵੇ, ਜੋ ਧਰਤੀ 'ਤੇ ਰਹਿੰਦਿਆਂ ਸਵਰਗਾਂ ਦੇ ਝੂਟੇ ਲੈ ਰਹੇ ਹੋਣ, ਜਿਨ੍ਹਾਂ ਦਾ ਕਾਰੋਬਾਰ ਦੇਸ਼ ਵਿਚ ਹੀ ਨਹੀਂ ਵਿਦੇਸ਼ਾਂ ਤੱਕ ਵੀ ਫੈਲਿਆ ਹੋਵੇ, ਜੇ ਅਜਿਹੇ ਮਨੁੱਖ ਲਾਲਸਾ ਨਹੀਂ ਛੱਡ ਸਕਦੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਲਾਲਸਾ ਦਾ ਕੋਈ ਅੰਤ ਨਹੀਂ। ਪਿਛਲੇ ਕਈ ਸਾਲਾਂ ਵਿਚ ਕੁਝ ਅਰਬਾਂਪਤੀ ਵਿਅਕਤੀਆਂ ਵਲੋਂ ਭਾਰਤੀ ਬੈਂਕਾਂ ਨਾਲ ਧੋਖਾਧੜੀ ਕੀਤੀ ਗਈ। ਫਿਰ ਉਹ ਭਾਰਤ ਤੋਂ ਭੱਜ ਕੇ ਵਿਦੇਸ਼ ਚਲੇ ਗਏ ਅਤੇ ਫਿਰ ਵੱਖ-ਵੱਖ ਦੇਸ਼ਾਂ ਵਿਚ ਥਾਂ-ਥਾਂ ਭਟਕਦੇ ਰਹੇ ਹਨ, ਪਰ ਆਪਣੇ ਪੂਰੇ ਯਤਨਾਂ ਦੇ ਬਾਵਜੂਦ ਉਹ ਉਥੇ ਆਪਣਾ ਕੋਈ ਪੱਕਾ ਟਿਕਾਣਾ ਬਣਾ ਸਕਣ ਵਿਚ ਕਾਮਯਾਬ ਨਹੀਂ ਹੋ ਸਕੇ। ਇਨ੍ਹਾਂ ਨੇ ਵਿਦੇਸ਼ਾਂ ਵਿਚ ਮਹਿੰਗੇ ਤੋਂ ਮਹਿੰਗੇ ਵਕੀਲ ਕਰ ਕੇ ਬਚਣ ਦਾ ਯਤਨ ਜ਼ਰੂਰ ਕੀਤਾ, ਪਰ ਅਖ਼ੀਰ ਹੁਣ ਇਹ ਭਾਰਤੀ ਕਾਨੂੰਨ ਦੇ ਸ਼ਿਕੰਜੇ ਵਿਚ ਫਸਦੇ ਨਜ਼ਰ ਆ ਰਹੇ ਹਨ।

ਇਨ੍ਹਾਂ ਦੇ ਨਾਂਅ ਹਨ ਮੇਹੁਲ ਚੋਕਸੀ, ਨੀਰਵ ਮੋਦੀ ਅਤੇ ਵਿਜੇ ਮਾਲਿਆ। ਮੇਹੁਲ ਚੋਕਸੀ ਨੂੰ ਚਾਹੇ ਹੁਣ ਤੱਕ ਭਾਰਤ ਤਾਂ ਨਹੀਂ ਲਿਆਂਦਾ ਜਾ ਸਕਿਆ, ਪਰ ਉਸ ਬਾਰੇ ਪੁਖ਼ਤਾ ਖ਼ਬਰਾਂ ਇਹ ਮਿਲੀਆਂ ਹਨ ਕਿ ਭਾਰਤੀ ਏਜੰਸੀਆਂ ਦੇ ਯਤਨਾਂ ਕਰਕੇ ਉਸ ਨੂੰ ਬੈਲਜੀਅਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਚਾਹੇ ਉਹ ਹਾਲੇ ਵੀ ਸ਼ਿਕੰਜੇ 'ਚੋਂ ਨਿਕਲਣ ਦਾ ਯਤਨ ਕਰ ਰਿਹਾ ਹੈ, ਪਰ ਹੁਣ ਉਸ ਨੂੰ ਭਾਰਤ ਲਿਆਉਣਾ ਲਗਭਗ ਤੈਅ ਹੈ। ਉਸ 'ਤੇ ਧੋਖਾਧੜੀ, ਬੇਈਮਾਨੀ, ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਕੇਸ ਦਰਜ ਹਨ। ਉਹ ਭਾਰਤ ਦੀ ਵੱਡੀ ਹੀਰਾ ਕੰਪਨੀ ਗੀਤਾਂਜਲੀ ਗਰੁੱਪ ਦਾ ਮਾਲਕ ਸੀ। ਉਹ ਇਨ੍ਹਾਂ ਕੇਸਾਂ ਤੋਂ ਬਚਦਾ ਬਚਾਉਂਦਾ ਜਨਵਰੀ, 2018 ਦੇ ਲਗਭਗ ਦੇਸ਼ 'ਚੋਂ ਭੱਜ ਗਿਆ ਸੀ ਅਤੇ ਫਿਰ ਕੈਰਿਬੀਆਈ ਦੀਪ ਸਮੂਹ ਦੇ ਦੇਸ਼ ਐਂਟੀਗੁਆ ਵਿਚ ਰਹਿਣ ਲੱਗਾ ਸੀ। ਉਥੇ ਉਸ ਨੇ ਵੱਡਾ ਨਿਵੇਸ਼ ਕਰਕੇ ਉਥੋਂ ਦੀ ਨਾਗਰਿਕਤਾ ਵੀ ਲੈ ਲਈ ਸੀ। ਉਥੋਂ ਉਹ ਯੂਰਪ ਦੇ ਦੇਸ਼ ਬੈਲਜੀਅਮ ਵਿਚ ਭੱਜ ਗਿਆ ਸੀ ਅਤੇ ਉਥੇ ਰਹਿਣ ਲਈ ਉਸ ਨੇ ਫਰਜ਼ੀ ਦਸਤਾਵੇਜ਼ ਵੀ ਬਣਾ ਲਏ ਸਨ, ਕਿਉਂਕਿ ਉਸ ਦੀ ਪਤਨੀ ਪਹਿਲਾਂ ਹੀ ਉਥੋਂ ਦੀ ਨਾਗਰਿਕ ਸੀ। ਉਹ 13 ਹਜ਼ਾਰ ਕਰੋੜ ਦੇ ਬੈਂਕ ਘੁਟਾਲੇ ਵਿਚ ਫਸਿਆ ਹੋਇਆ ਸੀ। ਉਸ ਦਾ ਭਤੀਜਾ ਨੀਰਵ ਮੋਦੀ ਵੀ ਹਜ਼ਾਰਾਂ ਕਰੋੜ ਦੇ ਬੈਂਕ ਫਰਾਡ ਤੋਂ ਬਾਅਦ ਬਾਹਰ ਭੱਜ ਗਿਆ ਸੀ ਅਤੇ ਉਸ ਨੇ ਵੀ ਬੈਲਜੀਅਮ ਦੀ ਨਾਗਰਿਕਤਾ ਲੈ ਲਈ ਸੀ। ਉਹ ਵੀ ਅਰਬਾਂ ਦਾ ਮਾਲਕ ਹੁੰਦਿਆਂ ਹੋਇਆਂ ਬੈਂਕਾਂ ਨਾਲ ਕਰੋੜਾਂ ਦੀਆਂ ਠੱਗੀਆਂ ਕਰਕੇ ਭੱਜ ਗਿਆ ਸੀ ਅਤੇ ਬਾਅਦ ਵਿਚ ਦੇਸ਼-ਵਿਦੇਸ਼ ਵਿਚ ਭਟਕਦਾ ਰਿਹਾ। ਭਾਰਤੀ ਏਜੰਸੀਆਂ ਦੇ ਅਣਥੱਕ ਯਤਨਾਂ ਨਾਲ ਸਾਲ 2019 ਵਿਚ ਉਸ ਨੂੰ ਲੰਡਨ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਪਰ ਉਹ ਕਿਸੇ ਨਾ ਕਿਸੇ ਤਰ੍ਹਾਂ ਛੁੱਟ ਗਿਆ ਤੇ ਫਿਰ ਦੁਬਈ, ਹਾਂਗਕਾਂਗ, ਸਿੰਗਾਪੁਰ ਅਤੇ ਲੰਡਨ ਵਿਚਕਾਰ ਦੌੜਦਾ ਕਾਨੂੰਨੀ ਸ਼ਿਕੰਜੇ 'ਚੋਂ ਬਚਣ ਦੀ ਕੋਸ਼ਿਸ਼ ਕਰਦਾ ਰਿਹਾ। ਬਰਤਾਨੀਆ ਵਿਚ ਦਸੰਬਰ, 2022 'ਚ ਭਾਰਤੀ ਏਜੰਸੀਆਂ ਵਲੋਂ ਕੀਤੇ ਮੁਕੱਦਮਿਆਂ ਵਿਚ ਉਹ ਆਖ਼ਰੀ ਅਪੀਲ ਵਿਚ ਵੀ ਹਾਰ ਗਿਆ ਸੀ। ਹੁਣ ਉਹ ਉਥੇ ਜੇਲ੍ਹ ਵਿਚ ਬੰਦ ਹੈ, ਜਿਸ ਨੂੰ ਭਾਰਤ ਲਿਆਉਣ ਲਈ ਸਰਕਾਰ ਵਲੋਂ ਆਖ਼ਰੀ ਲੜਾਈ ਲੜੀ ਜਾ ਰਹੀ ਹੈ।

ਅਜਿਹਾ ਹੀ ਕੇਸ ਵਿਜੇ ਮਾਲਿਆ ਦਾ ਹੈ, ਜੋ ਭਾਰਤ ਵਿਚ ਅਰਬਾਂ ਦਾ ਮਾਲਕ ਸੀ। ਦੋ ਵਾਰ ਆਪਣੀ ਵਿਸ਼ੇਸ਼ ਪਹੁੰਚ ਕਰਕੇ ਉਹ ਰਾਜ ਸਭਾ ਦਾ ਮੈਂਬਰ ਵੀ ਬਣਿਆ ਸੀ। ਭਾਰਤ ਦੀ ਮਸ਼ਹੂਰ ਸ਼ਰਾਬ ਕੰਪਨੀ ਯੂਨਾਈਟਿਡ ਸਪਿਰਿਟਸ ਦਾ ਉਹ ਚੇਅਰਮੈਨ ਸੀ। ਇਸ ਤੋਂ ਇਲਾਵਾ ਵੱਡੇ-ਵੱਡੇ ਘਰਾਂ ਦੇ ਪ੍ਰੋਜੈਕਟਾਂ ਵਿਚ ਵੀ ਉਸ ਦਾ ਹਿੱਸਾ ਸੀ। ਕਿਸੇ ਵੇਲੇ ਖਾਦ ਬਣਾਉਣ ਦਾ ਉਹ ਬਾਦਸ਼ਾਹ ਮੰਨਿਆ ਜਾਂਦਾ ਸੀ ਅਤੇ ਹਵਾਈ ਸੇਵਾਵਾਂ ਵਿਚ ਵੀ ਉਸ ਦੀ ਧਾਕ ਸੀ ਅਤੇ ਉਹ ਕਿੰਗਫਿਸ਼ਰ ਏਅਰ ਲਾਈਨਜ਼ ਦਾ ਵੀ ਮਾਲਿਕ ਸੀ। ਭਾਰਤ ਵਿਚ ਵੀ ਉਹ ਮਸਤੀ ਅਤੇ ਐਸ਼ ਭਰੀ ਜ਼ਿੰਦਗੀ ਜਿਉਣ ਦਾ ਸ਼ੌਕੀਨ ਸੀ, ਪਰ ਸਾਲ 2017 ਵਿਚ ਕਿੰਗਫਿਸ਼ਰ ਏਅਰ ਲਾਈਨਜ਼ 'ਤੇ ਅਰਬਾਂ ਦਾ ਕਰਜ਼ਾ ਚੜ੍ਹਨ ਤੋਂ ਬਾਅਦ ਉਹ ਭਾਰਤ 'ਚੋਂ ਦੌੜ ਗਿਆ ਸੀ। ਉਸ ਨੇ ਵੀ ਬਰਤਾਨੀਆ ਵਿਚ ਰਹਿੰਦਿਆਂ ਬੜੇ ਹੱਥ ਪੈਰ ਮਾਰੇ। ਉਸ ਦੀ ਭਾਰਤ ਹਵਾਲਗੀ ਵਿਰੁੱਧ ਅਪੀਲ ਸਾਲ 2020 ਵਿਚ ਰੱਦ ਹੋ ਗਈ ਸੀ। ਮਾਲਿਆ ਫਿਰ ਵੀ ਉਥੇ ਹੋਰ ਕਈ ਆਧਾਰ ਬਣਾ ਕੇ ਭਾਰਤ ਨੂੰ ਆਪਣੀ ਹਵਾਲਗੀ ਰੋਕਣ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ ਹੈ, ਪਰ ਸਮਾਂ ਬੀਤਣ ਨਾਲ ਹੁਣ ਉਸਦਾ ਉਥੇ ਟਿਕੇ ਰਹਿਣ ਦਾ ਆਧਾਰ ਵੀ ਬੇਹੱਦ ਕਮਜ਼ੋਰ ਹੋ ਚੁੱਕਾ ਹੈ। ਇਨ੍ਹਾਂ ਤਿੰਨਾਂ ਅਰਬਪਤੀ ਭਗੌੜਿਆਂ ਦੀ ਵਾਪਸੀ ਅਜਿਹੇ ਉੱਚ ਪੱਧਰ ਦੇ ਕਾਰੇ ਕਰਨ ਵਾਲੇ ਵਿਅਕਤੀਆਂ ਲਈ ਇਕ ਉਦਾਹਰਨ ਸਾਬਿਤ ਹੋਵੇਗੀ ਅਤੇ ਇਨ੍ਹਾਂ ਕੇਸਾਂ ਦੇ ਹਵਾਲੇ ਨਾਲ ਭਾਰਤੀ ਲੋਕ ਮਨੁੱਖੀ ਲਾਲਸਾ ਦੀ ਸਿਖ਼ਰ ਦਾ ਅੰਤ ਵੀ ਦੇਖ ਸਕਣਗੇ। ਅੱਜ ਵੀ ਹਜ਼ਾਰਾਂ ਹੋਰ ਭਗੌੜੇ ਅਨੇਕਾਂ ਤਰ੍ਹਾਂ ਦੀਆਂ ਜਾਅਲਸਾਜ਼ੀਆਂ ਤੋਂ ਬਾਅਦ ਵਿਦੇਸ਼ਾਂ ਵਿਚ ਭਟਕਦੇ ਫਿਰ ਰਹੇ ਹਨ। ਸਰਕਾਰ ਨੂੰ ਆਪਣੇ ਨਿਰੰਤਰ ਯਤਨਾਂ ਨਾਲ ਅਜਿਹੇ ਜਾਅਲਸਾਜ਼ਾਂ ਨੂੰ ਕਾਬੂ ਕਰ ਕੇ ਕਾਨੂੰਨ ਅਨੁਸਾਰ ਸਖ਼ਤ ਸਜ਼ਾਵਾਂ ਦੇ ਭਾਗੀ ਬਣਾਉਣਾ ਚਾਹੀਦਾ ਹੈ।

# ਸੁਖਬੀਰ ਬਾਦਲ ਦੀ ਵਾਪਸੀ ਤੇ ਪੰਥਕ-ਸਿਆਸੀ ਬਿਰਤਾਂਤ



ਜਗਤਾਰ ਸਿੰਘ

ਸਿੱਖਾਂ ਦਾ ਧਾਰਮਿਕ-ਰਾਜਨੀਤਕ ਬਿਰਤਾਂਤ 2025 ਦੀ ਵਿਸਾਖੀ ਮੌਕੇ ਇੱਕ ਨਵੇਂ ਪੜਾਅ ਵਿੱਚ ਦਾਖ਼ਲ ਹੋ ਗਿਆ, ਜਿਸ ਦਿਨ 1699 ਵਿੱਚ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਸਾਹਿਬ 'ਚ ਖ਼ਾਲਸੇ ਦੀ ਸਿਰਜਣਾ ਕੀਤੀ ਸੀ ਤੇ ਇੰਝ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਵੱਲੋਂ ਦਿੱਤੇ ਵਿਚਾਰਧਾਰਕ ਕਾਰਜ ਨੂੰ ਸੰਪੂਰਨ ਕੀਤਾ ਸੀ।

ਬੀਤੇ ਦਿਨੀਂ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਹੋਈ ਸ਼੍ਰੋਮਣੀ ਅਕਾਲੀ ਦਲ ਦੀ ਭਰਵੀਂ ਸ਼ਮੂਲੀਅਤ ਵਾਲੀ ਕਾਨਫਰੰਸ 'ਚੋਂ ਕਈ ਤਰ੍ਹਾਂ ਦੇ ਸੰਕੇਤ ਮਿਲੇ ਹਨ। ਪ੍ਰਧਾਨ ਦੇ ਅਹੁਦੇ ਤੋਂ ਥੋੜ੍ਹਾ ਸਮਾਂ ਲਾਂਭੇ ਹੋਣ ਮਗਰੋਂ ਮੁੜ ਪਾਰਟੀ ਪ੍ਰਧਾਨ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਸੁਖਬੀਰ ਪਹਿਲੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਇੱਕ ਦਿਨ ਪਹਿਲਾਂ 12 ਅਪਰੈਲ ਨੂੰ ਉਨ੍ਹਾਂ ਨੂੰ ਪ੍ਰਧਾਨ ਚੁਣਿਆ ਗਿਆ ਸੀ। 2008 ਵਿੱਚ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ ਇਹ ਅਹੁਦਾ ਖਾਲੀ ਕੀਤਾ ਸੀ ਜੋ ਉਹ ਖ਼ੁਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਧੜੇ ਨਾਲ ਰਲੇਵੇਂ ਤੋਂ ਬਾਅਦ 1995 ਤੋਂ ਸੰਭਾਲ ਰਹੇ ਸਨ। ਤਿੰਨ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ 'ਤੇ ਬਾਦਲ ਪਰਿਵਾਰ ਦਾ ਦਬਦਬਾ ਰਿਹਾ ਹੈ ਜੋ ਇੱਕ ਲਿਹਾਜ਼ ਤੋਂ ਪਾਰਟੀ ਦੇ ਇਤਿਹਾਸ 'ਚ ਸਭ ਤੋਂ ਲੰਮਾ ਅਰਸਾ ਹੈ ਤੇ ਕਈ ਵਰ੍ਹੇ ਇਸ ਨੇ ਸਿੱਖ ਖਾਹਿਸ਼ਾਂ ਤੇ ਉਮੰਗਾਂ ਨੂੰ ਸਪੱਸ਼ਟ ਰੂਪ ਵਿੱਚ ਉਭਾਰਿਆ ਸੀ।

ਪਿਛਲੇ ਕਈ ਮਹੀਨਿਆਂ ਤੋਂ ਸਿੱਖਾਂ ਦਾ ਧਾਰਮਿਕ-ਰਾਜਨੀਤਕ ਕਾਰਜ ਖੇਤਰ ਅਸ਼ਾਂਤ ਪੜਾਅ 'ਚੋਂ ਲੰਘ ਰਿਹਾ ਹੈ। ਅਕਾਲ ਤਖਤ ਤੋਂ ਜਥੇਦਾਰਾਂ ਵੱਲੋਂ ਦੋ ਦਸੰਬਰ 2024 ਨੂੰ ਸਮੁੱਚੀ ਅਕਾਲੀ ਲੀਡਰਸ਼ਿਪ ਸਾਹਮਣੇ, ਜੋ ਕਿ ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਹੀ ਸੀ, ਪੜ੍ਹੇ ਗਏ ਹੁਕਮਨਾਮੇ ਨੇ ਇਸ ਬਿਰਤਾਂਤ 'ਚ ਸਥਿਰਤਾ ਪਰਤਣ ਦਾ ਸੰਕੇਤ ਦਿੱਤਾ ਸੀ ਪਰ ਹੁਣ ਖ਼ੁਦ ਸੁਖਬੀਰ ਬਾਦਲ ਵੱਲੋਂ ਸਿੱਖ ਸੰਸਥਾਵਾਂ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਇਸ ਦੀ ਸੰਭਾਵਨਾ ਬਹੁਤ ਘਟ ਗਈ ਹੈ। ਸੰਨ 1920 ਵਿੱਚ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਤੋਂ ਬਾਅਦ ਇਤਿਹਾਸ 'ਚ ਪਹਿਲਾਂ ਕਦੇ ਵੀ ਸੰਸਥਾ ਦੇ ਰੂਪ ਵਿੱਚ ਸਿੱਖ ਤਖ਼ਤ ਇਸ ਤਰ੍ਹਾਂ ਦੇ ਤਿੱਖੇ ਹੱਲੇ ਹੇਠ ਨਹੀਂ ਆਏ ਸਨ। ਤੇ ਇਸ ਵਾਰ ਇਹ ਹੱਲਾ ਵੀ ਸਿੱਖ ਦਾਇਰੇ ਅੰਦਰੋਂ ਹੀ ਸੀ ਕਿਸੇ ਹੋਰ ਵੱਲੋਂ ਨਹੀਂ।

ਅਕਾਲ ਤਖ਼ਤ ਦੀ ਭਰੋਸੇਯੋਗਤਾ ਹੁਣ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ ਜਿਸ ਨਾਲ ਸਿੱਖ ਧਰਮ ਦੀ ਅੰਤਰਰਾਸ਼ਟਰੀ ਪ੍ਰਭੂਸੱਤਾ ਦੀ ਪ੍ਰਤੀਕ ਇਸ ਸੰਸਥਾ ਨੂੰ ਗਹਿਰੀ ਸੱਟ ਵੱਜੀ ਹੈ।

ਦੋ ਦਸੰਬਰ ਦੇ ਹੁਕਮਨਾਮੇ, ਜਿਸ ਨੂੰ ਸਿੱਖ ਪੰਥ ਵੱਲੋਂ ਵਿਆਪਕ ਰੂਪ ਵਿੱਚ ਸਰਾਹਿਆ ਗਿਆ ਸੀ ਅਤੇ ਵੱਖ-ਵੱਖ ਪੱਧਰਾਂ 'ਤੇ ਅਕਾਲ ਤਖ਼ਤ ਦੀ ਨਿਰਾਲੀ ਸੰਸਥਾ ਦੇ ਕੰਮਕਾਜ ਦੇ ਅਧਿਐਨ ਦਾ ਕੋਈ ਹਵਾਲਾ ਦਿੱਤੇ ਬਗ਼ੈਰ ਸੁਖਬੀਰ ਨੇ ਸਿੱਧਾ ਹਮਲਾ ਬੋਲਦਿਆਂ ਆਖਿਆ ਸੀ ਕਿ ਗਿਆਨੀ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਦੋ ਹੋਰ ਸਾਥੀ (ਉਨ੍ਹਾਂ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਦਾ ਸਾਫ਼ ਤੌਰ 'ਤੇ ਨਾਂ ਨਹੀਂ ਲਿਆ) ਭਾਰਤੀ ਜਨਤਾ ਪਾਰਟੀ ਦੇ ਪ੍ਰਭਾਵ ਹੇਠ ਆ ਗਏ ਸਨ ਜੋ ਕਿ 2020 ਵਿੱਚ ਉਦੋਂ ਤੋਂ ਹੀ ਸ਼੍ਰੋਮਣੀ ਅਕਾਲੀ ਦਲ (ਭਾਵ ਬਾਦਲ ਪਰਿਵਾਰ) ਨੂੰ ਨਿਸ਼ਾਨਾ ਬਣਾਉਂਦੀ ਆ ਰਹੀ ਹੈ ਜਦੋਂ ਅਕਾਲੀ ਦਲ ਨੇ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਨਰਿੰਦਰ ਮੋਦੀ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰ ਇਸ ਕਰ ਕੇ ਝਾਂਸੇ ਵਿੱਚ ਆ ਗਏ ਸਨ ਕਿ ਕੇਂਦਰ ਵੱਲੋਂ ਉਨ੍ਹਾਂ ਨੂੰ ਸੁਰੱਖਿਆ ਕਰਮੀ ਅਤੇ ਵਾਹਨ ਮੁਹੱਈਆ ਕਰਵਾਏ ਗਏ ਸਨ। ਪਰ ਇਹ ਕੋਈ ਬਹੁਤ ਵੱਡੀ ਕੀਮਤ ਨਹੀਂ ਹੈ। ਇਹ ਦੇਖਣਾ ਕਾਫ਼ੀ ਦਿਲਚਸਪ ਹੋਵੇਗਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਤਰ੍ਹਾਂ ਦੀ ਸੁਰੱਖਿਆ ਮੁਹੱਈਆ ਕਰਾਉਣ ਦੀ ਸ਼ੁਰੂਆਤ ਕਦੋਂ ਹੋਈ ਸੀ।

ਸੁਖਬੀਰ ਬਾਦਲ ਦੇ ਇਸ ਦੋਸ਼ ਦੇ ਅਰਥ ਬਹੁਤ ਸਪਸ਼ਟ ਹਨ। ਇਸ ਦਾ ਮਤਲਬ ਹੈ ਕਿ 2 ਦਸੰਬਰ ਦਾ ਹੁਕਮਨਾਮਾ ਭਾਜਪਾ ਦੀਆਂ ਹਦਾਇਤਾਂ ਹੇਠ ਜਾਰੀ ਕੀਤਾ ਗਿਆ ਸੀ! ਹੁਕਮਨਾਮੇ, ਜਿਸ ਨੂੰ ਹਰ ਸਿੱਖ ਵੱਲੋਂ ਹੂ-ਬ-ਹੂ ਮੰਨਣਾ ਲਾਜ਼ਮੀ ਹੁੰਦਾ ਹੈ, ਦੇ ਦੋ ਪਹਿਲੂ ਹਨ- ਇੱਕ ਸੀ ਪਾਰਟੀ ਦੇ ਪ੍ਰਮੁੱਖ ਆਗੂ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ 'ਪੰਥ ਰਤਨ ਫ਼ਖ਼ਰ-ਏ-ਕੌਮ' ਦਾ ਖ਼ਿਤਾਬ ਵਾਪਸ ਲੈਣਾ ਜੋ ਕਿ 5 ਦਸੰਬਰ, 2011 ਨੂੰ 'ਉਨ੍ਹਾਂ ਦੇ ਲੰਮੇ ਪੰਥਕ ਅਤੇ ਸਿਆਸੀ ਕਰੀਅਰ ਦੌਰਾਨ ਪਾਏ ਗਏ ਬੇਮਿਸਾਲ ਯੋਗਦਾਨ ਅਤੇ ਮਾਣਮੱਤੀਆਂ ਸੇਵਾਵਾਂ ਬਦਲੇ ਦਿੱਤਾ ਗਿਆ ਸੀ।' ਇਹ ਪਹਿਲੀ ਵਾਰ ਸੀ ਜਦੋਂ ਪੰਥ ਰਤਨ ਵਜੋਂ ਜਾਣੇ ਜਾਂਦੇ ਇਸ ਖ਼ ?ਤਾਬ ਦਾ ਦਰਜਾ ਹੋਰ ਉੱਚਾ ਕੀਤਾ ਗਿਆ ਸੀ। ਇਹ ਖ਼ ?ਤਾਬ ਵਾਪਸ ਲੈਣ ਦੇ ਆਦੇਸ਼ ਨਾਲ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦੀ ਸਮੁੱਚੀ ਵਿਰਾਸਤ ਸਵਾਲਾਂ ਦੇ ਘੇਰੇ ਹੇਠ ਆ ਗਈ ਸੀ। ਨਵਾਂ ਖ਼ ?ਤਾਬ ਪਹਿਲੀ ਵਾਰ ਸਥਾਪਿਤ ਕਰਨ ਵਾਂਗ ਹੀ ਇਹ ਵੀ ਪਹਿਲੀ ਵਾਰ ਹੋਇਆ ਸੀ ਜਦੋਂ ਇਹ ਖ਼ ?ਤਾਬ ਵਾਪਸ ਲਿਆ ਗਿਆ। ਦੂਜਾ ਪਹਿਲੂ ਇਹ ਸੀ ਕਿ ਅਕਾਲੀ ਲੀਡਰਸ਼ਿਪ ਸਿੱਖਾਂ ਦੀ ਅਗਵਾਈ ਕਰਨ ਦਾ ਨੈਤਿਕ ਹੱਕ ਗੁਆ ਚੁੱਕੀ ਹੈ। ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਸੱਤ ਮੈਂਬਰੀ ਕਮੇਟੀ ਦਾ ਗਠਨ ਕਰ ਕੇ ਉਸ ਨੂੰ ਛੇ ਮਹੀਨਿਆਂ ਦੇ ਅੰਦਰ ਅਕਾਲੀ ਦਲ ਦੀ ਨਵੀਂ ਭਰਤੀ ਕਰਨ ਅਤੇ ਜਥੇਬੰਦਕ ਚੋਣਾਂ ਕਰਾਉਣ ਦਾ ਜ਼ਿੰਮਾ ਸੌਂਪਿਆ ਗਿਆ। ਧਾਮੀ ਸਮੇਤ ਦੋ ਮੈਂਬਰ ਇਸ ਕਮੇਟੀ ਤੋਂ ਅਸਤੀਫ਼ਾ ਦੇ ਕੇ ਲਾਂਭੇ ਹੋ ਗਏ ਜਦੋਂਕਿ ਕਮੇਟੀ ਦੇ ਬਾਕੀ ਪੰਜ ਮੈਂਬਰਾਂ ਵੱਲੋਂ ਹੁਕਮਨਾਮੇ ਤਹਿਤ ਭਰਤੀ ਕੀਤੀ ਜਾ ਰਹੀ ਹੈ।

ਉਂਝ, ਸ਼੍ਰੋਮਣੀ ਅਕਾਲੀ ਦਲ ਵੱਲੋਂ ਵੱਖਰੇ ਤੌਰ 'ਤੇ ਭਰਤੀ ਚਲਾਈ ਗਈ ਜਿਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੂੰ ਮੁੜ ਪ੍ਰਧਾਨ ਚੁਣ ਲਿਆ ਗਿਆ। ਜ਼ਿਕਰਯੋਗ ਹੈ ਕਿ ਜਿਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਦੋ ਦਸੰਬਰ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਉਨ੍ਹਾਂ 'ਚੋਂ ਇੱਕ ਸਤੰਬਰ 2015 ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਿਵਾਦਪੂਰਨ ਢੰਗ ਨਾਲ ਮੁਆਫ਼ੀ ਦੇਣ ਨਾਲ ਜੁੜਿਆ ਹੋਇਆ ਸੀ ਜਿਸ ਨੂੰ ਮਈ 2007 ਵਿੱਚ ਦਸਵੇਂ ਗੁਰੂ ਦੀ ਨਕਲ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਬਾਅਦ ਵਿੱਚ ਇਹ ਖੁਲਾਸਾ ਹੋਇਆ ਕਿ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਉਨ੍ਹਾਂ ਦੇ ਸਹਿਕਰਮੀਆਂ ਨੂੰ ਚੰਡੀਗੜ੍ਹ ਮੁੱਖ ਮੰਤਰੀ ਬਾਦਲ ਦੇ ਸਰਕਾਰੀ ਨਿਵਾਸ 'ਤੇ ਬੁਲਾ ਕੇ ਡੇਰੇ ਵੱਲੋਂ ਭੇਜੀ ਗਈ ਇੱਕ ਚਿੱਠੀ ਸੌਂਪੀ ਗਈ ਸੀ। ਇਹ ਸਿੱਖ ਮਰਿਆਦਾ ਦੀ ਘੋਰ ਉਲੰਘਣਾ ਸੀ ਅਤੇ ਪ੍ਰਭੂਸੱਤਾਪੂਰਨ ਸਿੱਖ ਸੰਸਥਾ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਦੇ ਤੁੱਲ ਸੀ। ਸਿੱਖ ਜਗਤ ਅੰਦਰ ਡੇਰਾ ਮੁਖੀ ਦੀ ਮੁਆਫ਼ੀ ਦੇ ਹੁਕਮਨਾਮੇ ਪ੍ਰਤੀ ਰੋਸ ਫੈਲਣ ਕਰ ਕੇ ਇਸ ਨੂੰ ਵਾਪਸ ਲੈਣਾ ਪਿਆ। ਪਰ ਨੁਕਸਾਨ ਹੋ ਚੁੱਕਿਆ ਸੀ।

ਪਿਛਲੇ ਸਾਲ ਦੋ ਦਸੰਬਰ ਨੂੰ ਅਕਾਲ ਤਖ਼ਤ ਸਾਹਮਣੇ ਪੇਸ਼ ਹੋਣ ਵਾਲੀ ਸਮੁੱਚੀ ਲੀਡਰਸ਼ਿਪ ਨੇ ਬਿਨਾਂ ਕਿਸੇ ਨਾਂਹ-ਨੁੱਕਰ ਤੋਂ ਆਪਣੀਆਂ ਗ਼ਲਤੀਆਂ ਤੇ ਭੁੱਲਾਂ ਸਵੀਕਾਰ ਕੀਤੀਆਂ ਸਨ। ਉਂਝ, ਸੁਖਬੀਰ ਕੁਝ ਦਿਨਾਂ ਬਾਅਦ ਹੀ ਇਸ ਤੋਂ ਪਲਟ ਗਏ ਸਨ। ਬਾਅਦ ਵਿੱਚ ਦੋ ਦਸੰਬਰ ਦਾ ਹੁਕਮਨਾਮਾ ਜਾਰੀ ਕਰਨ ਵਾਲੇ ਤਿੰਨ ਜਥੇਦਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਪਮਾਨਜਨਕ ਢੰਗ ਨਾਲ ਅਹੁਦਿਆਂ ਤੋਂ ਹਟਾ ਦਿੱਤਾ ਗਿਆ।

ਇਸ ਸਮੇਂ ਕਸੂਤੀ ਸਥਿਤੀ ਬਣੀ ਹੋਈ ਹੈ। ਸੁਖਬੀਰ ਬਾਦਲ ਦੇ ਦੋਸ਼ਾਂ ਮੁਤਾਬਿਕ ਗਿਆਨੀ ਰਘਬੀਰ ਸਿੰਘ ਵੀ ਭਾਜਪਾ ਦੇ ਪ੍ਰਭਾਵ ਹੇਠ ਕੰਮ ਕਰਦੇ ਸਨ ਜਦੋਂਕਿ ਉਹ ਹਾਲੇ ਵੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਨਿਭਾ ਰਹੇ ਹਨ ਜੋ ਕਿ ਸਿੱਖ ਪੰਥ ਦਾ ਬਹੁਤ ਉੱਚਾ ਅਹੁਦਾ ਗਿਣਿਆ ਜਾਂਦਾ ਹੈ। ਸੁਖਬੀਰ ਨੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਿੰਨ ਜਥੇਦਾਰਾਂ ਨੂੰ ਅਹੁਦਿਆਂ ਤੋਂ ਹਟਾਉਣ ਬਦਲੇ ਧੰਨਵਾਦ ਕੀਤਾ। ਧਾਮੀ ਹੁਰੀਂ ਉਸ ਸਮੇਂ 'ਅਸਤੀਫ਼ਾ' ਦੇ ਕੇ ਘਰ ਬੈਠ ਗਏ ਸਨ।

ਜੇ ਅਕਾਲ ਤਖ਼ਤ ਦੇ ਜਥੇਦਾਰ ਸਾਹਿਬਾਨ ਤੇ ਤਖਤ ਕੇਸਗੜ੍ਹ ਸਾਹਿਬ ਅਤੇ ਤਖਤ ਦਮਦਮਾ ਸਾਹਿਬ ਤੋਂ ਉਨ੍ਹਾਂ ਦੇ ਦੋ ਸਹਿਯੋਗੀਆਂ ਨੇ ਭਾਜਪਾ ਮਤਲਬ ਕਿ ਰਾਸ਼ਟਰੀ ਸਵੈਮਸੇਵਕ ਸੰਘ ਦੇ ਪ੍ਰਭਾਵ ਹੇਠ ਆ ਕੇ ਕੰਮ ਕੀਤਾ ਸੀ ਤਾਂ ਕੀ ਐੱਸਜੀਪੀਸੀ ਨੂੰ ਇਸ ਸਥਿਤੀ ਲਈ ਨੈਤਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ? ਧਾਮੀ ਨੂੰ ਇਹ ਵਿਰੋਧਾਭਾਸ ਸਪੱਸ਼ਟ ਕਰਨ ਦੀ ਲੋੜ ਹੈ ਕਿਉਂਕਿ ਐੱਸਜੀਪੀਸੀ ਹੀ ਨਿਯੁਕਤੀਆਂ ਕਰਨ ਵਾਲੀ ਸੰਸਥਾ ਹੈ।

ਐੱਸਜੀਪੀਸੀ ਉੱਤੇ ਮੁੱਖ ਤੌਰ 'ਤੇ ਅਕਾਲੀ ਦਲ ਦੇ ਬਾਦਲ ਧੜੇ ਦਾ ਹੀ ਕਬਜ਼ਾ ਹੈ ਕਿਉਂਕਿ ਇਸ ਦੇ ਜਨਰਲ ਹਾਊਸ ਦੇ ਜ਼ਿਆਦਾਤਰ ਮੈਂਬਰ ਇਸੇ ਪਾਰਟੀ ਨਾਲ ਸਬੰਧ ਰੱਖਦੇ ਹਨ। ਜਨਰਲ ਹਾਊਸ ਦੀ ਆਖ਼ਰੀ ਚੋਣ 2011 ਵਿੱਚ ਹੋਈ ਸੀ ਤੇ ਇਸ ਦੀ ਮਿਆਦ ਖ਼ਤਮ ਹੋਇਆਂ ਨੂੰ ਕਈ ਸਾਲ ਲੰਘ ਚੁੱਕੇ ਹਨ। ਹਾਲਾਂਕਿ, ਇਹ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕੇਂਦਰੀ ਗ੍ਰਹਿ ਮੰਤਰਾਲਾ ਇਸ ਕਰ ਕੇ ਚੋਣ ਟਾਲ ਰਿਹਾ ਹੈ ਕਿ ਇਸ ਨੂੰ ਖਦਸ਼ਾ ਹੈ ਕਿ ਸਿੱਖਾਂ ਦੀ ਇਸ ਲੋਕਤੰਤਰਿਕ ਸੰਸਥਾ 'ਤੇ ਕੱਟੜਵਾਦੀ ਕਾਬਜ਼ ਹੋ ਸਕਦੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਡਰ 'ਚੋਂ ਨਿਕਲਣ ਦੀ ਲੋੜ ਹੈ। ਇਹੀ ਚੋਣ ਹੈ ਜੋ ਸ਼ਾਇਦ ਸਿੱਖ ਜਗਤ 'ਚ ਕਿਸੇ ਤਰ੍ਹਾਂ ਦੀ ਸਥਿਰਤਾ ਲਿਆ ਸਕਦੀ ਹੈ। ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਇਹੀ ਚੋਣ ਹੈ ਜੋ ਕਿ ਸਿੱਖ ਜਗਤ ਦੀ ਲੀਡਰਸ਼ਿਪ ਦਾ ਫ਼ੈਸਲਾ ਕਰਦੀ ਹੈ।

ਹੁਣ ਇਹ ਸਪੱਸ਼ਟ ਹੈ ਕਿ ਪੰਜ-ਮੈਂਬਰੀ ਕਮੇਟੀ ਵੱਲੋਂ ਭਰਤੀ ਮੁਹਿੰਮ ਮੁਕੰਮਲ ਹੋਣ 'ਤੇ ਅਕਾਲੀ ਦਲ ਦੇ ਦੋ ਧੜੇ ਉੱਭਰਨਗੇ। ਸਿੱਖ ਕਾਰਜ ਖੇਤਰ ਦੇ ਹੋਰਨਾਂ ਧੜਿਆਂ 'ਚ ਦੋ ਸੰਸਦ ਮੈਂਬਰਾਂ ਵਾਲਾ ਅਕਾਲੀ ਦਲ (ਵਾਰਿਸ ਪੰਜਾਬ ਦੇ) ਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦਾ ਅਕਾਲੀ ਦਲ (ਅੰਮ੍ਰਿਤਸਰ) ਸ਼ਾਮਿਲ ਹਨ। ਇਸ ਤਰ੍ਹਾਂ ਘੱਟੋ-ਘੱਟ ਚਾਰ ਅਕਾਲੀ ਧੜੇ ਜੋ ਸਾਰੇ ਲੋਕਤੰਤਰੀ ਧਾਰਾ 'ਚ ਸ਼ਾਮਿਲ ਹਨ, ਜਦੋਂ ਵੀ ਚੋਣਾਂ ਹੁੰਦੀਆਂ ਹਨ, ਕਈ ਹੋਰਨਾਂ ਦਲਾਂ ਦੇ ਨਾਲ ਐੱਸਜੀਪੀਸੀ ਦੀ ਲੀਡਰਸ਼ਿਪ ਲਈ ਮੁਕਾਬਲਾ ਕਰਨਗੇ।

ਹੁਣ ਗੱਲ ਕਰਦੇ ਹਾਂ ਦਮਦਮਾ ਸਾਹਿਬ ਵਿਖੇ ਬਾਦਲ ਧੜੇ ਵੱਲੋਂ ਸਾਹਮਣੇ ਲਿਆਂਦੇ ਏਜੰਡੇ ਦੀ। ਸੁਖਬੀਰ ਨੇ ਪ੍ਰਕਾਸ਼ ਸਿੰਘ ਬਾਦਲ ਦੀ ਵਿਰਾਸਤ ਜੋ ਹਾਲਾਂਕਿ ਦਾਗ਼ੀ ਹੈ ਅਤੇ ਆਟਾ-ਦਾਲ ਤੇ ਸ਼ਗਨ ਸਕੀਮਾਂ ਆਦਿ ਬਾਰੇ ਗੱਲ ਕੀਤੀ। ਪਾਰਟੀ ਦੀ ਇੱਕੋ-ਇੱਕ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੱਖਰੀ ਸਿੱਖ ਪਛਾਣ ਦਾ ਜ਼ਿਕਰ ਕੀਤਾ ਜਿਸ ਮੁੱਦੇ ਨੂੰ ਪਾਰਟੀ ਨੇ ਸੱਤਾ ਵਿੱਚ ਹੁੰਦਿਆਂ ਹਮੇਸ਼ਾ ਨਜ਼ਰਅੰਦਾਜ਼ ਕਰੀ ਰੱਖਿਆ ਸੀ। ਸੁਖਬੀਰ ਨੇ ਕਿਹਾ ਕਿ ਕੀਤੇ ਜਾਣ ਵਾਲੇ ਸਾਰੇ ਵਾਅਦੇ ਪੁਗਾਏ ਜਾਣਗੇ। ਇਸ ਭਰੋਸੇ ਨੂੰ 1996 ਦੀ ਲੋਕ ਸਭਾ ਚੋਣ ਤੋਂ ਬਾਅਦ ਦੇ ਪਾਰਟੀ ਦੇ ਚੋਣ ਮਨੋਰਥ ਪੱਤਰਾਂ ਦੇ ਪਿਛੋਕੜ 'ਚ ਜਾ ਕੇ ਵਾਚਿਆ ਜਾਣਾ ਚਾਹੀਦਾ ਹੈ ਤੇ ਇਸ ਲਈ ਵੱਖਰਾ ਲੇਖ ਲਿਖਣ ਦੀ ਲੋੜ ਪਵੇਗੀ। ਸਪੱਸ਼ਟ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਅਗਲੀ ਤਰਜੀਹ ਇਹ ਰਹੇਗੀ ਕਿ ਆਪਣੇ ਪਿਤਾ ਦਾ 'ਪੰਥ ਰਤਨ' ਖ਼ ?ਤਾਬ ਬਹਾਲ ਕਰਾਇਆ ਜਾ ਸਕੇ।

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਮਰੀਕਾ ਚ ਗੁਜਰਾਤੀ-ਭਾਰਤੀ ਨੂੰ 8 ਸਾਲ ਦੀ ਕੈਦ ਦੀ ਸਜ਼ਾ

ਨਿਊਯਾਰਕ (ਰਾਜ ਗੋਗਨਾ) : ਵਿਜ਼ਟਰ ਵੀਜ਼ੇ 'ਤੇ ਅਮਰੀਕਾ ਗਏ ਇਕ ਭਾਰਤੀ-ਗੁਜਰਾਤੀ ਪ੍ਰਤੀਕ ਪਟੇਲ ਨੂੰ ਬੀਤੇ ਦਿਨ ਅਦਾਲਤ ਨੇ 8 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਇਹ ਭਾਰਤੀ-ਗੁਜਰਾਤੀ ਨੌਜਵਾਨ, ਜੋ ਕਿ ਵਿਜ਼ਟਰ ਵੀਜ਼ੇ 'ਤੇ ਅਮਰੀਕਾ ਆਇਆ ਸੀ, ਨੂੰ ਇੱਕ ਆਦਮੀ ਤੋਂ 80,000 ਹਜ਼ਾਰ ਡਾਲਰ ਦੀ ਫਿਰੌਤੀ ਲੈਣ ਦੇ ਦੋਸ਼ ਵਿੱਚ ਪੁਲਸ ਵੱਲੋ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਉਸ ਨੇ ਅਦਾਲਤ ਵਿਚ ਆਪਣਾ ਅਪਰਾਧ ਵੀ ਕਬੂਲ ਕਰ ਲਿਆ। ਇਸ ਮਾਮਲੇ ਵਿੱਚ ਅਦਾਲਤ ਵੱਲੋਂ ਉਸ ਨੂੰ 90 ਮਹੀਨੇ ਯਾਨੀ ਸਾਢੇ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।

ਅਦਾਲਤ ਨੇ ਉਸ ਨੂੰ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਤਿੰਨ ਸਾਲਾਂ ਲਈ ਨਿਗਰਾਨੀ ਹੇਠ ਰਿਹਾਈ 'ਤੇ ਵੀ ਰੱਖੇ ਜਾਣ ਦਾ ਹੁਕਮ ਜਾਰੀ ਕੀਤਾ ਹੈ। ਦੱਸਣਯੋਗ ਹੈ ਕਿ ਪ੍ਰਤੀਕ ਪਟੇਲ ਨੇ ਵਾਇਰ ਧੋਖਾਧੜੀ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਮੰਨਿਆ ਹੈ। ਹੋ ਸਕਦਾ ਹੈ ਕਿ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਉਸ ਨੂੰ ਭਾਰਤ ਵੀ ਭੇਜਿਆ ਜਾ ਸਕਦਾ ਹੈ। ਦੋਸ਼ੀ ਪ੍ਰਤੀਕ ਪਟੇਲ, ਜੋ ਕਿ ਵਿਜ਼ਟਰ ਵੀਜ਼ੇ 'ਤੇ ਅਮਰੀਕਾ ਗਿਆ ਸੀ, ਨੂੰ ਅਮਰੀਕਾ ਦੇ ਸੂਬੇ ਓਹੀਓ ਦੇ ਫੇਅਰਬੋਰਨ ਵਿੱਚ ਰਹਿਣ ਵਾਲੇ ਇੱਕ ਵਿਅਕਤੀ ਤੋਂ 80,000 ਹਜ਼ਾਰ ਡਾਲਰ ਦੀ ਫਿਰੌਤੀ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਲਈ ਉਸ ਨੇ ਇਸ ਸਾਲ ਦੇ ਜਨਵਰੀ ਦੇ ਮਹੀਨੇ ਵਿੱਚ ਆਪਣਾ ਦੋਸ਼ ਕਬੂਲ ਕਰ ਲਿਆ ਸੀ।

ਅਦਾਲਤੀ ਰਿਕਾਰਡਾਂ ਅਨੁਸਾਰ ਪ੍ਰਤੀਕ ਪਟੇਲ ਨੇ ਵਾਇਰ ਧੋਖਾਧੜੀ ਕਰਨ ਦੀ ਸਾਜ਼ਿਸ਼ ਰਚਣ ਦਾ ਸੰਯੁਕਤ ਰਾਜ ਅਮਰੀਕਾ ਦੇ ਸੀਨੀਅਰ ਨਾਗਰਿਕਾਂ ਨਾਲ ਧੋਖਾਧੜੀ ਕਰਨ ਲਈ ਆਪਣਾ ਦੋਸ਼ ਵੀ ਕਬੂਲ ਕਰ ਲਿਆ। ਪਰ ਉਸ 'ਤੇ ਫੇਅਰਬੋਰਨ, ਕੈਲੀਫੋਰਨੀਆ, ਮੈਰੀਲੈਂਡ, ਮਿਨੀਸੋਟਾ, ਪੈਨਸਿਲਵੇਨੀਆ, ਟੈਕਸਾਸ ਅਤੇ ਵਰਜੀਨੀਆ ਤੋਂ ਨਕਦੀ ਨਾਲ ਭਰੇ ਪਾਰਸਲ ਇਕੱਠੇ ਕਰਨ ਦਾ ਦੋਸ਼ ਸਾਬਤ ਹੋਇਆ ਸੀ। ਸੰਘੀ ਸ਼ਿਕਾਇਤ ਅਨੁਸਾਰ ਉਸ ਨੇ ਅਮਰੀਕਾ ਦੇ ਸੂਬੇ ਓਹੀਓ ਵਿੱਚ ਇੱਕ 75 ਸਾਲਾ ਦੇ ਵਿਅਕਤੀ ਤੋਂ ਪੈਸੇ ਵਸੂਲੇ ਸਨ। ਇਸ ਮਾਮਲੇ ਵਿੱਚ ਪੀੜਤ ਨੂੰ ਨਵੰਬਰ 2023 ਵਿੱਚ ਇੱਕ ਘੁਟਾਲੇਬਾਜ਼ ਨੇ ਫ਼ੋਨ ਕੀਤਾ ਸੀ, ਜਿਸ ਵਿੱਚ ਉਸ ਨੇ ਦਾਅਵਾ ਕੀਤਾ ਸੀ ਕਿ ਉਹ ਐਮਾਜ਼ਾਨ ਤੋਂ ਹੈ ਅਤੇ ਉਸਦੇ ਖਾਤੇ ਵਿੱਚ ਸ਼ੱਕੀ ਗਤੀਵਿਧੀ ਹੋਈ ਹੈ। ਫਿਰ ਘੁਟਾਲੇਬਾਜ਼ ਨੇ ਫੋਨ ਕਾਲ ਨੂੰ ਇੱਕ ਜਾਅਲੀ ਫੈਡਰਲ ਟਰੇਡ ਕਮਿਸ਼ਨ ਅਧਿਕਾਰੀ ਨੂੰ ਟਰਾਂਸਫਰ ਕਰ ਦਿੱਤਾ, ਜਿਸ ਨੇ ਪੀੜਤ ਨੂੰ ਇਹ ਕਹਿ ਕੇ ਡਰਾਇਆ ਕਿ ਉਸਦੇ ਸੋਸ਼ਲ ਸਿਕਿਉਰਿਟੀ ਨੰਬਰ ਦੀ ਵਰਤੋਂ ਕਰਕੇ 32 ਬੈਂਕ ਖਾਤੇ ਅਤੇ 17 ਕ੍ਰੈਡਿਟ ਕਾਰਡ ਖੋਲ੍ਹੇ ਗਏ ਹਨ।



# ਅਮਰੀਕਾ 'ਚ ਭਾਰਤੀ ਮੂਲ ਦਾ ਡਾਕਟਰ ਸਿਹਤ ਸੰਭਾਲ ਧੋਖਾਧੜੀ ਦਾ ਦੋਸ਼ੀ, ਹੋ ਸਕਦੀ ਹੈ 130 ਸਾਲ ਦੀ ਸਜ਼ਾ

ਨਿਊਯਾਰਕ (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਸੂਬੇ ਪੈਨਸਿਲਵੇਨੀਆ ਵਿੱਚ ਪ੍ਰੈਕਟਿਸ ਕਰ ਰਹੇ ਇੱਕ ਭਾਰਤੀ ਡਾਕਟਰ ਨੂੰ ਇੱਕ ਸਥਾਨਕ ਸੰਘੀ ਅਦਾਲਤ ਨੇ ਸਿਹਤ ਸੰਭਾਲ ਧੋਖਾਧੜੀ ਦਾ ਦੋਸ਼ੀ ਪਾਇਆ। ਉਸ 'ਤੇ ਮਰੀਜ਼ਾਂ ਨੂੰ ਦਵਾਈ ਦੇਣ ਦਾ ਦੋਸ਼ ਲਗਾਇਆ ਗਿਆ ਸੀ ਜਦੋਂ ਇਹ ਡਾਕਟਰੀ ਤੌਰ 'ਤੇ ਜ਼ਰੂਰੀ ਨਹੀਂ ਸਨ ਅਤੇ ਗੈਰ-ਕਾਨੂੰਨੀ ਤੌਰ 'ਤੇ ਨਿਯੰਤਰਿਤ ਦਵਾਈਆਂ ਉਹਨਾਂ ਨੂੰ ਵੰਡ ਰਿਹਾ ਸੀ। ਇਸ ਭਾਰਤੀ ਡਾਕਟਰ 'ਤੇ ਬੇਲੋੜੀਆਂ ਦਵਾਈਆਂ ਲਿਖ ਕੇ ਕਥਿਤ ਤੌਰ 'ਤੇ ਝੂਠੇ ਦਾਅਵੇ ਕਰਨ ਦੇ ਦੋਸ਼ ਵਿੱਚ ਕੇਸ ਚੱਲ ਰਿਹਾ ਸੀ। ਲੰਘੇ ਸਾਲ 2019 ਦੇ ਵਿੱਚ ਡਾ. ਨੀਲ ਕੇ. ਆਨੰਦ ਅਤੇ ਤਿੰਨ ਹੋਰਾਂ 'ਤੇ ਸਿਹਤ ਸੰਭਾਲ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਸੀ।

ਬੈਨਸਲੇਮ, ਸਿਟੀ ਦੇ ਸੂਬੇ ਪੈਨਸਿਲਵੇਨੀਆ ਦੇ 48 ਸਾਲਾ ਡਾ. ਨੀਲ ਕੇ. ਆਨੰਦ ਨੂੰ ਇੱਕ ਸਥਾਨਕ ਸੰਘੀ ਜਿਊਰੀ ਨੇ ਸਿਹਤ ਸੰਭਾਲ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਹੈ। ਡਾ. ਆਨੰਦ ਸਮੇਤ ਚਾਰ ਵਿਅਕਤੀਆਂ 'ਤੇ 2019 ਵਿੱਚ ਸਿਹਤ ਸੰਭਾਲ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਸੀ। ਆਨੰਦ 'ਤੇ ਮਰੀਜ਼ਾਂ ਨੂੰ ਬੇਲੋੜੀਆਂ ਦਵਾਈਆਂ ਲਿਖਣ ਅਤੇ ਝੂਠੇ ਦਾਅਵੇ ਕਰਨ, ਮੈਡੀਕੇਅਰ, ਯੂ.ਐਸ ਆਫਿਸ ਆਫ ਪਰਸੋਨਲ ਮੈਨੇਜਮੈਂਟ, ਇੰਡੀਪੈਂਡੈਂਸ ਬਲੂ ਕਰਾਸ ਅਤੇ ਐਂਥਮ ਨਾਲ ਕੁੱਲ 2.3 ਮਿਲੀਅਨ ਡਾਲਰ ਦੀ ਧੋਖਾਧੜੀ ਕਰਨ ਦਾ ਦੋਸ਼ ਸਿੱਧ ਹੋਇਆ ਹੈ।

ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤਾਂ ਵਿੱਚ ਕਿਹਾ ਗਿਆ ਹੈ ਕਿ ਡਾ. ਆਨੰਦ ਪਹਿਲਾਂ ਤੋਂ ਦਸਤਖ਼ਤ ਕੀਤੇ ਖਾਲੀ ਨੁਸਖੇ ਲਿਖ ਕੇ ਦਿੰਦਾ ਸੀ। ਇਹ ਦਵਾਈਆਂ ਘਰ ਦੀਆਂ ਫਾਰਮੇਸੀਆਂ ਤੋਂ ਵੀ ਮਿਲਦੀਆਂ ਸਨ। ਇਲਜ਼ਾਮ ਅਨੁਸਾਰ ਡਾ. ਆਨੰਦ ਨੇ ਆਪਣੇ ਇੰਟਰਨ ਨੂੰ ਆਕਸੀਕੋਡੋਨ ਨਾਮਕ ਇੱਕ ਨਿਯੰਤਰਿਤ ਦਵਾਈ ਲਈ ਪਹਿਲਾਂ ਤੋਂ ਦਸਤਖ਼ਤ ਕੀਤਾ ਨੁਸਖ਼ਾ ਦਿੱਤਾ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਸਿਰਫ਼ 9 ਮਰੀਜ਼ਾਂ ਦੇ ਇਲਾਜ ਲਈ ਆਕਸੀਕੋਡੋਨ ਦੀਆਂ 29 ਹਜ਼ਾਰ 850 ਗੋਲੀਆਂ ਦੀ ਵਰਤੋਂ ਕੀਤੀ ਗਈ। ਆਕਸੀਕੋਡੋਨ ਇੱਕ ਓਪੀਔਡ ਦਰਦ ਨਿਵਾਰਕ ਹੈ ਅਤੇ ਇਸਦੀ ਵਰਤੋਂ ਨਸ਼ਾ ਕਰਨ ਲਈ ਵੀ ਕੀਤੀ ਜਾਂਦੀ ਹੈ। ਅਮਰੀਕਾ ਵਿੱਚ ਇਸ ਨਸ਼ੇ ਦੀ ਲਤ ਲਈ ਵਰਤੋਂ ਕਰਨ ਵਾਲੇ ਲੋਕਾਂ ਦੀ ਚਿੰਤਾਜਨਕ ਦਰ ਹੈ।



ਜਦੋਂ ਡਾ. ਆਨੰਦ ਨੂੰ ਪਤਾ ਲੱਗਾ ਕਿ ਉਸ ਦੀ ਜਾਂਚ ਚੱਲ ਰਹੀ ਹੈ, ਤਾਂ ਉਸਨੇ ਆਪਣੇ ਪਿਤਾ ਅਤੇ ਆਪਣੀ ਨਾਬਾਲਗ ਧੀ ਦੇ ਖਾਤਿਆਂ ਵਿੱਚ ਲਗਭਗ 1.2 ਮਿਲੀਅਨ ਡਾਲਰ ਟਰਾਂਸਫਰ ਕਰ ਦਿੱਤੇ। ਭਾਰਤੀ ਡਾ. ਆਨੰਦ ਨੂੰ ਸਿਹਤ ਸੰਭਾਲ ਦੀ ਧੋਖਾਧੜੀ ਅਤੇ ਵਾਇਰ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਨ੍ਹਾਂ ਵਿੱਚ ਸਿਹਤ ਸੰਭਾਲ ਧੋਖਾਧੜੀ ਦੇ ਤਿੰਨ ਦੋਸ਼, ਮਨੀ ਲਾਂਡਰਿੰਗ ਦਾ ਇੱਕ ਦੋਸ਼, ਗੈਰ-ਕਾਨੂੰਨੀ ਪੈਸੇ ਦੇ ਲੈਣ-ਦੇਣ ਦੇ ਚਾਰ ਦੋਸ਼ ਅਤੇ ਨਿਯੰਤਰਿਤ ਦਵਾਈਆਂ ਦੇਣ ਦਾ ਇੱਕ ਦੋਸ਼ ਸ਼ਾਮਲ ਹੈ। ਡਾ. ਆਨੰਦ ਨੂੰ 19 ਅਗਸਤ ਨੂੰ ਸਜ਼ਾ ਸੁਣਾਈ ਜਾਵੇਗੀ। ਉਨ੍ਹਾਂ ਨੂੰ 130 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਇਸਦਾ ਮਤਲਬ ਹੈ ਕਿ ਉਨ੍ਹਾਂ ਨੂੰ ਉਮਰ ਭਰ ਜੇਲ੍ਹ ਵਿੱਚ ਰਹਿਣਾ ਪੈ ਸਕਦਾ ਹੈ।

ਡਾ. ਆਨੰਦ ਸਮੇਤ ਧੋਖਾਧੜੀ ਦੇ ਦੋਸ਼ੀ ਚਾਰ ਲੋਕਾਂ ਵਿੱਚੋਂ ਤਿੰਨ ਕੋਲ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਮੈਡੀਕਲ ਡਿਗਰੀਆਂ ਸਨ, ਪਰ ਉਨ੍ਹਾਂ ਕੋਲ ਸੰਯੁਕਤ ਰਾਜ ਅਮਰੀਕਾ ਵਿੱਚ ਡਾਕਟਰੀ ਦਾ ਅਭਿਆਸ ਕਰਨ ਦਾ ਲਾਇਸੈਂਸ ਨਹੀਂ ਸੀ।ਇਸ ਤੋਂ ਪਹਿਲਾਂ 14 ਦਸੰਬਰ, 2017 ਨੂੰ ਇੱਕ ਭਾਰਤੀ ਡਾਕਟਰ ਦੇਵੇਂਦਰ ਪਟੇਲ ਨੂੰ ਅਮਰੀਕਾ ਦੇ ਨੇਵਾਡਾ ਰਾਜ ਵਿੱਚ ਇਸੇ ਤਰ੍ਹਾਂ ਦੇ ਇੱਕ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ ਨੁਸਖ਼ੇ ਵਾਲੀਆਂ ਓਪੀਔਡਜ਼ ਦੀ ਗੈਰ-ਕਾਨੂੰਨੀ ਵੰਡ ਅਤੇ ਸਿਹਤ ਸੰਭਾਲ ਧੋਖਾਧੜੀ ਦੇ ਵੀ ਦੋਸ਼ ਲਗਾਏ ਗਏ ਸਨ। ਅਮਰੀਕੀ ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਅਤੇ ਹੋਰ ਅਧਿਕਾਰੀਆਂ ਨੇ ਉਸ ਸਮੇਂ ਕਿਹਾ ਸੀ ਕਿ ਡਾ. ਪਟੇਲ ਨੇ ਮਈ 2014 ਤੋਂ ਸਤੰਬਰ 2017 ਤੱਕ ਨਿਯਮਿਤ ਤੌਰ 'ਤੇ ਫੈਂਟਾਨਿਲ, ਹਾਈਡ ?ਰੋਕੋਡੋਨ ਅਤੇ ਆਕਸੀਕੋਡੋਨ ਵਰਗੀਆਂ ਦਵਾਈਆਂ ਲਿਖੀਆਂ, ਭਾਵੇਂ ਉਨ੍ਹਾਂ ਦੀ ਲੋੜ ਨਹੀਂ ਸੀ। ਡਾ. ਪਟੇਲ ਨੂੰ ਰੇਨੋ ਦੀ ਸੰਘੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਹਾਲਾਂਕਿ ਉਸਨੇ ਆਪਣਾ ਅਜੇ ਅਪਰਾਧ ਕਬੂਲ ਨਹੀਂ ਕੀਤਾ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. #40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਫਰਿਜ਼ਨੋ 'ਚ ਅਮੈਰਿਕਨ ਸਿੱਖ ਸੰਗਤ ਵੱਲੋਂ ਕਰਵਾਇਆ ਗਿਆ 7ਵਾਂ ਵਾਲੀਬਾਲ ਸੂਟਿੰਗ ਟੂਰਨਾਮੈਂਟ ਯਾਦਗਾਰੀ ਢੰਗ ਨਾਲ ਸਮਾਪਤ



ਫਰਿਜ਼ਨੋ/ਕੈਲਿਫੋਰਨੀਆ, (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਅਮੈਰਿਕਨ ਸਿੱਖ ਸੰਗਤ ਵੱਲੋਂ ਗਲੇਸ਼ੀਅਰ ਮਿੱਡਲ ਸਕੂਲ ਵਿਖੇ 19 ਅਤੇ 20 ਅਪ੍ਰੈਲ ਨੂੰ ਕਰਵਾਇਆ ਗਿਆ 7ਵਾਂ ਵਾਲੀਬਾਲ ਸੂਟਿੰਗ ਟੂਰਨਾਮੈਂਟ ਬੜੀ ਧੂਮਧਾਮ ਅਤੇ ਯਾਦਗਾਰ ਢੰਗ ਨਾਲ ਨਿਬੜਿਆ। ਦੋ ਦਿਨਾਂ ਦੇ ਇਸ ਮੁਕਾਬਲੇ ਵਿੱਚ ਕਨੇਡਾ ਅਤੇ ਅਮਰੀਕਾ ਤੋਂ ਕੁੱਲ 8 ਟੀਮਾਂ ਨੇ ਭਾਗ ਲਿਆ।

ਕਨੇਡਾ ਤੋਂ ਸਰੀ, ਐਡਮਿੰਟਨ, ਕੈਲਗਰੀ, ਐਬਸਫੋਰਡ, ਵਿੰਨੀਪੈਗ ਅਤੇ ਟਰਾਂਟੋ ਤੋਂ ਟੀਮਾਂ ਪਹੁੰਚੀਆਂ, ਜਦਕਿ ਅਮਰੀਕਾ ਤੋਂ ਸਿਆਟਲ, ਓਹਾਇਓ, ਸੈਕਰਾਮੈਂਟੋ ਅਤੇ ਫਰਿਜ਼ਨੋ ਤੋਂ 4 ਲੋਕਲ ਟੀਮਾਂ ਨੇ ਹਿੱਸਾ ਲਿਆ। ਟੂਰਨਾਮੈਂਟ ਦੌਰਾਨ ਹੋਏ ਸਾਰੇ ਮੈਚ ਬੇਹੱਦ ਫਸਵੇਂ, ਰੋਮਾਂਚਕ ਅਤੇ ਦਿਲਚਸਪ ਰਹੇ। ਦਰਸ਼ਕ ਹਰ ਇਕੱਲੇ ਪੁਆਇੰਟ ਤੇ ਤਾੜੀਆਂ ਮਾਰਦੇ ਨਜ਼ਰ ਆਏ। ਮਾਹੌਲ ਇੰਨਾ ਗਰਮਾਇਆ ਹੋਇਆ ਕਿ ਜਿਉਂ ਇਹ ਕੋਈ ਵਿਸ਼ਵ ਪੱਧਰੀ ਟੂਰਨਾਮੈਂਟ ਹੋਵੇ।

ਫਾਈਨਲ ਮੈਚ ਨੂੰ ਵੇਖਣ ਲਈ ਦਰਸ਼ਕ ਦੂਰ-ਦੁਰਾਡੇ ਤੋਂ ਪਹੁੰਚੇ ਹੋਏ ਸਨ। ਕੈਲਗਰੀ ਬਿੰਦਰ ਅਤੇ ਵਿੰਨੀਪਿੱਗ ਫੌਜੀ ਦੀ ਟੀਮਾਂ ਵਿਚਕਾਰ ਹੋਇਆ ਇਹ ਅੰਤਿਮ ਮੁਕਾਬਲਾ ਵੀ ਬਹੁਤ ਫਸਵਾਂ ਰਿਹਾ ਅਤੇ ਜਿੱਤ-ਹਾਰ ਸਿਰਫ ਕੁਝ ਗਿਣਤੀਆਂ ਦੇ ਪੁਆਇੰਟਾਂ ਨਾਲ ਹੀ ਹੋਈ।

ਸੈਮੀਫਾਈਨਲ ਮੈਚ:

ਗੁਰਿੰਦਰ ਫਰਿਜ਼ਨੋ vs ਕੈਲਗਰੀ ਬਿੰਦਰ

ਵਿੰਨੀਪਿੱਗ ਫੌਜੀ vs ਟਰਾਂਟੋ

ਫਾਈਨਲ:

ਕੈਲਗਰੀ ਬਿੰਦਰ ਨੇ ਵਿੰਨੀਪਿੱਗ ਫੌਜੀ ਨੂੰ ਹਰਾ ਕੇ ਖਿਤਾਬ ਆਪਣੇ ਨਾਮ ਕੀਤਾ।

ਅਵਾਰਡ ਜੇਤੂ ਖਿਡਾਰੀ:

ਬੈਸਟ ਸ਼ੂਟਰ: ਬਬਲੂ (ਫਰਿਜ਼ਨੋ)

ਪਲੇਅਰ ਆਫ ਦ ਟੂਰਨਾਮੈਂਟ: ਬਿੰਦਰ (ਕੈਲਗਰੀ)

ਬੈਸਟ ਨਿੱਟਮੈਨ: ਅਰਸ਼

ਬੈਸਟ ਡਿਫੈਂਡਰ: ਜਿੰਦਰ (ਵਿੰਨੀਪਿੱਗ)

ਇਨਾਮ ਵਿਤਰਨ:

ਪਹਿਲਾ ਇਨਾਮ ਜਗਦੀਪ ਇੰਸ਼ੋਰੈਂਸ ਅਤੇ ਫ਼ਲੀਟ ਹੰਟ ਵੱਲੋਂ ਸਾਂਝੇ ਤੌਰ 'ਤੇ ਦਿੱਤਾ ਗਿਆ।

ਦੂਸਰਾ ਇਨਾਮ ਦੇਸੀ ਮੀਟ ਵਾਲੇ ਬਚਿੱਤਰ ਚਾਹਲ ਲੱਕੀ ਵੱਲੋਂ ਦਿੱਤਾ ਗਿਆ।

ਹੋਰ ਖਾਸ ਪਲ:

ਕੁਮੈਂਟਰੀ ਦੀ ਭੂਮਿਕਾ ਸਵਰਨ ਮੱਲਾ ਨੇ ਬੜੀ ਹੀ ਜੋਸ਼ ਅਤੇ ਜਜਬੇ ਨਾਲ ਨਿਭਾਈ। ਪੁਰਾਣੇ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਸਾਰੇ ਸਪਾਂਸਰਾਂ, ਸਹਿਯੋਗੀਆਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ। ਦੋਵੇਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਇਹ ਟੂਰਨਾਮੈਂਟ ਸਿਰਫ ਖੇਡ ਹੀ ਨਹੀਂ ਸੀ, ਸਗੋਂ ਭਾਈਚਾਰੇ ਦੀ ਏਕਤਾ, ਸਿੱਖ ਰਵਾਇਤਾਂ ਅਤੇ ਨੌਜਵਾਨ ਪੀੜ੍ਹੀ ਦੀ ਜੋਸ਼ੀਲੀ ਭਾਗੀਦਾਰੀ ਦਾ ਪ੍ਰਤੀਕ ਸੀ।

# ਕਤਲ ਮਾਮਲੇ 'ਚ ਆਸਟ੍ਰੀਆ ਤੋਂ ਗ੍ਰਿਫਤਾਰ ਦੋ ਪੰਜਾਬੀਆਂ ਨੂੰ ਉਮਰ ਕੈਦ

ਲੰਡਨ : ਅਗਸਤ 2023 ਨੂੰ ਸ਼੍ਰੇਅਸਬਰੀ ਦੀ ਬੈਰਵਿੱਕ ਐਵੇਨਿਊ ਵਿਖੇ ਕਤਲ ਕੀਤੇ ਡੀ. ਪੀ. ਡੀ. ਡਰਾਇਵਰ ਅਰੁਮਾਨ ਸਿੰਘ ਦੇ ਕਤਲ ਮਾਮਲੇ 'ਚ ਆਸਟ੍ਰੀਆ ਤੋਂ ਗ੍ਰਿਫਤਾਰ ਕੀਤੇ ਗਏ ਦੋ ਹੋਰ ਪੰਜਾਬੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਟੈਫੋਰਡ ਕਰਾਊਨ ਕੋਰਟ ਵਿਚ ਤਿੰਨ ਹਫਤੇ ਚੱਲੇ ਮੁਕੱਦਮੇ ਦੌਰਾਨ 26 ਸਾਲਾ ਸਹਿਜਪਾਲ ਸਿੰਘ ਤੇ 24 ਸਾਲਾ ਮਹਿਕਦੀਪ ਸਿੰਘ ਦੋਵੇਂ ਵਾਸੀ ਸਮੈਦਿਕ ਨੂੰ ਦੋਸ਼ੀ ਪਾਇਆ ਗਿਆ ਸੀ, ਜਦ ਕਿ ਉਹ ਦੋਵੇਂ ਖੁਦ ਨੂੰ ਬੇਕਸੂਰ ਦੱਸ ਰਹੇ ਸਨ। ਅਰੁਮਾਨ ਸਿੰਘ ਦੇ ਕਤਲ ਤੋਂ ਬਾਅਦ ਦੋਵੇਂ ਦੋਸ਼ੀ ਆਸਟਰੀਆ ਭੱਜ ਗਏ ਸਨ ਜਿੱਥੋਂ 20 ਮਈ 2024 ਨੂੰ ਵੈਸਟ ਮਰਸੀਆ ਪੁਲਿਸ ਨੇ ਗ੍ਰਿਫਤਾਰ ਕੀਤਾ। ਅਦਾਲਤ ਵਿਚ ਪੇਸ਼ ਕੀਤੇ ਵੀਡੀਓ ਵਿਚ ਸਹਿਜਪਾਲ ਸਿੰਘ ਕੋਲ ਇੱਕ ਸ਼ਵਲ ਅਤੇ ਮਹਿਕਦੀਪ ਸਿੰਘ ਕੋਲ ਹਾਕੀ ਵਿਖਾਈ ਦਿੰਦੀ ਹੈ। ਜਿਊਰੀ ਨੂੰ ਦੱਸਿਆ ਗਿਆ ਕਿ ਅਰੁਮਾਨ ਸਿੰਘ 'ਤੇ ਕੁਲਹਾੜੀਆਂ ਨਾਲ ਹਮਲਾ ਕੀਤਾ ਗਿਆ ਅਤੇ ਉਸ ਦੀ ਖੋਪੜੀ ਵਿਚ ਆਈ ਗਹਿਰੀ ਸੱਟ ਉਸ ਦੀ ਮੌਤ ਦਾ ਕਾਰਨ ਬਣੀ। ਕਤਲ ਮਾਮਲੇ ਵਿਚ ਸਹਿਜਪਾਲ ਸਿੰਘ ਅਤੇ ਮਹਿਕਦੀਪ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਘੱਟੋ ਘੱਟ 28 ਸਾਲ ਕੈਦ ਰੱਖਣ ਦੇ ਹੁਕਮ ਸੁਣਾਏ ਗਏ। ਜਦ ਕਿ ਉਕਤ ਮਾਮਲੇ 'ਚ 5 ਦੋਸ਼ੀਆਂ ਅਰਸ਼ਦੀਪ ਸਿੰਘ ਵਾਸੀ ਟਿਪਟਨ, ਸ਼ਿਵਦੀਪ ਸਿੰਘ ਵਾਸੀ ਸਮੈਦਿਕ, ਮਨਜੋਤ ਸਿੰਘ ਵਾਸੀ ਸਮੈਦਿਕ, ਜਗਦੀਪ ਸਿੰਘ ਵਾਸੀ ਡਡਲੀ ਅਤੇ ਸੁਖਮਨਦੀਪ ਸਿੰਘ ਵਾਸੀ ਪੀਟਰਬਾਰੋ ਪਹਿਲਾਂ ਹੀ ਅਪ੍ਰੈਲ 2024 ਵਿਚ 120 ਸਾਲ ਦੀ ਸਜ਼ਾ ਸੁਣਾਈ ਗਈ ਸੀ।



ਮ੍ਰਿਤਕ ਅਰਮਾਨ ਸਿੰਘ ਦੀ ਪੁਰਾਣੀ ਤਸਵੀਰ ਅਤੇ ਦੋਸ਼ੀ ਸਹਿਜਪਾਲ ਸਿੰਘ ਅਤੇ ਮਹਿਕਦੀਪ ਸਿੰਘ ਦੀਆਂ ਪੁਲਿਸ ਵਲੋਂ ਜਾਰੀ ਤਸਵੀਰਾਂ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਵਿਆਹ ਵਿਚ ਜੀਵਨ ਸਾਥੀ ਦੀ ਚੋਣ ਜੀਵਨ ਭਰ ਲਈ ਹੈ। ਇਹ ਕੋਈ ਗੁੱਡੇ ਗੁੱਡੀਆਂ ਦੀ ਖੇਡ ਨਹੀਂ ਹੈ। ਇਸ ਲਈ ਇਹ ਕੱਚੀ ਉਮਰ ਵਿਚ ਕਰਨਾ ਅਯੋਗ ਹੈ ਅਤੇ ਕੇਵਲ ਉਦੋਂ ਹੀ ਕਰਨਾ ਚਾਹੀਏ ਜਦੋਂ ਲੜਕਾ ਲੜਕੀ ਸਰੀਰਕ ਅਤੇ ਮਨ ਕਰ ਯੋਗ ਹੋਣ। ਵੈਸੇ ਵੀ ਛੋਟੀ ਉਮਰ ਦੇ ਬੱਚਿਆਂ ਦਾ ਵਿਆਹ ਕਾਨੂੰਨੀ ਅਪਰਾਧ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੯੧੫, ਪੰਨਾ ੨੨)

ਸਾਦਗੀ ਅਤੇ ਗੁਰਮੁਖਤਾਈ ਨਾਲ ਰਚੇ ਅਨੰਦ ਕਾਰਜ ਦਾ ਇਹ ਪਹਿਲਾ ਪੜਾਅ ਕਿਹਾ ਜਾ ਸਕਦਾ ਹੈ। ਇਸ ਲਈ ਸਪਸ਼ਟ ਹੈ ਕਿ ਕੁੜਮਾਈ ਜ਼ਰੂਰੀ ਨਹੀਂ ਹੈ ਪਰ ਜੇਕਰ ਕਰਨੀ ਹੀ ਹੋਵੇ ਤਾਂ ਇਹ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਅਤੇ ਸੰਗਤ ਦੀ ਹਾਜ਼ਰੀ ਵਿਚ ਹੀ ਕੀਤੀ ਜਾਏ। ਇਸ ਦੇ ਨਾਲ ਹੀ ਬਹੁਤੇ ਅਡੰਬਰ ਰਚਣ ਦੀ ਥਾਂ ਇਕ ਕ੍ਰਿਪਾਨ, ਕੜਾ ਅਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾਏ ਜਾਣ। ਕੜਾ ਕੇਵਲ ਸਰਬਲੋਹ ਦਾ ਹੀ ਪ੍ਰਵਾਨ ਹੈ, ਸੋਨੇ ਆਦਿ ਦਾ ਨਹੀਂ। ਹਜ਼ੂਰ ਸਤਿਗੁਰ ਸੱਚੇ ਪਾਤਸ਼ਾਹ ਜੀ ਕੁੜਮ ਅਤੇ ਕੁੜਮਾਈ ਦੇ ਲੱਛਣ ਦੱਸਦੇ ਹਨ,

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥
(ਸੂਹੀ ਮ: ੪, ਅੰਗ ੭੭੩)


(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਨਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)ਇਸ ਤੋਂ ਅਗਲੇ ਫ਼ਰਜ਼ 'ਅਨੰਦ ਕਾਰਜ' ਲਈ ਕਿਸੇ ਪੰਡਤ, ਜੋਤਕੀ, ਟੋਟਕੇ, ਟੇਵੇ ਆਦਿ ਤੋਂ ਮਹੂਰਤ ਕਢਵਾਉਣਾ ਜਾਂ ਚੰਗੇ ਮਾੜੇ ਦਿਨਾਂ ਦੀ ਵਿਚਾਰ ਕਰਨੀ ਗੁਰਮਤਿ ਦਾ ਮਾਰਗ ਛੱਡ ਕੇ ਓਝੜ ਰਾਹੇ ਪੈਣਾ ਹੈ ਅਤੇ ਮਨਮਤ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਹੁਕਮ ਹੈ,

ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥
ਗੁਰਮਤਿ ਹੋਇ ਤਾ ਹੁਕਮੁ ਪਛਾਣੈ ॥੧॥
(ਅੰਗ ੯੦੪)

ਰਹਿਨਾਮੇ ਦੀ ਵੀ ਹਿਦਾਇਤ ਹੈ,

ਜੰਞੂ ਟਿੱਕਾ ਧੋਤੀ ਕ੍ਰਿਆ ਕਰਮ ਕੋਈ ਨ ਕਰੈ ॥ ਸ਼ਬਦ ਪੜ੍ਹੇ, ਕਾਰਜ ਵਿਆਹ ਨੂੰ ਬ੍ਰਾਹਮਣ ਨਾ ਸੱਦੇ। ਅਨੰਦ ਪੜ੍ਹ ਲਏ।
(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੮੦)




ਹਿਰਦੈ ਰਾਮ ਭੱਲਾ ਰਹਿਤ ਪੁਰਾਤਨ ਗ੍ਰੰਥ 'ਹਨੂਮਾਨ ਨਾਟਕ' ਵਿਚ ਇਕ ਵਿਚਾਰਯੋਗ ਅਤੇ ਗੰਭੀਰ ਉਕਤੀ ਦਿੱਤੀ ਗਈ ਹੈ ਕਿ ਸ੍ਰੀ ਰਾਮ ਚੰਦ੍ਰ ਦਾ ਗੁਰੂ ਵਿਸ਼ਵਾਮਿੱਤਰ ਸੀ ਅਤੇ ਸਲਾਹਕਾਰ ਵਸ਼ਿਸ਼ਟ ਰਿਸ਼ੀ। ਇਨ੍ਹਾਂ ਨੇ ਨੌਂ ਗ੍ਰਹਿਆਂ ਦੀ ਚਾਲ ਅਤੇ ਸ਼ੁਭ ਮਹੂਰਤ ਵੇਖ ਕੇ ਵਿਧੀ ਪੂਰਵਕ ਰਾਮ ਸੀਤਾ ਦੇ ਵਿਆਹ ਦਾ ਸ਼ੁਭ ਲਗਨ ਦੱਸਿਆ। ਪਰ ਉਹ ਕਿਹੜਾ ਦੁਖ ਹੈ ਜੋ ਸੀਤਾ ਨੂੰ ਨਹੀਂ ਝੇਲਣਾ ਪਿਆ।

ਦੋਹਰਾ -ਬਿਸ਼੍ਵਾਮ੍ਰਿਤ ਬਿਸਿਸ਼ਟ ਰਿਖ ਨੌਂ ਗ੍ਰਹ ਸੁਭ ਨਿਜ ਠਾਇ।
ਸੀਅ ਜੀਅ ਸੁਖ ਕਬਹੁੰ ਨਾ ਲਹੇ ਪਰੋ ਕਰਮ ਕੇ ਪਾਇ॥ ੭੨॥
(ਹਨੁਮਾਨ ਨਾਟਕ, ਅੰਕ ੧, ਪੰਨਾ ੧੫)

ਇਸ ਲਈ ਗੁਰਮਤਿ ਅਨੁਸਾਰ ਸ਼ੁਭ ਅਤੇ ਅਸ਼ੁਭ ਸਮੇਂ ਅਤੇ ਦਿਨ ਦੀ ਵਿਚਾਰ ਕੇਵਲ ਭਰਮ ਵਹਿਮ ਹੈ।

(ਗ) ਸਿਹਰਾ, ਮੁਕਟ ਜਾਂ ਗਾਲਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਢਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਇਸ ਮੱਦ ਵਿਚ ਉਨ੍ਹਾਂ ਨੁਕਤਿਆਂ ਦਾ ਜ਼ਿਕਰ ਮਾਤਰ ਹੈ ਜੋ ਕਿ ਨਾ ਕੇਵਲ ਗੁਰਮਤਿ ਅਨੁਸਾਰ ਵਿਵਰਜਤ ਹਨ ਬਲਕਿ 'ਮਨਮਤ' ਹਨ। ਬਹੁਤ ਹੀ ਸੰਖੇਪ ਵਿਚ ਇਨ੍ਹਾਂ ਦੀ ਵਿਚਾਰ ਕਰਨੀ ਬਣਦੀ ਹੈ।

ਸਿਹਰਾ : ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕਲਗੀ, ਸਿਹਰਾ, ਚਵਰ, ਸਿੰਘਾਸਣ ਆਦਿ ਕੇਵਲ ਗੁਰੂ ਗ੍ਰੰਥ ਸਾਹਿਬ ਲਈ ਹੀ ਨਿਸਚਿਤ ਹੈ।

ਮੁਕਟ : ਮੁਕਟ ਟੋਪੀ ਜਾਂ ਟੋਪ ਦਾ ਬਦਲ ਹੈ ਅਤੇ ਦਸਤਾਰ ਦੇ ਮੁਕਾਬਲੇ ਇਸ ਨੂੰ ਧਾਰਨ ਕਰਨਾ ਦਸਤਾਰ ਦੀ ਨਿਰਾਦਰੀ ਹੈ।

ਗਾਨਾ : ਬਿਪਰ ਦੀ ਰੀਤ ਵਿਚ ਵਿਆਹ ਵੇਲੇ ਇਕ ਰਸਮ ਸੀ ਗਾਨਾ ਬੰਨ੍ਹਣ ਦੀ। ਇਸ ਵਿਚ ਲਾੜੇ ਦੇ ਹੱਥ 'ਤੇ ਉਸਦੀ ਭੈਣ ਵਲੋਂ ਮੌਲੀ ਦਾ ਧਾਗਾ ਬੰਨ੍ਹਿਆ ਜਾਂਦਾ ਸੀ। **(ਚਲਦਾ)**

# ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਹੜੱਪ ਰਹੇ ਚੰਦ ਬੇਈਮਾਨ ਮੁਲਾਜ਼ਮ ਅਤੇ ਅਧਿਕਾਰੀ

ਅੱਜ ਦੇਸ਼ 'ਚ ਚੰਦ ਲੋਕਾਂ ਦਾ ਲਾਲਚ ਇਸ ਕਦਰ ਵਧ ਚੁੱਕਾ ਹੈ ਕਿ ਉਹ ਨਿੱਜੀ ਸਵਾਰਥਾਂ ਦੇ ਵੱਸ ਪੈ ਕੇ ਆਪਣੇ ਅਹੁਦੇ ਅਤੇ ਪ੍ਰਭਾਵ ਦੀ ਨਾਜਾਇਜ਼ ਵਰਤੋਂ ਕਰ ਕੇ ਜਨਤਕ ਧਨ ਦਾ ਗਬਨ ਅਤੇ ਅਮਾਨਤ 'ਚ ਖਿਆਨਤ ਕਰਨ ਤੋਂ ਜ਼ਰਾ ਵੀ ਸੰਕੋਚ ਨਹੀਂ ਕਰਦੇ, ਜੋ ਬੀਤੇ 2 ਮਹੀਨਿਆਂ ਦੀਆਂ ਹੇਠ ਲਿਖੀਆਂ ਚੰਦ ਮਿਸਾਲਾਂ ਤੋਂ ਸਪੱਸ਼ਟ ਹੈ :

- 12 ਅਗਸਤ, 2024 ਪੰਜਾਬ ਵਿਜੀਲੈਂਸ ਬਿਊਰੋ ਨੇ ਅਮਲੋਹ ਬਲਾਕ ਅਤੇ ਪੰਚਾਇਤਾਂ ਦੀਆਂ 40.85 ਲੱਖ ਰੁਪਏ ਦੀਆਂ ਗ੍ਰਾਂਟਾਂ/ਫੰਡਾਂ ਦੀ ਹੇਰਾ-ਫੇਰੀ ਦੇ ਦੋਸ਼ 'ਚ ਜ਼ਿਲਾ ਵਿਕਾਸ ਅਧਿਕਾਰੀ, ਪੰਚਾਇਤ ਅਧਿਕਾਰੀ ਅਤੇ ਉਨ੍ਹਾਂ ਦੇ ਇਕ ਸਾਥੀ ਨੂੰ ਗ੍ਰਿਫਤਾਰ ਕੀਤਾ।
- 5 ਸਤੰਬਰ ਨੂੰ ਊਧਮ ਸਿੰਘ ਨਗਰ (ਉੱਤਰਾਖੰਡ) ਦੇ ਐਸ. ਐਲ. ਓ. (ਸਟੇਟ ਲੈਵਲ ਆਫੀਸਰ) ਦੇ ਸਰਕਾਰੀ ਖਾਤੇ 'ਚੋਂ ਫਰਜ਼ੀ ਚੈੱਕਾਂ ਅਤੇ ਫਰਜ਼ੀ ਹਸਤਾਖਰਾਂ ਨਾਲ 13.51 ਕਰੋੜ ਰੁਪਏ ਦਾ ਗਬਨ ਕਰਨ ਦੇ ਮਾਮਲੇ 'ਚ ਇਕ ਬੈਂਕ ਦੇ ਮੈਨੇਜਰ ਦਵਿੰਦਰ ਅਤੇ ਮਹਿਲਾ ਕੈਸ਼ੀਅਰ ਪ੍ਰਿਯਮ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ।
- 8 ਸਤੰਬਰ ਨੂੰ ਝੁਨਝੁਨੂੰ (ਰਾਜਸਥਾਨ) 'ਚ 2 ਗ੍ਰਾਮ ਪੰਚਾਇਤਾਂ 'ਪਾਤੁਸਰੀ' ਅਤੇ 'ਨਯਾਸਰ' ਦੇ ਗ੍ਰਾਮ ਵਿਕਾਸ ਅਧਿਕਾਰੀ 'ਸਿਧਾਰਥ ਖੀਚੜ' ਵਿਰੁੱਧ 80 ਲੱਖ ਰੁਪਏ ਦੀ ਰਕਮ ਦਾ ਗਬਨ ਕਰ ਕੇ ਇਸ ਨੂੰ ਆਪਣੀ ਪਤਨੀ ਅਤੇ ਰਿਸ਼ਤੇਦਾਰਾਂ ਦੇ ਖਾਤਿਆਂ 'ਚ ਟਰਾਂਸਫਰ ਕਰਵਾਉਣ ਦੇ ਦੋਸ਼ 'ਚ ਕੇਸ ਦਰਜ ਕਰ ਕੇ ਮੁਅੱਤਲ ਕਰ ਦਿੱਤਾ ਗਿਆ।
- 26 ਸਤੰਬਰ ਨੂੰ ਸਮਸਤੀਪੁਰ (ਬਿਹਾਰ) ਸਥਿਤ ਲਲਿਤ ਨਾਰਾਇਣ ਮਿਥਿਲਾ ਯੂਨੀਵਰਸਿਟੀ (ਐਲ. ਐਨ. ਐਮ. ਯੂ.) 'ਚ ਪ੍ਰੀਖਿਆ ਕਾਰਜਾਂ ਨਾਲ ਜੁੜੀ 20 ਕਰੋੜ ਤੋਂ ਵੱਧ ਰਕਮ ਦੀ ਹੇਰਾ-ਫੇਰੀ ਦੇ ਮਾਮਲੇ 'ਚ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਪ੍ਰੋਫੈਸਰ ਸੁਰਿੰਦਰ ਕੁਮਾਰ ਪ੍ਰਤਾਪ ਸਿੰਘ ਅਤੇ ਰਜਿਸਟਰਾਰ ਪ੍ਰੋਫੈਸਰ ਮੁਸ਼ਤਾਕ ਅਹਿਮਦ ਸਮੇਤ 15 ਦੋਸ਼ੀਆਂ ਨੂੰ ਨਾਮਜ਼ਦ ਕੀਤਾ ਗਿਆ।
- 29 ਸਤੰਬਰ ਨੂੰ ਜਲਾਲਾਬਾਦ (ਪੰਜਾਬ) ਦੇ 'ਅਮੀਰਖਾਸ' ਥਾਣੇ ਦੀ ਪੁਲਸ ਨੇ ਪੰਚਾਇਤ ਮੈਂਬਰਾਂ ਦੇ ਫਰਜ਼ੀ ਹਸਤਾਖਰ ਕਰ ਕੇ ਲਗਭਗ 4 ਲੱਖ ਰੁਪਏ ਦੀ ਸਬਸਿਡੀ ਹੜੱਪਣ ਦੇ ਦੋਸ਼ 'ਚ ਪਿੰਡ 'ਚੱਕ ਰਖ ਅਮੀਰ' ਦੀ ਤਤਕਾਲੀ ਸਰਪੰਚ ਹਾਕਮ ਦੇਵੀ ਸਮੇਤ 3 ਦੋਸ਼ੀਆਂ 'ਤੇ ਕੇਸ ਦਰਜ ਕੀਤਾ।
- 4 ਅਕਤੂਬਰ ਨੂੰ ਗੋਰਖਪੁਰ (ਉੱਤਰ ਪ੍ਰਦੇਸ਼) ਦੇ ਬਾਂਸ ਪਿੰਡ ਥਾਣੇ 'ਚ ਸਰਕਾਰੀ ਧਨ ਦੇ ਗਬਨ ਦੇ ਦਰਜ 2 ਵੱਖ-ਵੱਖ ਮਾਮਲਿਆਂ 'ਚ ਪੁਲਸ ਨੇ ਗ੍ਰਾਮ ਪ੍ਰਧਾਨ ਮੀਰਾ ਦੇਵੀ ਨੂੰ ਕਰੋੜਾਂ ਰੁਪਏ ਅਤੇ ਗ੍ਰਾਮ ਪੰਚਾਇਤ ਅਧਿਕਾਰੀ ਬ੍ਰਿਜਨੰਦ ਯਾਦਵ ਨੂੰ ਲਗਭਗ 28 ਲੱਖ ਰੁਪਏ ਦਾ ਗਬਨ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ।
- 6 ਅਕਤੂਬਰ ਨੂੰ ਗੋਰਖਪੁਰ (ਉੱਤਰ ਪ੍ਰਦੇਸ਼) 'ਚ ਮ੍ਰਿਤਕ ਬੈਂਕ ਖਾਤਾ ਧਾਰਕਾਂ ਅਤੇ ਪੈਨਸ਼ਨਰਾਂ ਦੇ ਖਾਤਿਆਂ 'ਤੇ ਲੱਖਾਂ ਰੁਪਏ ਦਾ ਲੋਨ ਮਨਜ਼ੂਰ ਕਰਵਾ ਕੇ ਹੜੱਪ ਜਾਣ ਵਾਲੇ ਇਕ ਬੈਂਕ ਦੇ ਕੈਸ਼ੀਅਰ ਅਮਰਿੰਦਰ ਪ੍ਰਤਾਪ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਜਦਕਿ ਬੈਂਕ ਮੈਨੇਜਰ ਕੁਮਾਰ ਭਾਸਕਰ ਭੂਸ਼ਣ ਫਰਾਰ ਹੈ। ਇਸ ਘਪਲੇ ਦਾ ਮਾਸਟਰ ਮਾਈਂਡ ਪੰਕਜ ਮਣੀ ਤ੍ਰਿਪਾਠੀ ਨਾਂ ਦਾ ਇਕ ਕੈਂਟੀਨ ਬੁਆਏ ਹੈ, ਜਿਸ ਕੋਲ ਲੱਖਾਂ ਰੁਪਏ ਦੀ ਲਗਜ਼ਰੀ ਗੱਡੀ ਅਤੇ 8 ਕਰੋੜ ਰੁਪਏ ਦੀ ਜਾਇਦਾਦ ਦੱਸੀ ਜਾਂਦੀ ਹੈ।
- 8 ਅਕਤੂਬਰ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਨਸਾ ਜ਼ਿਲੇ ਦੀ ਨਗਰ ਕੌਂਸਲ ਬੁਢਲਾਡਾ ਦੇ ਸਹਾਇਕ ਨਗਰ ਇੰਜੀਨੀਅਰ (ਏ. ਐਨ. ਈ.) ਇੰਦਰਜੀਤ ਸਿੰਘ, ਜੂਨੀਅਰ ਇੰਜੀਨੀਅਰ ਰਾਕੇਸ਼ ਕੁਮਾਰ ਅਤੇ ਇਕ ਸਹਿਕਾਰਿਤਾ ਕਮੇਟੀ ਦੇ ਠੇਕੇਦਾਰ ਰਾਕੇਸ਼ ਕੁਮਾਰ ਵਿਰੁੱਧ ਸੜਕ ਉਸਾਰੀ 'ਚ ਮਿਲੀਭੁਗਤ ਨਾਲ ਬੇਨਿਯਮੀਆਂ ਕਰ ਕੇ ਸਰਕਾਰ ਨੂੰ ਲੱਖਾਂ ਰੁਪਏ ਦਾ ਨੁਕਸਾਨ ਪਹੁੰਚਾਉਣ ਦੇ ਦੋਸ਼ 'ਚ ਮਾਮਲਾ ਦਰਜ ਕੀਤਾ।
- 9 ਅਕਤੂਬਰ ਬੇਮੇਤਰਾ (ਛੱਤੀਸਗੜ੍ਹ) ਦੇ ਪਿੰਡ 'ਬੀਜਾਭਾਟ' ਦੇ ਪੋਸਟਮਾਸਟਰ ਸੰਜੂ ਠਾਕੁਰ ਅਤੇ ਉਸ ਦੇ ਸਹਾਇਕ ਲੋਕੇਸ਼ ਸਿਨ੍ਹਾ ਵਿਰੁੱਧ ਵੱਖ-ਵੱਖ ਬੱਚਤ ਯੋਜਨਾਵਾਂ ਦੇ ਤਹਿਤ ਪੇਂਡੂਆਂ ਵਲੋਂ ਜਮ ?ਹਾ ਕਰਵਾਈ ਗਈ 50 ਲੱਖ ਰੁਪਏ ਤੋਂ ਵੱਧ ਰਕਮ ਦਾ



ਗਬਨ ਕਰ ਕੇ ਅਤੇ 250 ਤੋਂ ਵੱਧ ਜਮ੍ਹਾਕਰਤਿਆਂ ਦੀਆਂ ਪਾਸ ਬੁੱਕਾਂ ਲੈ ਕੇ ਫਰਾਰ ਹੋ ਜਾਣ ਦੇ ਦੋਸ਼ 'ਚ ਕੇਸ ਦਰਜ ਕੀਤਾ ਗਿਆ।

ਜਨਤਕ (ਸਰਕਾਰੀ) ਖਜ਼ਾਨਾ ਜਨਤਾ ਦੀ ਅਮਾਨਤ ਹੁੰਦਾ ਹੈ ਜੋ ਜਨਤਾ 'ਤੇ ਹੀ ਖਰਚ ਕੀਤਾ ਜਾਣਾ ਚਾਹੀਦਾ ਹੈ ਪਰ ਅਜਿਹਾ ਨਾ ਕਰ ਕੇ ਸਰਕਾਰੀ ਧਨ ਨੂੰ ਨਿੱਜੀ ਸਵਾਰਥਾਂ ਦੀ ਖਾਤਿਰ ਹੜੱਪ ਜਾਣਾ ਕਿਸੇ ਵੀ ਨਜ਼ਰੀਏ ਤੋਂ ਜਾਇਜ਼ ਨਹੀਂ ਕਿਹਾ ਜਾ ਸਕਦਾ।

ਇਸ ਲਈ ਅਜਿਹਾ ਕਰਨ ਵਾਲਿਆਂ ਨੂੰ ਸਖਤ ਤੋਂ ਸਖਤ ਸਿੱਖਿਆਦਾਇਕ ਸਜ਼ਾ ਦੇਣ ਦੀ ਲੋੜ ਹੈ, ਤਾਂਕਿ ਲੋਕਾਂ ਦਾ ਖ਼ੂਨ-ਪਸੀਨੇ ਨਾਲ ਕਮਾਇਆ ਹੋਇਆ ਧਨ ਇਸ ਤਰ੍ਹਾਂ ਗਲਤ ਹੱਥਾਂ 'ਚ ਨਾ ਜਾਏ ਅਤੇ ਸੁਰੱਖਿਅਤ ਰਹੇ।

# BASRA
## Heating & Air Conditioning

CA LIC #

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਅਮਰੀਕਾ ਵਿਚ ਗ੍ਰਿਫ਼ਤਾਰ ਹੈਪੀ ਪਸ਼ੀਆ ਪੰਜਾਬ 'ਚ 16 ਹਮਲਿਆਂ ਲਈ ਜ਼ਿੰਮੇਵਾਰ


## ਰਿੰਦਾ ਦਾ ਨਜ਼ਦੀਕੀ ਹੈ ਹੈਪੀ, ਜੋ ਅਮਰੀਕਾ ਤੋਂ ਘੜਦਾ ਸੀ ਹਮਲਿਆਂ ਦੀ ਸਾਜਿਸ਼ : ਡੀ.ਜੀ.ਪੀ.




ਚੰਡੀਗੜ੍ਹ : ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹੈਪੀ ਪਸ਼ੀਆ, ਜੋ ਕਿ ਪੰਜਾਬ 'ਚ 16 ਹਮਲਿਆਂ ਦੇ ਸੰਬੰਧ 'ਚ ਲੋੜੀਂਦਾ ਹੈ ਤੇ ਜਿਸ 'ਤੇ ਪਾਕਿਸਤਾਨ ਦੀ ਆਈ.ਐਸ.ਆਈ. ਤੇ ਬੱਬਰ ਖ਼ਾਲਸਾ ਨਾਲ ਸੰਬੰਧਿਤ ਹੋਣ ਦੇ ਦੋਸ਼ ਹਨ, ਨੂੰ ਬੀਤੇ ਦਿਨ ਅਮਰੀਕੀ ਜਾਂਚ ਏਜੰਸੀਆਂ ਵਲੋਂ ਗ੍ਰਿਫ਼ਤਾਰ ਕੀਤਾ ਗਿਆ। ਚੰਡੀਗੜ੍ਹ ਗ੍ਰਨੇਡ ਹਮਲੇ ਦੇ ਮਾਮਲੇ ਦੀ ਜਾਂਚ ਦੇ ਸੰਬੰਧ 'ਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਦੀ ਬੇਨਤੀ 'ਤੇ ਇੰਟਰਪੋਲ ਨੇ ਉਸਦੇ ਵਿਰੁੱਧ ਬਲੂ ਨੋਟਿਸ ਜਾਰੀ ਕੀਤਾ ਸੀ, ਜਿਸ ਤੋਂ ਬਾਅਦ ਹੀ ਇਹ ਗ੍ਰਿਫਤਾਰੀ ਸੰਭਵ ਹੋਈ। ਅਮਰੀਕੀ ਏਜੰਸੀ ਨੇ ਕਿਹਾ ਕਿ ਪਸ਼ੀਆ ਉਰਫ਼ ਜੋਰਾ, ਜੋ ਕਿ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖਲ ਹੋਇਆ ਸੀ, ਨੂੰ ਐਫ.ਬੀ.ਆਈ. ਤੇ ਯੂ.ਐਸ. ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ ਦੇ ਇਨਫੋਰਸਮੈਂਟ ਤੇ ਰਿਮੂਵਲ ਆਪਰੇਸ਼ਨਾਂ ਵਲੋਂ ਸੈਕਰਾਮੈਂਟੋ 'ਚ ਗ੍ਰਿਫ਼ਤਾਰ ਕੀਤਾ ਗਿਆ। ਇਸ ਸੰਬੰਧੀ ਪੁਲਿਸ ਡਾਇਰੈਕਟਰ ਜਨਰਲ (ਡੀ.ਜੀ.ਪੀ) ਪੰਜਾਬ ਗੌਰਵ ਯਾਦਵ ਨੇ ਇਸਨੂੰ ਇਕ ਵੱਡੀ ਸਫਲਤਾ ਕਰਾਰ ਦਿੰਦਿਆਂ ਕਿਹਾ, ਅਮਰੀਕੀ ਏਜੰਸੀਆਂ ਵਲੋਂ ਹੈਪੀ ਪਸ਼ੀਆ ਨੂੰ ਹਿਰਾਸਤ 'ਚ ਲੈਣ ਦੀ ਘੋਸ਼ਣਾ ਕਰਨ ਦੇ ਨਾਲ, ਅੱਜ ਆਈ.ਐਸ.ਆਈ-ਸਮਰਥਿਤ ਅੱਤਵਾਦੀ ਨੈਟਵਰਕਾਂ 'ਤੇ ਸ਼ਿਕੰਜਾ ਕੱਸਣ 'ਚ ਇਕ ਵੱਡਾ ਮੀਲ ਪੱਥਰ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਵਲੋਂ ਕੇਂਦਰੀ ਏਜੰਸੀਆਂ ਨਾਲ ਨਿਰੰਤਰ ਰੂਪ 'ਚ ਖ਼ੁਫ਼ੀਆ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਸੀ ਤੇ ਇਹ ਅਮਰੀਕਾ ਤੇ ਭਾਰਤ ਵਿਚਕਾਰ ਸ਼ਾਨਦਾਰ ਅੰਤਰਰਾਸ਼ਟਰੀ ਸਹਿਯੋਗ ਤੇ ਸੂਚਨਾ ਦੇ ਆਦਾਨ-ਪ੍ਰਦਾਨ ਦਾ ਹੀ ਨਤੀਜਾ ਹੈ। ਡੀ.ਜੀ.ਪੀ ਗੌਰਵ ਯਾਦਵ ਨੇ ਕਿਹਾ ਕਿ ਅੰਮ੍ਰਿਤਸਰ ਦੇ ਪਿੰਡ ਪਸ਼ੀਆ ਦੇ ਰਹਿਣ ਵਾਲੇ ਹੈਪੀ ਪਸ਼ੀਆ ਨੇ ਅਪਰਾਧਿਕ ਗਤੀਵਿਧੀਆਂ ਦੀ ਸ਼ੁਰੂਆਤ ਗੈਂਗਸਟਰ ਜੱਗੂ ਭਗਵਾਨਪੁਰੀਆ ਤੇ ਉਸਦੇ ਅਮਰੀਕਾ ਸਥਿਤ ਸਾਥੀਆਂ ਦਰਮਨ ਕਾਹਲੋਂ ਤੇ ਅੰਮ੍ਰਿਤ ਬਲ ਨਾਲ ਕੀਤੀ ਸੀ। ਬਾਅਦ 'ਚ ਉਹ ਪਾਕਿਸਤਾਨ ਹਮਾਇਤ ਪ੍ਰਾਪਤ ਆਈ.ਐਸ.ਆਈ ਦੀ ਸਿੱਧੀ ਅਗਵਾਈ ਹੇਠ ਕੰਮ ਕਰਨ ਵਾਲੇ ਪਾਕਿਸਤਾਨ ਅਧਾਰਤ ਅੱਤਵਾਦੀ ਹਰਵਿੰਦਰ ਰਿੰਦਾ ਦਾ ਮੁੱਖ ਸਾਥੀ ਬਣ ਗਿਆ। ਉਨ੍ਹਾਂ ਕਿਹਾ ਕਿ ਹੈਪੀ ਪਸ਼ੀਆ ਪੰਜਾਬ 'ਚ ਆਈ.ਐਸ.ਆਈ-ਸਮਰਥਿਤ ਅੱਤਵਾਦੀ ਮਾਡਿਊਲਾਂ ਦਾ ਮੁੱਖ ਹੈਂਡਲਰ ਸੀ ਅਤੇ 2023-2025 ਦੇ ਵਿਚਕਾਰ ਰਾਜ ਭਰ 'ਚ ਕਤਲ ਤੇ ਥਾਣਿਆਂ 'ਤੇ ਗ੍ਰਨੇਡ ਹਮਲੇ ਤੇ ਜਬਰਨ ਵਸੂਲੀ ਆਦਿ 'ਚ ਉਸਦੀ ਅਹਿਮ ਭੂਮਿਕਾ ਰਹੀ ਹੈ। ਡੀ.ਜੀ.ਪੀ ਨੇ ਕਿਹਾ, ਸਾਡੀ ਜਾਂਚ 'ਚ ਸਤੰਬਰ 2024 ਤੋਂ ਬਾਅਦ ਸੂਬੇ 'ਚ ਹੋਈਆਂ ਜ਼ਿਆਦਾਤਰ ਅੱਤਵਾਦੀ ਵਾਰਦਾਤਾਂ 'ਚ ਹੈਪੀ ਪਸ਼ੀਆ ਦੀ ਸਿੱਧੀ ਸ਼ਮੂਲੀਅਤ ਪਾਈ ਗਈ ਹੈ। ਜ਼ਿਕਰਯੋਗ ਹੈ ਕਿ ਪਸ਼ੀਆ ਅਮਰੀਕਾ 'ਚ ਬੈਠ ਕੇ ਨੌਜਵਾਨਾਂ ਨੂੰ ਪੈਸੇ ਤੇ ਨਸ਼ੇ ਬਦਲੇ ਵਰਗਲਾਕੇ ਉਨ੍ਹਾਂ ਰਾਹੀਂ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦਿੰਦਾ ਸੀ। ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਹੈਪੀ ਪਸ਼ੀਆ ਦੁਆਰਾ ਸ਼ੁਰੂ ਕੀਤੇ ਸਾਰੇ ਅੱਤਵਾਦੀ ਮਾਡਿਊਲਾਂ ਨੂੰ ਬਾਰੀਕੀ ਨਾਲ ਟਰੈਕ ਕੀਤਾ ਹੈ ਤੇ ਉਨ੍ਹਾਂ ਨੂੰ ਸਫਲਤਾਪੂਰਵਕ ਨਸ਼ਟ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਪਸ਼ੀਆ ਦੀਆਂ ਗਤੀਵਿਧੀਆਂ ਬਾਰੇ ਇਕ ਵਿਆਪਕ ਡੋਜ਼ੀਅਰ ਕੇਂਦਰੀ ਏਜੰਸੀਆ, ਜੋ ਕਿ ਅੱਗੋਂ ਅਮਰੀਕੀ ਏਜੰਸੀਆਂ ਨਾਲ ਸਾਂਝਾ ਕੀਤਾ ਗਿਆ ਸੀ, ਕਾਰਨ ਹੀ ਉਸਦੀ ਗ੍ਰਿਫਤਾਰੀ ਸੰਭਵ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਕਾਨੂੰਨ ਅਨੁਸਾਰ ਪਸ਼ੀਆ ਦੀ ਭਾਰਤ ਹਵਾਲਗੀ ਲਈ ਪ੍ਰਕਿਰਿਆ ਸ਼ੁਰੂ ਕਰਨ ਲਈ ਕੇਂਦਰੀ ਏਜੰਸੀਆਂ ਕੋਲ ਮਾਮਲਾ ਪਹਿਲਾਂ ਹੀ ਉਠਾਇਆ ਹੈ।

# ਭਾਈ ਅੰਮ੍ਰਿਤਪਾਲ ਸਿੰਘ ਦੀ ਐਨ.ਐਸ.ਏ. ਅਧੀਨ ਨਜ਼ਰਬੰਦੀ 'ਚ 1 ਸਾਲ ਦਾ ਹੋਰ ਵਾਧਾ

## ਪਹਿਲੇ ਦੋਵਾਂ ਸਾਲਾਂ ਦੇ ਨਜ਼ਰਬੰਦੀ ਆਦੇਸ਼ਾਂ 'ਤੇ ਅਦਾਲਤਾਂ ਤੋਂ ਫ਼ੈਸਲੇ ਆਉਣੇ ਬਾਕੀ



ਚੰਡੀਗੜ੍ਹ : 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੀ ਐਨ. ਐਸ. ਏ. (ਨੈਸ਼ਨਲ ਸਕਿਉਰਿਟੀ ਐਕਟ) ਅਧੀਨ ਨਜ਼ਰਬੰਦੀ ਜਾਰੀ ਰੱਖਣ ਲਈ ਭਾਰਤ ਦੇ ਗ੍ਰਹਿ ਵਿਭਾਗ ਵਲੋਂ ਹੁਕਮ ਜਾਰੀ ਕੀਤੇ ਗਏ ਹਨ। ਕੇਂਦਰੀ ਗ੍ਰਹਿ ਵਿਭਾਗ ਵਲੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਸਿਫ਼ਾਰਸ਼ 'ਤੇ ਇਹ ਆਦੇਸ਼ ਜਾਰੀ ਕੀਤੇ ਗਏ ਹਨ। ਭਾਈ ਸਾਹਿਬ ਦੇ ਵਕੀਲ ਆਰ.ਐਸ. ਬੈਂਸ ਅਨੁਸਾਰ ਉਨ੍ਹਾਂ ਦੇ ਪਹਿਲੇ ਦੋ ਸਾਲਾਂ ਦੀ ਨਜ਼ਰਬੰਦੀ ਦੇ ਦੋਵੇਂ ਹੁਕਮ ਨੂੰ ਅਦਾਲਤਾਂ 'ਚ ਦਿੱਤੀ ਹੋਈ ਚੁਣੌਤੀ ਸਬੰਧੀ ਅਦਾਲਤਾਂ ਤੋਂ ਫ਼ੈਸਲੇ ਆਉਣੇ ਬਾਕੀ ਹਨ ਤੇ ਉਨ੍ਹਾਂ ਦੀ ਨਜ਼ਰਬੰਦੀ ਜਾਰੀ ਰੱਖਣ ਸਬੰਧੀ ਤੀਜਾ ਹੁਕਮ ਅਜੇ ਪ੍ਰਾਪਤ ਨਹੀਂ ਹੋਇਆ, ਪਰ ਉਸ ਨੂੰ ਵੀ ਚੁਣੌਤੀ ਦਿੱਤੀ ਜਾਵੇਗੀ। ਮਨੁੱਖੀ ਅਧਿਕਾਰਾਂ ਦੇ ਨਾਮਵਰ ਵਕੀਲ ਨਵਕਿਰਨ ਸਿੰਘ ਨੇ ਦੱਸਿਆ ਕਿ ਐਨ.ਐਸ.ਏ. ਅਧੀਨ ਨਜ਼ਰਬੰਦੀ ਦਾ ਹੁਕਮ ਕੇਵਲ ਇਕ ਸਾਲ ਲਈ ਹੋ ਸਕਦਾ ਹੈ, ਪਰ ਸਰਕਾਰ ਵਲੋਂ ਹਰ ਸਾਲ ਕੋਈ ਨਵਾਂ ਆਧਾਰ ਬਣਾ ਕੇ ਐਨ.ਐਸ.ਏ. ਲਗਾਉਣ ਸਬੰਧੀ ਨਵਾਂ ਹੁਕਮ ਜਾਰੀ ਕੀਤਾ ਜਾ ਰਿਹਾ ਹੈ, ਜਿਵੇ ਕਿ ਹੁਣ ਤਾਜ਼ਾ ਹੁਕਮਾਂ 'ਚ ਵੀ ਕਿਹਾ ਗਿਆ ਹੈ ਕਿ ਉਹ ਵਿਦੇਸ਼ ਵਿਚਲੀਆਂ ਦੇਸ਼ ਵਿਰੋਧੀਆਂ ਸ਼ਕਤੀਆਂ ਨਾਲ ਸੰਪਰਕ ਰੱਖ ਰਹੇ ਹਨ, ਜਿਸ ਕਾਰਨ ਉਨ੍ਹਾਂ ਤੋਂ ਅਮਨ ਤੇ ਸ਼ਾਂਤੀ ਨੂੰ ਖ਼ਤਰਾ ਹੋ ਸਕਦਾ ਹੈ। ਨਵਕਿਰਨ ਸਿੰਘ ਦਾ ਕਹਿਣਾ ਹੈ ਕਿ ਜਦੋਂਕਿ ਅੰਮ੍ਰਿਤਪਾਲ ਸਿੰਘ ਨਾਲ ਐਨ.ਐਸ.ਏ. ਹੇਠ ਨਜ਼ਰਬੰਦ ਬਾਕੀ ਸਾਰੇ ਕੈਦੀਆਂ 'ਤੇ ਐਨ.ਐਸ.ਏ. ਖ਼ਤਮ ਕਰ ਦਿੱਤਾ ਗਿਆ ਹੈ ਤੇ ਵਿਸ਼ੇਸ਼ ਕਰ ਅਜਨਾਲਾ ਕੇਸ 'ਚ ਗਿਫ਼ਤਾਰ ਦੂਜੇ ਸਾਰੇ ਦੋਸ਼ੀਆਂ ਦੀ ਮਗਰਲੇ ਦੋ ਸਾਲਾ ਤੋਂ ਜ਼ਮਾਨਤ ਨਹੀਂ ਹੋ ਸਕੀ ਤਾਂ ਭਾਈ ਅੰਮ੍ਰਿਤਪਾਲ ਸਿੰਘ 'ਤੇ ਦੁਬਾਰਾ ਤੀਜੀ ਵਾਰ ਐਨ.ਐਸ.ਏ. ਲਗਾਉਣ ਦੀ ਜ਼ਰੂਰਤ ਨਹੀਂ ਸੀ। ਉਨ੍ਹਾਂ ਕਿਹਾ ਕਿ ਜਦੋਂ 1998 'ਚ ਐਨ.ਐਸ.ਏ. ਦੀ ਮਿਆਦ ਦੋ ਸਾਲ ਤੋਂ ਘਟਾ ਕੇ ਇਕ ਸਾਲ ਕਰ ਦਿੱਤੀ ਗਈ ਸੀ ਤਾਂ ਇਹ 1 ਸਾਲ ਲਈ ਹੀ ਲੱਗ ਸਕਦੀ ਹੈ, ਪਰ ਇਕ ਵਿਅਕਤੀ 'ਤੇ ਵਾਰ-ਵਾਰ ਨਵਾਂ ਆਧਾਰ ਬਣਾ ਕਿ ਐਕਟ ਲਗਾਉਣਾ ਗ਼ਲਤ ਹੈ। ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਹੀ ਰੱਖਣ ਸਬੰਧੀ ਵੀ ਅਜੇ ਸਥਿਤੀ ਸਪੱਸ਼ਟ ਨਹੀਂ ਹੈ। ਚਰਚਾ ਹੈ ਕਿ ਅਸਾਮ ਸਰਕਾਰ ਵਲੋਂ ਕੁਝ ਸਮਾਂ ਪਹਿਲਾ ਅੰਮ੍ਰਿਤਪਾਲ ਸਿੰਘ ਨੂੰ ਆਪਣੀ ਜੇਲ੍ਹ 'ਚ ਰੱਖਣ ਸਬੰਧੀ ਆਨਾਕਾਨੀ ਕੀਤੀ ਜਾ ਰਹੀ ਸੀ, ਜਿਸ ਕਾਰਨ ਉਨ੍ਹਾਂ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਸਮੇਤ ਕਿਸੇ ਹੋਰ ਜੇਲ੍ਹ 'ਚ ਵੀ ਤਬਦੀਲ ਕੀਤਾ ਜਾ ਸਕਦਾ ਹੈ। ਰਾਜ ਸਰਕਾਰ ਵਲੋਂ ਮਗਰਲੇ ਬਜਟ ਇਜਲਾਸ ਦੌਰਾਨ ਇਕ ਬਿੱਲ ਵੀ ਪਾਸ ਕਰਵਾਇਆ ਗਿਆ ਹੈ, ਜਿਸ ਅਨੁਸਾਰ ਪੰਜਾਬ ਦੇ ਕੈਦੀਆਂ ਨੂੰ ਦੂਜੇ ਰਾਜਾਂ ਦੀਆਂ ਜੇਲ੍ਹਾਂ 'ਚ ਵੀ ਭੇਜਿਆ ਜਾ ਸਕਦਾ ਹੈ। ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਾਜ ਦੇ ਐਡੀਸ਼ਨਲ ਡੀ.ਜੀ.ਪੀ. (ਇੰਟੈਲੀਜੈਂਸ) ਦੀ ਰਿਪੋਰਟ, ਜਿਸ ਦੇ ਆਧਾਰ 'ਤੇ ਡੀ.ਸੀ. (ਅੰਮ੍ਰਿਤਸਰ) ਵਲੋਂ ਭਾਰਤ ਸਰਕਾਰ ਨੂੰ ਐਨ.ਐਸ.ਏ. ਇਕ ਸਾਲ ਹੋਰ ਵਧਾਉਣ ਲਈ ਸਿਫ਼ਾਰਸ਼ ਭੇਜੀ ਗਈ ਸਮੇਤ ਅਜੇ ਤੱਕ ਕੋਈ ਵੀ ਦਸਤਾਵੇਜ਼ ਨਹੀਂ ਮਿਲਿਆ।

# ਪੰਜਾਬ ਸਰਕਾਰ 'ਤੇ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਦੋਸ਼

## ਸਾਜਿਸ਼ ਤਹਿਤ ਐਨਐਸਏ ਵਧਾ ਕੇ ਜੇਲ੍ਹ ਵਿੱਚ ਇਕੱਲਾ ਕੀਤਾ: ਤਰਸੇਮ ਸਿੰਘ




ਅੰਮ੍ਰਿਤਸਰ : ਸੰਸਦ ਮੈਂਬਰ ਅਤੇ ਅਕਾਲੀ ਦਲ ਵਾਰਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਤੇ ਉਨ੍ਹਾਂ ਦੇ ਸਮਰਥਕਾਂ ਨੇ ਅੱਜ ਇੱਥੇ ਦੋਸ਼ ਲਾਇਆ ਹੈ ਕਿ ਇੱਕ ਸਾਜ਼ਿਸ਼ ਤਹਿਤ ਅੰਮ੍ਰਿਤਪਾਲ ਖਿਲਾਫ ਲਾਏ ਗਏ ਕੌਮੀ ਸੁਰੱਖਿਆ ਐਕਟ ਦੀ ਮਿਆਦ ਵਧਾ ਕੇ ਉਸ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਇਕੱਲਾ ਕਰ ਦਿੱਤਾ ਗਿਆ ਹੈ, ਜਿਸ ਕਾਰਨ ਉਸ ਦੀ ਜਾਨ ਨੂੰ ਖਤਰਾ ਹੈ।

ਇਸ ਦੌਰਾਨ ਅੱਜ ਉਹ ਪੱਤਰ ਵੀ ਜਨਤਕ ਕੀਤਾ ਗਿਆ ਹੈ, ਜਿਸ ਰਾਹੀਂ ਹਾਲ ਹੀ ਵਿੱਚ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਵੱਲੋਂ ਐਨਐਸਏ ਦੀ ਮਿਆਦ ਵਿੱਚ ਵਾਧਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਦੀ ਇੱਕ ਕਾਪੀ ਅੰਮ੍ਰਿਤ ਪਾਲ ਸਿੰਘ ਨੂੰ ਵੀ ਸੌਂਪੀ ਗਈ ਹੈ ਅਤੇ ਉਸ ਦੇ ਦਸਤਖਤ ਕਰਵਾਏ ਗਏ ਹਨ। ਇੱਥੇ ਪੱਤਰਕਾਰ ਸੰਮੇਲਨ ਦੌਰਾਨ ਅੰਮ੍ਰਿਤ ਪਾਲ ਦੇ ਪਿਤਾ ਤਰਸੇਮ ਸਿੰਘ ਤੋਂ ਇਲਾਵਾ ਅਮਰਜੀਤ ਸਿੰਘ, ਹਰਭਜਨ ਸਿੰਘ, ਗੁਰਸੇਵਕ ਸਿੰਘ ਜਵਾਹਰਕੇ, ਜਗਨੰਦਨ ਬੀਰ ਸਿੰਘ ਨਾਰਲੀ, ਦਵਿੰਦਰ ਸਿੰਘ ਹਰੀਏਵਾਲ, ਚਾਚਾ ਪਰਗਟ ਸਿੰਘ, ਚਾਚਾ ਸੁਖਚੈਨ ਸਿੰਘ, ਪਲਵਿੰਦਰ ਸਿੰਘ ਤੇ ਹੋਰ ਸਮਰਥਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਨੇ ਕਿਹਾ ਕਿ ਜਿਵੇਂ ਬਾਕੀ ਹੋਰ ਸਿੱਖਾਂ ਨੂੰ ਐਨਐਸਏ ਦੀ ਮਿਆਦ ਪੂਰੀ ਹੋਣ ਮਗਰੋਂ ਪੰਜਾਬ ਲਿਆਂਦਾ ਗਿਆ ਹੈ। ਇਸੇ ਤਰ੍ਹਾਂ 22 ਅਪਰੈਲ ਨੂੰ ਅੰਮ੍ਰਿਤ ਪਾਲ ਸਿੰਘ ਖਿਲਾਫ ਐਨਐਸਏ ਦੀ ਮਿਆਦ ਖਤਮ ਹੋਣ 'ਤੇ ਪੰਜਾਬ ਲਿਆਂਦਾ ਜਾਣਾ ਸੀ ਪਰ ਹੁਣ ਅਚਨਚੇਤੀ ਐਨਐਸਏ ਮੁੜ ਲਾ ਦਿੱਤੀ ਗਈ ਹੈ ਜੋ ਕਿ 23 ਅਪਰੈਲ ਤੋਂ ਸ਼ੁਰੂ ਹੋ ਜਾਵੇਗੀ। ਇਸ ਦਾ ਮੁੱਖ ਕਾਰਨ 13 ਅਪਰੈਲ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਬੰਦੀ ਵੱਲੋਂ ਕੀਤੀ ਗਈ ਪੰਥਕ ਕਾਨਫਰੰਸ ਹੈ, ਜਿਸ ਵਿੱਚ ਵੱਡਾ ਇਕੱਠ ਹੋਇਆ ਸੀ ਅਤੇ ਇਸ ਵੱਡੇ ਇਕੱਠ ਨੇ ਭਗਵੰਤ ਮਾਨ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ ਜਿਸ ਦੇ ਸਿੱਟੇ ਵਜੋਂ ਸਰਕਾਰ ਨੇ ਡਰਦੇ ਮਾਰੇ ਐਨਐਸਏ ਮੁੜ ਲਗਾ ਦਿੱਤੀ ਹੈ ਜੋ ਕਿ ਉਸਦੇ ਜਮਹੂਰੀ, ਧਾਰਮਿਕ ਅਤੇ ਸੰਵਿਧਾਨਕ ਹੱਕਾਂ ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਪੁਲੀਸ ਵੀ ਕਾਨੂੰਨ ਮੁਤਾਬਿਕ ਕੰਮ ਨਹੀਂ ਕਰ ਰਹੀ। ਇੱਕ ਸਾਜ਼ਿਸ਼ ਤਹਿਤ ਜਾਣ ਬੁਝ ਕੇ ਉਸ ਦੀ ਐਨਐਸਏ ਵਧਾਈ ਗਈ ਹੈ ਅਤੇ ਇਸ ਤਹਿਤ ਉਸ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਇਕੱਲਾ ਕਰ ਦਿੱਤਾ ਗਿਆ ਹੈ ਜੋ ਚਿੰਤਾ ਦਾ ਵਿਸ਼ਾ ਹੈ।

# ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਐਨਐਸਏ ਤਹਿਤ ਨਜ਼ਰਬੰਦੀ ਵਧਾਉਣ ਦੀ ਨਿਖੇਧੀ

## ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਾਲ ਧੱਕੇਸ਼ਾਹੀ ਕਰਨ ਦੇ ਦੋਸ਼ ਲਾਏ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਵਿੱਚ ਐੱਨਐੱਸਏ ਤਹਿਤ ਇੱਕ ਸਾਲ ਹੋਰ ਵਾਧਾ ਕਰਨ ਉੱਤੇ ਪੰਜਾਬ ਸਰਕਾਰ ਦੀ ਨਿੰਦਾ ਕੀਤੀ ਹੈ। ਜਥੇਦਾਰ ਨੇ ਇਸ ਵਰਤਾਰੇ ਨੂੰ ਕਾਨੂੰਨ ਦੀ ਦੁਰਵਰਤੋਂ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਨਾਲ ਅਜਿਹਾ ਕਰ ਸਕਦੀ ਹੈ ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ। ਇਸ ਮਾਮਲੇ ਸਬੰਧੀ ਅੱਜ ਅੰਮ੍ਰਿਤਪਾਲ ਸਿੰਘ ਦੇ ਚਾਚਾ ਸੁਖਚੈਨ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਨੇ ਸਕੱਤਰੇਤ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਜਥੇਦਾਰ ਨੇ ਕਿਹਾ ਕਿ ਪੰਜਾਬ ਦੀ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਲੋਕਾਂ ਦੀ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਚੁਣੇ ਗਏ ਨੁਮਾਇੰਦੇ ਵਿਰੁੱਧ ਐੱਨਐੱਸਏ ਤੁਰੰਤ ਹਟਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਨੂੰ ਰੋਕਣ ਲਈ ਸਖ਼ਤ ਤੇ ਵਿਸ਼ੇਸ਼ ਕਾਨੂੰਨ ਬਣਾਉਣ ਦੇ ਮਸਲੇ ਵੱਲ ਕੋਈ ਧਿਆਨ ਨਹੀਂ ਦੇ ਰਹੀਆਂ ਪਰੰਤੂ ਜੇਕਰ ਸਿੱਖਾਂ ਨੂੰ ਦਬਾਉਣ ਦੀ ਗੱਲ ਹੋਵੇ ਤਾਂ ਐੱਨਐੱਸਏ ਵਰਗੇ ਕਠੋਰ ਕਾਨੂੰਨਾਂ ਦੀ ਦੁਰਵਰਤੋਂ ਕਰਕੇ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰੀ ਪ੍ਰਣਾਲੀ ਵਿੱਚ ਅਜਿਹਾ ਵਰਤਾਰਾ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਹੈ।



# ਭਾਈ ਰਣਜੀਤ ਸਿੰਘ ਅਕਾਲ ਤਖ਼ਤ ਵਿਖੇ ਆ ਕੇ ਖੁੱਲ੍ਹ ਕੇ ਪੱਖ ਰੱਖਣ : ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੋਮਵਾਰ ਨੂੰ ਸਾਰੇ ਸਿੱਖ ਪ੍ਰਚਾਰਕਾਂ ਨੂੰ ਸਿੱਖ ਪੰਥ ਦੀ ਏਕਤਾ ਲਈ ਇਕੱਠੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਅਤੇ ਮੁਆਫ਼ੀ ਮੰਗਣ ਦੀ ਸਲਾਹ ਦਿੱਤੀ, ਤਾਂ ਜੋ ਸੰਪਰਦਾਇਕ ਮਤਭੇਦ ਖਤਮ ਹੋ ਸਕਣ ਅਤੇ ਸਿੱਖ ਭਾਈਚਾਰਾ ਇੱਕਜੁੱਟ ਹੋ ਕੇ ਅੱਗੇ ਵਧ ਸਕੇ।




ਇਸ ਦੌਰਾਨ ਜਥੇਦਾਰ ਨੇ ਸਿੱਖ ਧਰਮ 'ਤੇ ਬਣ ਰਹੀਆਂ ਫਿਲਮਾਂ ਸਬੰਧੀ ਜਲਦੀ ਹੀ ਮੀਟਿੰਗ ਬੁਲਾਉਣ ਦੀ ਗੱਲ ਵੀ ਕਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਫਿਲਮਾਂ ਨਾਲ ਸਬੰਧਤ ਜਾਣਕਾਰੀ ਪਹਿਲਾਂ ਹੀ ਸਾਂਝੀ ਕੀਤੀ ਜਾ ਚੁੱਕੀ ਹੈ। ਕੋਈ ਵੀ ਸਿੱਖ ਗੁਰੂਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸ਼ਹੀਦਾਂ ਦਾ ਰੂਪ ਨਹੀਂ ਲੈ ਸਕਦਾ। ਇਸ ਮੀਟਿੰਗ ਵਿੱਚ ਇਸ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ 24 ਅਗਸਤ, 2020 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਰਣਜੀਤ ਸਿੰਘ ਢੱਡਰੀਆਂਵਾਲੇ ਵਿਰੁੱਧ ਗੁਰਮਤਿ ਨਾਲ ਸਬੰਧਤ ਵਿਵਾਦਪੂਰਨ ਬਿਆਨਾਂ ਕਾਰਨ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਉਸ ਹੁਕਮ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਜਦੋਂ ਤੱਕ ਢੱਡਰੀਆਂ ਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫ਼ੀ ਨਹੀਂ ਮੰਗਦੇ, ਉਨ੍ਹਾਂ ਦੇ ਧਾਰਮਿਕ ਇਕੱਠਾਂ ਦਾ ਬਾਈਕਾਟ ਕੀਤਾ ਜਾਵੇ। ਗੜਗੱਜ ਨੇ ਕਿਹਾ ਕਿ ਜੇਕਰ ਢੱਡਰੀਆਂਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੁੰਦੇ ਹਨ, ਤਾਂ ਉਨ੍ਹਾਂ ਦੇ ਵਿਚਾਰ ਵੀ ਸੁਣੇ ਜਾਣਗੇ ਅਤੇ ਪੰਥਕ ਮਸਲਿਆਂ ਦੇ ਹੱਲ ਵੱਲ ਠੋਸ ਕਦਮ ਚੁੱਕਿਆ ਜਾਵੇਗਾ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਸਿੱਖ ਸੰਪਰਦਾਵਾਂ ਨੂੰ ਇੱਕਜੁੱਟ ਕੀਤਾ ਜਾਵੇ ਅਤੇ ਧਰਮ ਪਰਿਵਰਤਨ ਵਰਗੇ ਗੰਭੀਰ ਮੁੱਦਿਆਂ 'ਤੇ ਸਹਿਮਤੀ ਬਣਾ ਕੇ ਇੱਕ ਸਾਂਝੀ ਰਣਨੀਤੀ ਬਣਾਈ ਜਾਵੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜਲਦੀ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਜਾਵੇਗੀ ਜਿਸ ਵਿੱਚ ਵੱਖ-ਵੱਖ ਸਿੱਖ ਸੰਪਰਦਾਵਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ ਤਾਂ ਜੋ ਸਿੱਖ ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ ਦਾ ਮਿਲ ਕੇ ਮੁਕਾਬਲਾ ਕੀਤਾ ਜਾ ਸਕੇ।

# ਜਥੇਦਾਰ ਵੱਲੋਂ ਮੇਰਾ ਪੱਖ ਸੁਣਨ ਦੀ ਗੱਲ ਸੁਣ ਕੇ ਹੋਈ ਖ਼ੁਸ਼ੀ : ਢੱਡਰੀਆਂਵਾਲੇ

ਚੰਡੀਗੜ੍ਹ: ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਜਥੇਦਾਰ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਪੰਜਾਬ ਨੂੰ ਸਭ ਤੋਂ ਪਹਿਲਾਂ ਜ਼ਰੂਰਤ ਹੈ ਸਿੱਖੀ ਦੀ ਲਹਿਰ ਚਲਾਉਣ ਦੀ ਲੋੜ, ਦੂਜਾ ਨਸ਼ਿਆ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ ਅਤੇ ਤੀਜੀ ਗੱਲ ਹੈ ਧਰਮ ਪਰਿਵਰਤਨ। ਉਨ੍ਹਾਂ ਨੇ ਕਿਹਾ ਹੈ ਕਿ ਮੇਰੇ ਕੋਲ ਸੰਗਤ ਦੇ ਫੋਨ ਆ ਰਹੇ ਹਨ ਧਰਮ ਪ੍ਰਵਰਤਨ ਨੂੰ ਰੋਕਣ ਲਈ ਸਿੱਖੀ ਦੀ ਲਹਿਰ ਚਲਾਓ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਇਕ ਵੱਡੀ ਗੰਭੀਰ ਸਮੱਸਿਆ ਹੈ ਕਿ ਧਰਮ ਪਰਿਵਰਤਨ ਲਗਾਤਾਰ ਹੋ ਰਿਹਾ ਹੈ।

ਉਨ੍ਹਾਂ ਨੇ ਕਿਹਾ ਹੈ ਕਿ ਕਈ ਵਾਰੀ ਲੋਕ ਲਾਲਚ ਵਿੱਚ ਫਸ ਕੇ ਧਰਮ ਬਦਲ ਰਹੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਗੁਰਬਾਣੀ ਨਾਲ ਪਿਆਰ ਪਵਾਉਣ ਲਈ ਸਾਨੂੰ ਸਿੱਖੀ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਮੇਂ ਦੀ ਲੋੜ ਹੈ ਸਿੱਖੀ ਲਹਿਰ ਚਲਾਉਣ ਲਈ ਪ੍ਰਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਾਡੇ ਵੱਲੋਂ ਅੰਮ੍ਰਿਤ ਛਕਾਉਣ ਲਈ ਸਮਾਗਮ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਕਿਹਾ ਹੈ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਸਰਹੱਦੀ ਖੇਤਰ ਵਿੱਚ ਲਹਿਰ ਚਲਾਈ ਜਾ ਰਹੀ ਹੈ ਅਸੀਂ ਇਹੀ ਚਾਹੁੰਦੇ ਹਾਂ ਕਿ ਨੌਜਵਾਨਾਂ ਨੂੰ ਨਸ਼ਿਆ ਵਿਚੋਂ ਕੱਢਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਕਈ ਇਲਜ਼ਾਮਾਂ ਦਾ ਸਾਹਮਣਾ ਕੀਤਾ ਹੈ ਅਤੇ ਮੇਰੇ ਬਾਰੇ ਬਹੁਤ ਕੁਝ ਤੋੜਮਰੋੜ ਕੇ ਪੇਸ਼ ਕੀਤਾ ਗਿਆ। ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਕਿਹਾ ਹੈ ਕਿ ਜਥੇਦਾਰ ਸਾਹਿਬ ਨੇ ਮੈਨੂੰ ਆਪਣਾ ਪੱਖ ਸੁਣ ਲਈ ਦਰਿਆ ਦਿੱਲੀ ਦਿਖਾਈ ਹੈ ਮੈਂ ਉਨ੍ਹਾਂ ਦੇ ਫੈਸਲੇ ਦਾ ਸਮਰਥਨ ਕਰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਜਥੇਦਾਰ ਨਾਲ ਚੱਲਣ ਲਈ ਤਿਆਰ ਹਾਂ ਉਨ੍ਹਾਂ ਨੇ ਕਿਹਾ ਹੈ ਕਿ ਸੈਂਕੜੇ ਜਥੇ ਤਿਆਰ ਕਰਕੇ ਪਿੰਡ-ਪਿੰਡ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਵਿਦੇਸ਼ ਤੋਂ ਆ ਕੇ ਸਿੰਘ ਸਾਹਿਬਾਨ ਨਾਲ ਗੱਲਬਾਤ ਕਰਾਂਗਾ। ਉਨ੍ਹਾਂ ਨੇ ਕਿਹਾ ਹੈ ਕਿ ਲੋੜ ਹੈ ਕਿ ਸਾਰੇ ਇਕਜੁਟ ਹੋ ਕੇ ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਹੈ ਕਿ ਗਿਆਨੀ ਕੁਲਦੀਪ ਸਿੰਘ ਨੂੰ ਕਹਾਂਗਾ ਪੁਰਾਣੇ ਮੁੱਦਿਆ ਉੱਤੇ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਸਿੱਖੀ ਦੇ ਮੁੱਦੇ ਉੱਤੇ ਅਸੀਂ ਨਾਲ ਤੁਰਾਂਗੇ ਪਰ ਅਸੀ ਕਿਸੇ ਪਾਰਟੀ ਦੇ ਸਮਰਥਕ ਨਹੀਂ ਹਾਂ।

## ਅੰਮ੍ਰਿਤਪਾਲ ਪੱਖੀ ਵਟਸਐਪ ਗਰੁੱਛਪ ਦੀ ਗੱਲਬਾਤ ਲੀਕ ਹੋਣ ਦਾ ਮਾਮਲਾ

# ਅਮਿਤ ਸ਼ਾਹ, ਬਿੱਟੂ ਅਤੇ ਮਜੀਠੀਆ 'ਤੇ ਹਮਲੇ ਦੀ ਯੋਜਨਾ ਬਣਾਉਣ ਵਾਲੇ ਦੋ ਵਿਅਕਤੀ ਕਾਬੂ

ਚੰਡੀਗੜ੍ਹ : ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਕਥਿਤ ਹਮਾਇਤ ਕਰਨ ਵਾਲੇ ਇਕ ਵ੍ਹਟਸਐਪ ਗਰੁੱਪ ਵਿਚ ਕਥਿਤ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਹਮਲਾ ਕਰਨ ਦੀਆਂ ਯੋਜਨਾਵਾਂ 'ਤੇ ਚਰਚਾ ਕੀਤੇ ਜਾਣ ਦੇ ਮਾਮਲੇ ਵਿਚ ਪੰਜਾਬ ਪੁਲੀਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਗਰੁੱਪ ਚੈਟ ਦੇ ਲੀਕ ਹੋਏ ਸਕਰੀਨਸ਼ਾਟ ਸਾਹਮਣੇ ਆਉਣ ਤੋਂ ਬਾਅਦ ਇਸ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ, ਜਿਸ ਨਾਲ ਸੁਰੱਖਿਆ ਏਜੰਸੀਆਂ ਵਿੱਚ ਚਿੰਤਾ ਪੈਦਾ ਹੋ ਗਈ ਤੇ ਉਹ ਹਰਕਤ ਵਿਚ ਆਈਆਂ। 'ਵਾਰਿਸ ਪੰਜਾਬ ਦੇ ਟੀਮ' ਨਾਮੀ ਇਸ WhatsApp ਗਰੁੱਪ ਨੂੰ ਦੇਸ਼ ਵਿਰੋਧੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਮੰਨਿਆ ਜਾਂਦਾ ਹੈ ਅਤੇ ਕਥਿਤ ਤੌਰ 'ਤੇ ਇਸ ਵਿੱਚ 600 ਤੋਂ ਵੱਧ ਮੈਂਬਰ ਸ਼ਾਮਲ ਹਨ। ਮੋਗਾ ਦੇ ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ ਨੇ ਭਾਰਤੀ ਦੰਡਾਵਲੀ, ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (UAPA) ਅਤੇ ਸੂਚਨਾ ਤਕਨਾਲੋਜੀ ਐਕਟ ਦੀਆਂ ਕਈ ਧਾਰਾਵਾਂ ਦੇ ਤਹਿਤ ਐਫਆਈਆਰ ਦਰਜ ਕੀਤੀ ਹੈ, ਜਿਸ ਵਿੱਚ ਭਾਰਤੀ ਨਿਆ ਸੰਹਿਤਾ (BNS) ਦੀਆਂ ਧਾਰਾਵਾਂ 61(2)(a), 113(3), 152, 353 ਸ਼ਾਮਲ ਹਨ। ਮੁਲਜ਼ਮਾਂ ਦੀ ਪਛਾਣ ਲਖਦੀਪ ਸਿੰਘ ਸਰਦਾਰਗੜ੍ਹ, ਬਠਿੰਡਾ; ਬਲਕਾਰ ਸਿੰਘ, ਨਿਊ ਮਾਡਲ ਟਾਊਨ, ਖੰਨਾ ਅਤੇ ਪਵਨਦੀਪ ਸਿੰਘ, ਪਿੰਡ ਖੋਟੇ, ਮੋਗਾ ਵਜੋਂ ਹੋਈ ਹੈ। ਤਿੰਨਾਂ ਵਿੱਚੋਂ ਪੁਲੀਸ ਵੱਲੋਂ ਬਲਕਾਰ ਅਤੇ ਪਵਨਦੀਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਭਾਰਤ ਨੂੰ ਇਕ ਭਾਸ਼ਾ, ਇਕ ਧਰਮ ਜਾਂ ਇਕ ਪ੍ਰੰਪਰਾ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ : ਰਾਹੁਲ ਗਾਂਧੀ



ਭਾਰਤੀ ਪ੍ਰਵਾਸੀਆਂ ਨੇ ਅਮਰੀਕਾ ਵਿਚ ਪਹੁੰਚੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਟਰੋਦਾ ਅਤੇ ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਦੀ ਅਗਵਾਈ ਵਿਚ ਸ਼ਾਨਦਾਰ ਸਵਾਗਤ ਕੀਤਾ ਗਿਆ। ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਪ੍ਰਭਾਵਸ਼ਾਲੀ ਸਮਾਗਮਾਂ ਵਿਚ ਰਾਹੁਲ ਗਾਂਧੀ ਨੇ ਭਾਰਤ ਦੇ ਵਧੀਆ ਭਵਿੱਖ ਲਈ ਆਪਣਾ ਦ੍ਰਿਸ਼ਟੀਕੋਣ ਰਖਿਆ ਅਤੇ ਭਾਰਤ ਵਿਚ ਲੋਕਤੰਤਰੀ ਸੁਧਾਰਾਂ, ਨੌਜਵਾਨ ਸ਼ਕਤੀਕਰਨ ਅਤੇ ਚੋਣ ਇਮਾਨਦਾਰੀ ਨੂੰ ਭਵਿੱਖ ਲਈ ਜ਼ਰੂਰੀ ਕਰਾਰ ਦਿੱਤਾ। ਇਸ ਦੌਰਾਨ ਗਾਂਧੀ ਨੇ ਭਾਰਤੀ ਭਾਈਚਾਰੇ ਦੇ ਅਨੁਸ਼ਾਸਨ ਅਤੇ ਸਮਰਪਣ ਲਈ ਦਿਲੋਂ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇੰਡੀਅਨ ਓਵਰਸੀਜ਼ ਕਾਂਗਰਸ ਅਤੇ ਇਸ ਦੇ ਮੈਂਬਰ ਨਾ ਸਿਰਫ਼ ਕਾਂਗਰਸ ਪਾਰਟੀ ਲਈ ਸਗੋਂ ਭਾਰਤ ਲਈ ਵੀ ਮਹੱਤਵਪੂਰਨ ਰਾਜਦੂਤਾਂ ਵਜੋਂ ਕੰਮ ਕਰਦੇ ਹਨ। ਰਾਹੁਲ ਗਾਂਧੀ ਨੇ ਆਰ. ਐਸ. ਐਸ.-ਭਾਜਪਾ ਸ਼ਾਸਨ ਅਧੀਨ ਵਿਚਾਰਧਾਰਕ ਕੇਂਦਰੀਕਰਨ ਦੀ ਵਧ ਰਹੀ ਲਹਿਰ ਨੂੰ ਦੇਸ਼ ਲਈ ਨੁਕਸਾਨਦਾਇਕ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਇਕ ਭਾਸ਼ਾ, ਇਕ ਧਰਮ ਜਾਂ ਇਕ ਪਰੰਪਰਾ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਹੈ। ਇਸ ਦੀ ਆਤਮਾ ਬਹੁਲਤਾਵਾਦੀ ਹੈ, ਜਿਥੇ ਇਕ ਪੰਜਾਬੀ, ਇਕ ਮਲਿਆਲੀ ਅਤੇ ਇਕ ਗੁਜਰਾਤੀ ਇਕਸੁਰਤਾ ਵਿਚ ਬੈਠ ਸਕਦੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਕ ਇਕਹਿਰੇ ਵਿਚਾਰਧਾਰਕ ਬਿਰਤਾਂਤ ਨੂੰ ਥੋਪਣ ਦੀਆਂ ਕੋਸ਼ਿਸ਼ਾਂ ਭਾਰਤੀ ਲੋਕਤੰਤਰ ਅਤੇ ਏਕਤਾ ਲਈ ਖ਼ਤਰਾ ਹਨ। ਉਨ੍ਹਾਂ ਆਖਿਆ ਕਿ ਭਾਰਤੀ ਲੋਕ ਧਰਮ ਦੇ ਨਾਂਅ 'ਤੇ ਵੰਡੀਆਂ ਪਾਉਣ ਵਾਲਿਆਂ ਨੂੰ ਦਰਕਿਨਾਰ ਕਰ ਦੇਣਗੇ। ਇਸ ਮੌਕੇ ਆਈ. ਓ. ਸੀ. ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਅਸੀਂ ਭਾਰਤੀ ਏਕਤਾ ਅਤੇ ਅਖੰਡਤਾ ਲਈ ਤਨ-ਮਨ-ਧਨ ਨਾਲ ਰਾਹੁਲ ਗਾਂਧੀ ਤੇ ਕਾਂਗਰਸ ਨਾਲ ਹਾਂ। ਇਸ ਮੌਕੇ ਆਈ. ਓ. ਸੀ. ਅਮਰੀਕਾ ਦੇ ਵਰਕਿੰਗ ਪ੍ਰਧਾਨ ਪ੍ਰਦੀਪ ਸਮਾਲਾ, ਸਾਬ ਭੁੱਲਰ, ਗੁਰਦੇਵ ਸਿੰਘ, ਮੀਤ ਪ੍ਰਧਾਨ ਬਲਦੇਵ ਰੰਧਾਵਾ, ਪੰਜਾਬ ਚੈਪਟਰ ਦੇ ਪ੍ਰਧਾਨ ਗੁਰਮੀਤ ਗਿੱਲ, ਹਰਿਆਣਾ ਚੈਪਟਰ ਦੇ ਪ੍ਰਧਾਨ ਅਮਰ ਸਿੰਘ ਗੁਲਸ਼ਨ, ਗੁਰਪ੍ਰੀਤ ਸਾਬੀ, ਗੁਰਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

# 170 ਤੋਂ ਵੱਧ ਯੂਨੀਵਰਸਿਟੀਆਂ ਤੇ ਕਾਲਜ ਟਰੰਪ ਦੀਆਂ ਨੀਤੀਆਂ ਦੇ ਵਿਰੋਧ 'ਚ ਹੋਏ ਇਕਜੁੱਟ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਅਮਰੀਕਾ ਦੀਆਂ ਵਿਦਿਅਕ ਸੰਸਥਾਵਾਂ ਵਿਚ ਟਰੰਪ ਪ੍ਰਸ਼ਾਸਨ ਦੀ ਦਖਲਅੰਦਾਜ਼ੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਂਦਿਆਂ ਯੂਨੀਵਰਸਿਟੀਆਂ, ਕਾਲਜਾਂ ਤੇ ਸਕਾਲਰ ਸੁਸਾਇਟੀਆਂ ਨੇ ਇਕ ਸਾਂਝਾ ਬਿਆਨ ਜਾਰੀ ਕੀਤਾ ਹੈ ਜਿਸ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਉੱਚ ਸਿੱਖਿਆ ਪ੍ਰਤੀ ਅਪਨਾਏ ਰਵੱਈਏ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਹੈ। ਇਸ ਬਿਆਨ ਉੱਪਰ 170 ਤੋਂ ਵੱਧ ਯੂਨੀਵਰਸਿਟੀਆਂ, ਕਾਲਜਾਂ ਤੇ ਸਕਾਲਰ ਸੁਸਾਇਟੀਆਂ ਦੇ ਪ੍ਰਧਾਨਾਂ ਦੇ ਦਸਤਖਤ ਹਨ। ਹਾਰਵਰਡ, ਪ੍ਰਿੰਸਟੋਨ, ਬਰਾਊਨ ਤੇ ਯੂਨੀਵਰਸਿਟੀ ਆਫ ਹਵਾਈ ਤੇ ਕੋਨੈਕਟੀਕਟ ਸਟੇਟ ਕਮਿਊਨਿਟੀ ਕਾਲਜ ਦੇ ਪ੍ਰਧਾਨਾਂ ਸਮੇਤ ਹੋਰ ਉੱਚ ਵਿਦਿਅਕ ਸੰਸਥਾਵਾਂ ਦੇ ਪ੍ਰਧਾਨਾਂ ਦੇ ਦਸਤਖਤਾਂ ਵਾਲੇ ਇਸ ਸਾਂਝੇ ਬਿਆਨ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਸਰਕਾਰ ਦੀ ਰਾਜਸੀ ਦਖਲ-ਅੰਦਾਜ਼ੀ ਕਾਰਨ ਅਮਰੀਕਾ ਵਿਚ ਉੱਚ ਸਿੱਖਿਆ ਨੂੰ ਖਤਰਾ ਪੈਦਾ ਹੋ ਗਿਆ ਹੈ। ਬਿਆਨ ਵਿਚ ਉੱਚ ਸਿੱਖਿਆ ਦੇ ਮਹੱਤਵ ਉੱਪਰ ਜੋਰ ਦਿੰਦਿਆਂ ਆਗੂਆਂ ਨੇ ਸਰਕਾਰੀ ਨੀਤੀ ਦਾ ਵਿਰੋਧ ਕਰਨ ਪ੍ਰਤੀ ਸੰਕਲਪ ਲਿਆ ਹੈ ਤੇ ਕਿਹਾ ਹੈ ਕਿ ਸਰਕਾਰ ਉਨ੍ਹਾਂ ਲੋਕਾਂ ਦੇ ਜੀਵਨ ਵਿਚ ਬਿਨਾਂ ਵਜਾ ਦਖਲ-ਅੰਦਾਜ਼ੀ ਕਰ ਰਹੀ ਹੈ ਜੋ ਪੜ੍ਹ ਰਹੇ ਹਨ ਤੇ ਸਾਡੇ ਲਈ ਕੰਮ ਕਰ ਰਹੇ ਹਨ। ਬਿਆਨ ਵਿਚ ਉਸਾਰੂ ਸੁਧਾਰਾਂ ਪ੍ਰਤੀ ਸਹਿਯੋਗ ਲਈ ਇੱਛਾ ਪ੍ਰਗਟਾਈ ਗਈ ਹੈ ਪਰੰਤੂ ਸਿੱਖਿਆ ਅਦਾਰਿਆਂ ਨੂੰ ਸਰਕਾਰ ਦੁਆਰਾ ਚਲਾਉਣ ਦੀ ਕੋਸ਼ਿਸ਼ ਨੂੰ ਰੱਦ ਕਰ ਦਿੱਤਾ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਹਾਰਵਰਡ ਯੂਨੀਵਰਸਿਟੀ ਨੇ ਜਨਤਕ ਤੌਰ 'ਤੇ ਟਰੰਪ ਪ੍ਰਸ਼ਾਸਨ ਦੀਆਂ ਕਈ ਮੰਗਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਉਪਰੰਤ ਸਰਕਾਰ ਨੇ 2.3 ਅਰਬ ਡਾਲਰ ਦੇ ਸੰਘੀ ਫੰਡ ਜਾਮ ਕਰ ਦਿੱਤੇ ਸਨ ਜਿਸ ਵਿਰੁੱਧ ਯੂਨੀਵਰਸਿਟੀ ਨੇ ਅਦਾਲਤ ਵਿਚ ਅਪੀਲ ਵੀ ਦਾਇਰ ਕੀਤੀ ਹੈ ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਸੰਵਿਧਾਨ ਦੁਆਰਾ ਦਿੱਤੇ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ ਜਿਸ ਵਿਚ ਬੋਲਣ ਦੀ ਆਜ਼ਾਦੀ ਤੇ ਵਿਦਿਅਕ ਆਜ਼ਾਦੀ ਵੀ ਸ਼ਾਮਿਲ ਹੈ। ਯੂਨੀਵਰਸਿਟੀ ਨੇ ਦੋਸ਼ ਲਾਇਆ ਹੈ ਕਿ ਸਰਕਾਰ ਉਸ ਦੇ ਅੰਦਰੂਨੀ ਮਾਮਲਿਆਂ ਨੂੰ ਆਪਣੇ ਹੱਥ ਵਿਚ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਮਜੀਠੀਆ ਨੇ ਅੰਮ੍ਰਿਤਪਾਲ 'ਤੇ ਲਗਾਏ ਗੰਭੀਰ ਦੋਸ਼

ਚੰਡੀਗੜ੍ਹ : ਅਕਾਲੀ ਦਲ 'ਵਾਰਿਸ ਪੰਜਾਬ ਦੇ' ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਵਟਸਐਪ ਗਰੁੱਪ ਦੇ ਉਨ੍ਹਾਂ ਸਾਰੇ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਮੰਗ ਕਰਦਿਆਂ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਸ ਵਟਸਐਪ ਗਰੁੱਪ 'ਚ ਕੇਂਦਰੀ ਗ੍ਰਹਿ ਮੰਤਰੀ ਸਮੇਤ ਸਿਆਸੀ ਆਗੂਆਂ ਦੇ ਕਤਲੇਆਮ ਕਰਨ ਦੀ ਯੋਜਨਾ ਬਣਾਈ ਜਾ ਰਹੀ ਸੀ। ਮਜੀਠੀਆ ਨੇ ਪਾਰਟੀ ਮੁੱਖ ਦਫ਼ਤਰ ਵਿਖੇ ਗੱਲਬਾਤ ਦੌਰਾਨ ਉਕਤ ਗਰੁੱਪ 'ਚ ਹੋਈ ਸਾਰੀ ਗੱਲਬਾਤ ਸਬੰਧੀ ਸਬੂਤ ਵੀ ਮੀਡੀਆ ਸਾਹਮਣੇ ਰੱਖੇ ਅਤੇ ਨਾਲ ਹੀ ਮਜੀਠੀਆ ਨੇ ਅੰਮ੍ਰਿਤਪਾਲ ਸਿੰਘ ਦੀਆਂ ਆਡੀਓ ਟੇਪ ਜਾਰੀ ਕੀਤੀਆਂ, ਜਿਸ ਵਿਚ ਅੰਮ੍ਰਿਤਪਾਲ ਸਿੰਘ ਦਾਅਵਾ ਕਰ ਰਿਹਾ ਹੈ ਕਿ ਉਸ ਦੇ ਗੈਂਗਸਟਰਾਂ ਨਾਲ ਸੰਬੰਧ ਹਨ ਤੇ ਉਸ ਨੇ ਡਕੈਤੀਆਂ ਕੀਤੀਆਂ ਹਨ। ਮਜੀਠੀਆ ਨੇ ਮੰਗ ਕੀਤੀ ਕਿ ਇਸ ਸਾਰੇ ਮਾਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ. ਆਈ. ਏ.) ਤੋਂ ਕਰਵਾਈ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਉਹ ਉਨ੍ਹਾਂ ਕੋਲ ਉਪਲੱਬਧ ਸਾਰੇ ਸਬੂਤ ਕੇਂਦਰ ਸਰਕਾਰ ਨੂੰ ਸੌਂਪਣਗੇ ਕਿਉਂਕਿ ਪੰਜਾਬ ਪੁਲਿਸ ਦਾ ਸਿਆਸੀਕਰਨ ਹੋ ਚੁੱਕਾ ਹੈ ਅਤੇ ਪੰਜਾਬ ਪੁਲਿਸ 'ਤੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਗਿਰੋਹ ਦੀ ਜਾਂਚ ਵਾਸਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਮਜੀਠੀਆ ਨੇ ਸਵਾਲ ਕੀਤਾ ਕਿ ਮੁੱਖ ਮੰਤਰੀ ਪੰਜਾਬ ਨੇ ਇਸ ਅਹਿਮ ਮਾਮਲੇ 'ਤੇ ਚੁੱਪੀ ਕਿਉਂ ਧਾਰੀ ਹੋਈ ਹੈ? ਉਨ੍ਹਾਂ ਪੁੱਛਿਆ ਕਿ ਕੀ ਪੰਜਾਬ ਪੁਲਿਸ ਜਿਸ ਕੋਲ ਸਾਰੇ ਸਬੂਤ ਹਨ, ਕਿਸ ਦੇ ਮਰਨ ਦਾ ਇੰਤਜ਼ਾਰ ਕਰ ਰਹੀ ਹੈ? ਮਜੀਠੀਆ ਨੇ ਗੱਲਬਾਤ ਦੌਰਾਨ ਆਡੀਓ ਟੇਪ ਜਾਰੀ ਕਰਕੇ ਸਨਸਨੀ ਫੈਲਾ ਦਿੱਤੀ ਜਿਨ੍ਹਾਂ ਵਿਚ ਅੰਮ੍ਰਿਤਪਾਲ ਸਿੰਘ ਇਹ ਕਹਿੰਦਿਆ ਸੁਣਦਾ ਹੈ ਕਿ ਉਸ ਦੇ ਖ਼ਤਰਨਾਕ ਜੈਪਾਲ ਭੁੱਲਰ ਨਾਲ ਸਿੱਧੇ ਸੰਬੰਧ ਹਨ ਅਤੇ ਉਹ ਇਹ ਵੀ ਦੱਸ ਰਿਹਾ ਹੈ ਕਿ ਕਿਵੇਂ ਭੁੱਲਰ ਵਲੋਂ ਕੀਤੀਆਂ ਬਹੁ ਕਰੋੜੀ ਡਕੈਤੀਆਂ ਵਿਚ ਉਸ ਦਾ ਵੀ ਹਿੱਸਾ ਹੈ। ਆਡੀਓ ਕਲਿੱਪ 'ਚ ਅੰਮ੍ਰਿਤਪਾਲ ਇਹ ਦਾਅਵਾ ਕਰਦਾ ਹੈ ਕਿ ਉਹ ਜਾਣਦਾ ਹੈ ਕਿ ਭੁੱਲਰ ਵਲੋਂ ਲੁੱਟਿਆ ਸੋਨਾ ਕਿੱਥੇ ਪਿਆ ਹੈ। ਇਕ ਹੋਰ ਗੱਲਬਾਤ ਵਿਚ ਅੰਮ੍ਰਿਤਪਾਲ ਇਹ ਕਹਿੰਦਾ ਹੈ ਕਿ ਉਹ ਜਾਣਦਾ ਹੈ ਕਿ ਉਸ ਦਾ ਭਰਾ ਹਰਪ੍ਰੀਤ ਸਿੰਘ ਨਸ਼ੇੜੀ ਹੈ ਅਤੇ ਉਹ ਜਾਣਦਾ ਹੈ ਕਿ ਨਗਦੀ ਵਾਲੀ ਗੱਡੀ ਕਿਵੇਂ ਲੁੱਟੀ ਜਾਂਦੀ ਹੈ ਅਤੇ ਦਿੱਲੀ ਵਿਚ ਉਸ ਦੇ ਦੋ ਫਲੈਟ ਹਨ ਅਤੇ ਉਹ ਜਾਣਦਾ ਹੈ ਕਿ ਭੁੱਲਰ ਵਲੋਂ ਲੁੱਟੇ ਗਏ 22 ਕਰੋੜ ਰੁਪਏ ਕਿੱਥੇ ਰੱਖੇ ਗਏ ਹਨ। ਮਜੀਠੀਆ ਨੇ ਕਿਹਾ ਕਿ ਅੰਮ੍ਰਿਤਪਾਲ ਇਕ ਢੌਂਗੀ ਹੈ ਨਾ ਕਿ ਪ੍ਰਚਾਰਕ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਪਰਿਵਾਰ ਨੇ ਹਮੇਸ਼ਾ ਕਾਂਗਰਸ ਪਾਰਟੀ ਦੀ ਹਮਾਇਤ ਕੀਤੀ ਹੈ ਅਤੇ ਉਨ੍ਹਾਂ ਨੇ 2019 ਵਿਚ ਪੰਥਕ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗੈਂਗਸਟਰ ਅਰਸ਼ ਡੱਲਾ, ਹੈਪੀ ਪਸ਼ੀਆ ਅਤੇ ਹਰਵਿੰਦਰ ਰਿੰਦਾ ਦੇ ਅੰਮ੍ਰਿਤਪਾਲ ਨਾਲ ਨੇੜਲੇ ਸੰਬੰਧ ਹਨ ਅਤੇ ਉਹ ਡਿਬਰੂਗੜ੍ਹ ਜੇਲ੍ਹ ਵਿਚ ਫ਼ੋਨ ਦੀ ਵਰਤੋਂ ਕਰਦਾ ਹੈ। ਮਜੀਠੀਆ ਨੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਟੀਮ ਮੋਗਾ ਪੇਜ ਗਰੁੱਪ ਵਿਚ ਹੋਈ ਗੱਲਬਾਤ ਦੇ ਵੇਰਵੇ ਵੀ ਜਨਤਕ ਕੀਤੇ ਜਿਸ ਵਿਚ ਟੀਮ ਮੈਂਬਰ ਜ਼ੋਰ ਦੇ ਕੇ ਕਹਿ ਰਹੇ ਹਨ ਕਿ ਉਹ ਸ਼ਹੀਦ ਹੋਣ ਲਈ ਤਿਆਰ ਹਨ ਤੇ ਉਹ ਆਪਣੇ ਪਰਿਵਾਰਾਂ ਨੂੰ ਆਖ ਰਹੇ ਹਨ ਕਿ ਜੇਕਰ ਉਨ੍ਹਾਂ ਨੇ ਰਵਨੀਤ ਸਿੰਘ ਬਿੱਟੂ, ਬਿਕਰਮ ਸਿੰਘ ਮਜੀਠੀਆ ਅਤੇ ਅਮਿਤ ਸ਼ਾਹ ਵਰਗੇ ਆਗੂਆਂ ਦਾ ਕਤਲ ਕੀਤਾ ਤਾਂ ਉਨ੍ਹਾਂ ਦੇ ਪਰਿਵਾਰਾਂ ਦਾ ਖ਼ਿਆਲ ਰੱਖਿਆ ਜਾਵੇ। ਉਨ੍ਹਾਂ ਨੇ ਗਰੁੱਪ ਦੀ ਇਕ ਆਡੀਓ ਵੀ ਜਾਰੀ ਕੀਤੀ ਜਿਸ ਵਿਚ ਇਕ ਮਹਿਲਾ ਹੋਰਨਾਂ ਨੂੰ ਆਤਮਘਾਤੀ ਹਮਲਾਵਰ ਬਣਨ ਵਾਸਤੇ ਉਕਸਾ ਰਹੀ ਹੈ। ਮਜੀਠੀਆ ਨੇ ਕਿਹਾ ਕਿ ਕੋਈ ਵੀ ਮੈਨੂੰ ਪੰਜਾਬ ਦੀ ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਲਈ ਬੋਲਣ ਤੋਂ ਨਹੀਂ ਰੋਕ ਸਕਦਾ। ਇਸ ਮੌਕੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਵੀ ਮੌਜੂਦ ਸਨ।



# ਦਿੱਲੀ ਗੁਰਦੁਆਰਾ ਕਮੇਟੀ ਨੇ ਲਾਲ ਕਿਲੇ ’ਤੇ ਦਿੱਲੀ ਫ਼ਤਹਿ ਦਿਵਸ ਮਨਾਇਆ

## ਮੁੱਖ ਮੰਤਰੀ, ਕੈਬਨਿਟ ਮੰਤਰੀ ਸਿਰਸਾ ਅਤੇ ਕਮੇਟੀ ਦੇ ਅਹੁਦੇਦਾਰਾਂ ਨੇ ਕੀਤੀ ਸ਼ਿਰਕਤ





ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਫ਼ਤਹਿ ਦਿਵਸ ਇਤਿਹਾਸਕ ਲਾਲ ਕਿਲ੍ਹੇ ’ਤੇ ਮਨਾਇਆ ਗਿਆ। ਇਸ ਦੌਰਾਨ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਕੀਤੇ ਬਹਾਦਰੀ ਵਾਲੇ ਕਾਰਨਾਮੇ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਸਮਾਗਮ ਵਿਚ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ, ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਮੈਂਬਰ ਪਾਰਲੀਮੈਂਟ ਸ੍ਰੀਮਤੀ ਕਮਲਜੀਤ ਸਹਿਰਾਵਤ, ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਧਰਮ ਪ੍ਰਚਾਰ ਕਮੇਟੀ ਦੇ ਮੁਖੀ ਜਸਪ੍ਰੀਤ ਸਿੰਘ ਕਾਹਲੋਂ, ਮੀਤ ਪ੍ਰਧਾਨ ਆਤਮਾ ਸਿੰਘ ਲੁਬਾਣਾ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ ਦਰਬਾਰ ’ਤੇ ਕੀਤੀ ਫ਼ਤਹਿਦਾ ਜਸ਼ਨ ਅੱਜ ਸਾਰੀ ਦੁਨੀਆਂ ਨੂੰ ਮਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 1783 ਵਿੱਚ ਹਾਸਲ ਕੀਤੀ ਇਸ ਜਿੱਤ ਨੇ ਦਿੱਲੀ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਦਿੱਲੀ ਦਾ ਮਸ਼ਹੂਰ ਮੋਰੀ ਪੁਲ ਉਸ ਇਤਿਹਾਸ ਅਸਥਾਨ ’ਤੇ ਹੈ ਜਿਸ ਥਾਂ ’ਤੇ ਮੋਰੀ ਕੱਢ ਕੇ ਖਾਲਸਾਈ ਫੌਜਾਂ ਲਾਲ ਕਿਲ੍ਹੇ ਵਿੱਚ ਦਾਖਲ ਹੋਈਆਂ ਤੇ ਫ਼ਤਹਿ ਦਰਜ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰੀਕੇ ਤੀਸ ਹਜ਼ਾਰੀ ਕੋਰਟ ਵਾਲੀ ਥਾਂ ਉਸ ਤੀਸ ਹਜ਼ਾਰੀ ਫੌਜ ਦੇ ਪੜਾਅ ਦਾ ਅਸਥਾਨ ਹੈ ਜਿਸ ਫੌਜ ਨੇ ਮੁਗਲ ਬਾਦਸ਼ਾਹ ਨੂੰ ਹਰਾਉਣ ਦਾ ਕੰਮ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਦਿੱਲੀ ਵਿਚ ਮੁਗਲ ਬਾਦਸ਼ਾਹ ’ਤੇ ਫ਼ਤਹਿ ਹਾਸਲ ਕਰਨੀ ਸਾਡੀ ਕੌਮ ਵਾਸਤੇ ਬਹੁਤ ਹੀ ਮਾਣ ਤੇ ਸਤਿਕਾਰ ਵਾਲੀ ਗੱਲ ਹੈ। ਇਸ ਮੌਕੇ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਹ ਖੁਸ਼ੀਆਂ ਗੁਰੂ ਸਾਹਿਬ ਨੇ ਸਾਡੀ ਝੋਲੀ ਪਾਈਆਂ ਹਨ ਕਿ ਅਸੀਂ ਦਿੱਲੀ ਫ਼ਤਹਿ ਦਿਵਸ ਉਸ ਲਾਲ ਕਿਲ੍ਹੇ ’ਤੇ ਮਨਾ ਰਹੇ ਹਾਂ ਜਿਸ ਲਾਲ ਕਿਲ੍ਹੇ ਤੋਂ ਮੁਗਲ ਬਾਦਸ਼ਾਹ ਸਾਡੀ ਕੌਮ ਤੇ ਮਨੁੱਖਤਾ ਦੇ ਖ਼ਿਲਾਫ਼ ਹੁਕਮ ਜਾਰੀ ਕਰਦੇ ਸਨ ਤੇ ਸਾਡੇ ਮਹਾਨ ਜਰਨੈਲਾਂ ਨੇ ਮੁਗਲ ਬਾਦਸ਼ਾਹ ’ਤੇ ਨਾ ਸਿਰਫ ਫ਼ਤਹਿ ਦਰਜ ਕੀਤੀ ਬਲਕਿ ਉਨ੍ਹਾਂ ਦਾ ਤਖ਼ਤ ਪੁੱਟ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਵਿਚ ਜਾ ਕੇ ਭੇਟ ਕੀਤਾ ਜੋ ਅੱਜ ਵੀ ਬੁੰਗਾ ਰਾਮਗੜ੍ਹੀਆ ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪਿਆ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ 1 ਜੂਨ ਤੋਂ ਗੁਰਦੁਆਰਾ ਬਾਲਾ ਸਾਹਿਬ ਵਿੱਚ ਲੋੜਵੰਦਾਂ ਲਈ ਅੱਖਾਂ ਦੇ ਮੁਫਤ ਅਪਰੇਸ਼ਨ ਦੀ ਸਹੂਲਤ ਸ਼ੁਰੂ ਕੀਤੀ ਜਾ ਰਹੀ ਹੈ।

# 100 ਸਿੱਖਾਂ ਨੂੰ ਮਾਰਨ ਸੰਬੰਧੀ ਟਾਈਟਲਰ ਦੇ ਕਬੂਲਨਾਮੇ ਬਾਰੇ ਜੀ.ਕੇ. ਨੇ ਦਰਜ ਕਰਾਏ ਬਿਆਨ

## ਜੀ.ਕੇ. ਦੇ ਬਿਆਨ ਤੋਂ ਬਾਅਦ ਟਾਈਟਲਰ ਵੀ ਸਲਾਖ਼ਾਂ ਪਿਛੇ ਜਾਏਗਾ : ਫੂਲਕਾ





ਨਵੀਂ ਦਿੱਲੀ : 1984 ਸਿੱਖ ਕਤਲੇਆਮ ਦੇ ਵੱਡੇ ਦੋਸ਼ੀ ਮੰਨੇ ਜਾਣ ਵਾਲੇ ਜਗਦੀਸ਼ ਟਾਈਟਲਰ ਨਾਲ ਜੁੜੇ ਇਕ ਮਾਮਲੇ ’ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਅੱਜ ਆਪਣੇ ਬਿਆਨ ਦਰਜ ਕਰਵਾਏ। ਦਰਅਸਲ ਜੀ.ਕੇ. ਨੇ ਸੀ.ਬੀ.ਆਈ. ਨੂੰ ਇਕ ਸਟਿੰਗ ਆਪ੍ਰੇਸ਼ਨ ਦੀ ਸੀ.ਡੀ. ਸੌਂਪੀ ਸੀ। ਇਸ ਸਟਿੰਗ ਵਿਚ ਟਾਈਟਲਰ ਕਥਿਤ ਤੌਰ ’ਤੇ ਇਹ ਕਬੂਲ ਕਰ ਰਹੇ ਹਨ ਕਿ ਉਨ੍ਹਾਂ ਨੇ 100 ਸਿੱਖਾਂ ਨੂੰ ਮਾਰਿਆ ਹੈ। ਟਾਈਟਲਰ ਦੇ ਕਥਿਤ ਕਬੂਲਨਾਮੇ ਵਾਲੀ ਇਹ ਸੀ.ਡੀ. ਅੱਜ ਅਦਾਲਤ ਵਿਚ ਚਲਾਈ ਗਈ। ਹਾਲਾਂਕਿ ਟਾਈਟਲਰ ਦੇ ਵਕੀਲਾਂ ਨੇ ਇਸ ਨੂੰ ਝੂਠਾ ਕਰਾਰ ਦਿੱਤਾ। ਮਾਮਲੇ ਦੀ ਸੁਣਵਾਈ ਤੋਂ ਬਾਅਦ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਪੁਲ ਬੰਗਸ਼ ਵਿਚ 3 ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿਚ ਟਾਈਟਲਰ ਖ਼ਿਲਾਫ਼ ਮਾਮਲਾ ਅੱਜ ਸੂਚੀਬੱਧ ਕੀਤਾ ਗਿਆ ਸੀ । ਫੂਲਕਾ ਨੇ ਦੱਸਿਆ ਕਿ ਸਟਿੰਗ ਆਪ੍ਰੇਸ਼ਨ ਦੀ ਸੀ.ਡੀ. ਨੂੰ ਅੱਜ ਅਦਾਲਤ ਵਿਚ ਚਲਾਇਆ ਗਿਆ ਜਿਸ ਵਿਚ ਸਾਫ਼ ਤੌਰ ’ਤੇ ਵੇਖਿਆ ਜਾ ਸਕਦਾ ਹੈ ਕਿ ਟਾਈਟਲਰ 100 ਸਿੱਖਾਂ ਨੂੰ ਮਾਰਨ ਦੀ ਗੱਲ ਆਖ ਰਹੇ ਹਨ। ਫੂਲਕਾ ਨੇ ਕਿਹਾ ਕਿ ਸਾਨੂੰ ਵਿਸ਼ਵਾਸ ਹੈ ਕਿ ਜੀ.ਕੇ. ਦੇ ਬਿਆਨ ਤੋਂ ਬਾਅਦ ਟਾਈਟਲਰ ਵੀ ਸਲਾਖ਼ਾਂ ਪਿੱਛੇ ਹੋਵੇਗਾ।

# ਦਿੱਲੀ ਫਤਹਿ ਦਿਵਸ ਵਿੱਚ ਅਕਾਲੀ ਫੌਜਾਂ ਨੇ ਵੱਧ ਚੜ੍ਹ ਕੇ ਸਮੂਲੀਅਤ ਕੀਤੀ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ

## ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਪਰਾਲਾ ਪ੍ਰਸ਼ੰਸਾਜਨਕ



ਅੰਮ੍ਰਿਤਸਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਬਾਬਾ ਬਘੇਲ ਸਿੰਘ ਦਾ ਸਲਾਨਾ ਧਾਰਮਿਕ ਗੁਰਮਤਿ ਸਮਾਗਮ ਇਤਿਹਾਸਕ ਲਾਲ ਕਿਲ੍ਹੇ ’ਤੇ ਮਨਾਇਆ ਗਿਆ। ਇਸ ਸਮਾਗਮ ਵਿਚ ਅਕਾਲੀ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਅਕਾਲੀ ਫੌਜਾਂ ਦੇ ਦਲਪੰਥ ਸਮੇਤ ਫਤਿਹ ਦਿਵਸ ਵਿੱਚ ਸ਼ਮੂਲੀਅਤ ਕੀਤੀ। ਇਨ੍ਹਾਂ ਤੋਂ ਇਲਾਵਾ ਨਿਹੰਗ ਸਿੰਘ ਦਲਾਂ ਦੇ ਮੁਖੀ ਸਾਹਿਬਾਨ, ਬਾਬਾ ਜੋਗਾ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਦਲਪੰਥ ਬਾਬਾ ਬਿਧੀ ਚੰਦ ਸਾਹਿਬ ਸੁਰ ਸਿੰਘ ਵੱਲੋਂ ਬਾਬਾ ਨਿਹਾਲ ਸਿੰਘ, ਬਾਬਾ ਮੇਜਰ ਸਿੰਘ ਸੋਢੀ ਦਸ਼ਮੇਸ਼ ਤਰਨਾ ਦਲ ਨੇ ਵਿਸ਼ੇਸ਼ ਤੌਰ ਤੇ ਸਮੂਲੀਅਤ ਕੀਤੀ। ਇਹ ਦਿਲੀ ਫਤਹਿ ਦਿਵਸ ਨੂੰ ਸਮਰਪਿਤ ਫਤਹਿ ਜਰਨੈਲੀ ਮਾਰਚ ਛੱਤਾ ਪੁੱਲ ਤੋਂ ਅਰੰਭ ਹੋ ਕੇ ਲਾਲ ਕਿਲ੍ਹੇ ਤੀਕ ਸਜਾਇਆ ਗਿਆ। ਇਸ ਜਰਨੈਲੀ ਫਤਹਿ ਮਾਰਚ ਵਿੱਚ ਬੁੱਢਾ ਦਲ ਵੱਲੋਂ ਹਾਥੀ, ਊਠ, ਘੋੜੇ ਵਿਸ਼ੇਸ਼ ਤੌਰ ਸ਼ਿੰਗਾਰੇ ਹੋਏ ਸ਼ਾਮਲ ਸਨ। ਨਿਹੰਗ ਸਿੰਘ ਅਕਾਲੀ ਫੌਜਾਂ ਵੱਲੋਂ ਖਾਲਸਾਈ ਜੈਕਾਰੇ ਗੂੰਜਾਉਂਦਾ ਇਹ ਫਤਹਿ ਮਾਰਚ ਵੱਖ-ਵੱਖ ਪੁਰਾਤਨ ਮਾਰਗਾਂ ਤੋਂ ਹੁੰਦਾ ਹੋਇਆ ਰਾਤ ਦੇਰ ਲਾਲ ਕਿਲ੍ਹੇ ਸੰਪੂਰਨ ਹੋਇਆ।

ਦਿਲੀ ਸਿੱਖ ਗੁ: ਮੈਨੇਜਮੈਂਟ ਕਮੇਟੀ ਵੱਲੋਂ ਲਾਲ ਕਿਲ੍ਹੇ ਸਾਹਮਣੇ ਅਯੋਜਿਤ ਵਿਸ਼ੇਸ਼ ਗੁਰਮਤਿ ਸਮਾਗਮ ਵਿੱਚ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆ ਕਿਹਾ ਬਹੁਤ ਹੀ ਮਹੱਤਵਪੂਰਨ ਤੇ ਸਿੱਖ ਕੌਮ ਦੀ ਚੜ੍ਹਦੀਕਲਾ ਵਾਲਾ ਇਤਿਹਾਸਕ ਦਿਹਾੜਾ ਅਸੀਂ ਸਾਰੇ ਸੰਗਤੀ ਰੂਪ ਵਿੱਚ ਮਨਾ ਰਹੇ ਹਾਂ। ਮੁਗ਼ਲ ਸਮਰਾਜ ਦੀਆਂ ਚੂਲਾਂ ਹਲਾਉਣ ਤੇ ਪੁੱਟਣ ਵਾਲੇ ਸਿੱਖ ਕੌਮ ਦੇ ਮਹਾਨ ਜਰਨੈਲ ਦੂਲੇ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ, ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਤੇ ਹੋਰ ਸਿੱਖ ਜਰਨੈਲਾਂ ਨੇ ਦਿੱਲੀ ਦੀ ਇੱਟ ਨਾਲ ਇੱਟ ਵਜ਼ਾ ਛੱਡੀ। ਦਿਲੀ ਤਖ਼ਤ ਜਿਸ ਤੇ ਬੈਠ ਹੁਕਮਰਾਨ ਸਿੱਖ ਕੌਮ ਵਿਰੁੱਧ ਫੁਰਮਾਨ ਜਾਰੀ ਕਰਦੇ ਹੁੰਦੇ ਸਨ ਸਿੱਖ ਜਰਨੈਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੇ ਪੁੱਟ ਕੇ ਅੰਮ੍ਰਿਤਸਰ ਲਿਆ ਸੁਸ਼ੋਭਤ ਕੀਤਾ। ਉਨ੍ਹਾਂ ਕਿਹਾ ਇਨ੍ਹਾਂ ਸੂਰਬੀਰਾਂ ਜਰਨੈਲਾਂ ਨੇ ਦਿਲੀ ਨੂੰ ਆਪਣੇ ਬਲ ਬਾਹੂ ਨਾਲ 19 ਵਾਰ ਲੁਟਿਆ ਅਤੇ ਇਸ ਤੇ ਕਾਬਜ਼ ਹੋਏ। ਦਿਲੀ ਗੁ: ਮੈਨੇਜਮੈਂਟ ਕਮੇਟੀ ਵੱਲੋਂ ਹਰ ਸਾਲ ਇਹ ਦਿਹਾੜਾ ਮਨਾਇਆ ਜਾਣਾ ਬਹੁਤ ਹੀ ਪ੍ਰਸ਼ੰਸਾਜਨਕ ਤੇ ਕੌਮੀ ਉਤਸ਼ਾਹ ਵਾਲਾ ਉਪਰਾਲਾ ਹੈ। ਜਥੇਬੰਦੀਆਂ ਵੀ ਇਸ ਸਮਾਗਮਾਂ ਵਿੱਚ ਕੌਮੀ ਜਜਬੇ ਭਰਪੂਰ ਸ਼ਾਮਲ ਹੁੰਦੀਆਂ ਹਨ। ਇਸ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਹੋਰ ਸਖ਼ਸ਼ੀਅਤਾਂ ਵੱਲੋਂ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ ਵਿਸ਼ੇਸ਼ ਤੌਰ ਤੇ ਸ੍ਰੀ ਸਾਹਿਬ, ਦੋਸ਼ਾਲਾ, ਸਿਰਪਾਓ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਬੁੱਢਾ ਦਲ ਪਾਸ ਗੁਰੂ ਸਾਹਿਬਾਨ ਅਤੇ ਸਿੱਖ ਜਰਨੈਲਾਂ ਦੇ ਪੁਰਾਤਨ ਇਤਿਹਾਸਕ ਸ਼ਸਤਰਾਂ ਦੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਸੰਗਤਾਂ ਨੂੰ ਦਰਸ਼ਨ ਕਰਵਾਏ ਅਤੇ ਸ਼ਸਤਰਾਂ ਦਾ ਇਤਿਹਾਸ ਵੀ ਸੰਗਤਾਂ ਨਾਲ ਸਾਂਝਾ ਕੀਤਾ।

ਇਸ ਸਮਾਗਮ ਵਿੱਚ ਦਿਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਕੈਬਨਿਟ ਮੰਤਰੀ ਸ. ਮਨਜਿੰਦਰ ਸਿੰਘ ਸਿਰਸਾ, ਦਿਲੀ ਕਮੇਟੀ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ, ਸ੍ਰੀਮਤੀ ਕਮਲਜੀਤ ਸਾਹਿਰਾਵਤ ਮੈਂਬਰ ਪਾਰਲੀਮੈਂਟ, ਧਰਮ ਪ੍ਰਚਾਰ ਕਮੇਟੀ ਦੇ ਮੁਖੀ ਸ. ਜਸਪ੍ਰੀਤ ਸਿੰਘ ਕਰਮਸਰ, ਮੀਤ ਪ੍ਰਧਾਨ ਸ. ਆਤਮਾ ਸਿੰਘ ਲੁਬਾਣਾ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਲੱਖਾ ਸਿੰਘ ਨਾਨਕਸਰ, ਬਾਬਾ ਮਨਮੋਹਣ ਸਿੰਘ ਬਾਰਨਵਾਲੇ ਵਿਸ਼ੇਸ਼ ਤੌਰ ਸ਼ਾਮਲ ਸਨ। ਇਸ ਸਮਾਗਮ ਵਿੱਚ ਰਾਜਸੀ ਧਾਰਮਿਕ ਤੇ ਸਮਾਜਕ ਸਖਸ਼ੀਅਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

# ਲੋੜਵੰਦ ਸਿੱਖ ਪਰਿਵਾਰਾਂ ਦੀ ਮਦਦ ਵਾਸਤੇ ਸਾਂਝੇ ਰੂਪ ’ਚ ਉਲੀਕੀ ਜਾਵੇ ਵਿਸ਼ੇਸ਼ ਰਣਨੀਤੀ : ਯੂਨਾਈਟਿਡ ਸਿੰਘ ਸਭਾ ਫਾਊਂਡੇਸ਼ਨ



ਨਵੀਂ ਦਿੱਲੀ : ਯੂਨਾਈਟਿਡ ਸਿੰਘ ਸਭਾ ਫਾਊਂਡੇਸ਼ਨ (ਰਜਿ:) ਵਲੋਂ ਸਿੱਖ ਜਥੇਬੰਦੀਆਂ, ਸੰਸਥਾਵਾਂ ਤੇ ਤਮਾਮ ਸਿੱਖ ਸੁਸਾਇਟੀਆਂ ਸਮੇਤ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਗਈ ਹੈ ਕਿ ਲੋੜਵੰਦ ਸਿੱਖਾਂ ਦੀ ਮਦਦ ਵਾਸਤੇ ਪਹਿਲ ਕਰਦਿਆਂ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਫਾਊਂਡੇਸ਼ਨ ਦੇ ਕਾਰਜਕਾਰੀ ਮੈਂਬਰ ਮੰਗਾ ਸਿੰਘ ਨੇ ਕਿਹਾ ਕਿ ਆਮ ਤੌਰ ’ਤੇ ਸਿੱਖ ਭਾਈਚਾਰੇ ਵੱਲੋਂ ਬਗੈਰ ਕਿਸੇ ਵਿਤਕਰੇ ਦੇ ਲੰਗਰ ਅਤੇ ਹੋਰ ਸੇਵਾਵਾਂ ਕੀਤੀਆਂ ਜਾਂਦੀਆਂ ਹਨ ਜੋ ਗੁਰਮਤਿ ਮੁਤਾਬਿਕ ਜ਼ਰੂਰੀ ਵੀ ਹਨ। ਪਰ ਇਹ ਚਿੰਤਾ ਦਾ ਵਿਸ਼ਾ ਹੈ ਕਿ ਅਸੀਂ ਜਾਣੇ ਅਨਜਾਣੇ ਵਿਚ ਆਪਣੇ ਹੀ ਗ਼ਰੀਬ ਤੇ ਲੋੜਵੰਦ ਸਿੱਖ ਪਰਿਵਾਰਾਂ ਦੀ ਮਦਦ ਤੋਂ ਅਵੇਸਲੇ ਹੋਏ ਪਏ ਹਾਂ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਲੋੜਵੰਦ ਸਿੱਖਾਂ ਦੀ ਬਾਂਹ ਫੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋੜਵੰਦ ਸਿੱਖਾਂ ਪਰਿਵਾਰਾਂ ਦੀ ਪਹਿਲ ਦੇ ਆਧਾਰ ’ਤੇ ਮਦਦ ਲਈ ਸਾਰਿਆਂ ਨੂੰ ਵਿਸ਼ੇਸ਼ ਤਵੱਜੋ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਗੁਰਦੁਆਰਾ ਸਿੰਘ ਸਭਾਵਾਂ, ਸਿੱਖ ਜਥੇਬੰਦੀਆਂ ਤੇ ਸੁਸਾਇਟੀਆਂ ਨੂੰ ਇਸ ਸਬੰਧੀ ਰਲ ਕੇ ਇੱਕ ਵਿਸ਼ੇਸ਼ ਰਣਨੀਤੀ ਉਲੀਕਣੀ ਚਾਹੀਦੀ ਹੈ ਅਤੇ ਫਿਰ ਯੋਜਨਾਬੱਧ ਤਰੀਕੇ ਨਾਲ ਉਸ ’ਤੇ ਅਮਲ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਕੋਈ ਲੋੜਵੰਦ ਸਿੱਖ ਪਰਿਵਾਰ ਮਦਦ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਨਿੱਜੀ ਪੱਧਰ ’ਤੇ ਵੀ ਆਪਣੇ ਆਲੇ ਦੁਆਲੇ ਵਿਚਰ ਰਹੇ ਲੋੜਵੰਦ ਸਿੱਖ ਪਰਿਵਾਰਾਂ ਦੀ ਲੋੜੀਂਦੀ ਮਦਦ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ।

# ਪਿੰਡ ਮਸੀਤਾਂ ’ਚ ਗੋਲੀਬਾਰੀ ’ਚ ਇਕ ਹਲਾਕ



ਡੱਬਵਾਲੀ (ਮੁਕਤਸਰ) : ਪਿੰਡ ਮਸੀਤਾਂ ਵਿਖੇ ਗੋਲੀਬਾਰੀ ਵਿਚ ਗੋਲੀ ਲੱਗਣ ਕਰਕੇ ਇਕ ਵਿਅਕਤੀ ਦੀ ਮੌਤ ਹੋ ਗਈ। ਜਦਕਿ 16 ਸਾਲਾਂ ਲੜਕਾ ਪੈਰ ਵਿਚ ਗੋਲੀ ਲੱਗਣ ਕਰਕੇ ਜ਼ਖਮੀ ਹੋ ਗਿਆ। ਮਾਮਲਾ ਜ਼ਮੀਨੀ ਵਿਵਾਦ ਨਾਲ ਜੁੜਿਆ ਦੱਸਿਆ ਜਾਂਦਾ ਹੈ। ਮ੍ਰਿਤਕ ਦੀ ਪਛਾਣ ਗੁਰਸੇਵਕ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਮਸੀਤਾਂ ਵਜੋਂ ਹੋਈ ਹੈ। ਜਦਕਿ ਜਖਮੀ ਲੜਕਾ ਦੀਪਕ ਪੁੱਤਰ ਜਗਤਾਰ ਸਿੰਘ ਹੈ। ਘਟਨਾ ਮੌਕੇ ਦੇਰ ਰਾਤ ਗੁਰਸੇਵਕ ਸਿੰਘ ਅਤੇ ਦੀਪਕ ਮੋਟਰਸਾਈਕਲ ਉੱਪਰ ਉਸ ਦੇ ਖੇਤ ਤੋਂ ਘਰ ਨੂੰ ਆ ਰਹੇ ਸਨ, ਜਦੋਂ ਉਹ ਪਿੰਡ ਦੀ ਸੱਥ ’ਤੇ ਪੁੱਜੇ ਤਾਂ ਉਨ੍ਹਾਂ ਉੱਪਰ ਗੋਲੀਬਾਰੀ ਕਰ ਦਿੱਤੀ ਗਈ। ਘਟਨਾ ਉਪਰੰਤ ਦੋਵੇਂ ਜਖਮੀਆਂ ਨੂੰ ਸਿਵਲ ਹਸਪਤਾਲ ਡੱਬਵਾਲੀ ਲਿਆਂਦਾ ਗਿਆ। ਡਾਕਟਰਾਂ ਨੇ ਗੁਰਸੇਵਕ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਭਰਾ ਸਰਬਜੀਤ ਸਿੰਘ ਨੇ ਕਿਹਾ ਕਿ ਜ਼ਮੀਨੀ ਵਿਵਾਦ ਵਿਚ ਉਸ ਦੇ ਭਰਾ ਗੁਰਸੇਵਕ ਸਿੰਘ ਦੀ ਸੁਪਾਰੀ ਦੇ ਕੇ ਹੱਤਿਆ ਕਰਵਾਈ ਗਈ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਪਰ ਇਹ ਗੱਲ ਬੀ ਅਖ਼ਬਾਰਾਂ ਵਿਚ ਨਿਕਲ ਰਹੀ ਹੈ ਕਿ ਹੁਣ ਉਸ ਪਾਸੇ ਕੰਮ ਸ਼ੁਰੂ ਕਰਨ ਵਿਚ ਇਸ ਕਰਕੇ ਢਿੱਲ ਪੈ ਰਹੀ ਹੈ ਕਿ ਅਸੈਂਬਲੀ ਦੀਆਂ ਚੋਣਾਂ ਸਾਹਮਣੇ ਹਨ, ਜੇ ਅਕਾਲੀ ਮੁਖੀ ਪ੍ਰਚਾਰ ਲਈ ਉਧਰ ਤੁਰ ਜਾਣ ਤਦ ਕੌਂਸਲਾਂ ਵਿਚ ਹੋਰ ਲੋਕੀਂ ਚਲੇ ਜਾਣਗੇ ਤੇ ਇਹ ਗੱਲ ਸਹਾਰੀ ਜਾਣੀ ਅਸੰਭਵ ਦੇ ਦਰਜੇ ਤੱਕ ਪੁੱਜੀ ਹੋਈ ਹੈ। ਜੇ ਇਹ ਅਫ਼ਵਾਹ ਜਿਹੜੀ ਕਿ ਇਕ ਤੋਂ ਵਧੀਕ ਅਖ਼ਬਜਾਰਾਂ ਵਿਚ ਨਿਕਲ ਚੁੱਕੀ ਹੈ, ਦਰੁਸਤ ਹੈ ਤੇ ਪ੍ਰਚਾਰ ਦੇ ਕੰਮ ਵਿਚ ਇਹ ਹੀ ਰੁਕਾਵਟ ਹੋ ਰਹੀ ਹੈ ਤਦ ਪੰਥ ਦੀ ਹਾਲਤ ਨਾਜ਼ਕ ਦਰਜੇ ਤੱਕ ਪੁੱਜ ਚੁੱਕੀ ਸਮਝਣੀ ਚਾਹੀਦੀ ਹੈ। ਇਕ ਪਾਸੇ ਤਾਂ ਲੱਖਾਂ ਆਦਮੀ ਸਿੱਖੀ ਦੇ ਵਿਚ ਪ੍ਰਵੇਸ਼ ਕਰਨ ਲਈ ਇਕ ਇਕ ਦਿਨ ਲੰਘਣਾ ਮੁਸ਼ਕਿਲ ਸਮਝ ਰਹੇ ਹਨ ਤੇ ਦੂਜੇ ਪਾਸੇ ਉਨ੍ਹਾਂ ਨੂੰ ਸਿੱਖੀ ਵਿਚ ਪ੍ਰਵੇਸ਼ ਕਰਨ ਵਾਲੇ ਜਿਨ੍ਹਾਂ ਇਸ ਕੰਮ ਦਾ ਬੀੜਾ ਚੁੱਕ ਕੇ ਪੰਥ ਦੀ ਸਮੁੱਚੀ ਤਾਕਤ ਹੱਥ ਲਈ ਹੈ, ਕਮੇਟੀਆਂ ਦੀ ਚੋਣਾਂ ਦੀ ਖ਼ਾਤਰ ਇਸ ਪਾਸੇ ਧਿਆਨ ਹੀ ਨਹੀਂ ਦੇ ਸਕਦੇ।

ਮੁਸਲਿਮ ਲੀਡਰ ਤੇ ਉਪਦੇਸ਼ਕ ਆਦਿ ਤੇ ਅਮਰੀਕਨ ਮਿਸ਼ਨਰੀ

ਜਿਸ ਵੇਲੇ ਡਾਕਟਰ ਅੰਬੇਡਕਰ ਨੇ ਅਖੌਤੀ ਅਛੂਤਾਂ ਦੇ ਧਰਮ ਤਬਦੀਲ ਕਰਨ ਦਾ ਖ਼ਿਆਲ ਅਖ਼ਬਾਰਾਂ ਵਿਚ ਛਪਣ ਲਈ ਦਿੱਤਾ ਸੀ, ਇਸ ਖ਼ਬਰ ਦੇ ਪ੍ਰਕਾਸ਼ਿਤ ਹੋਣ ਦੇ ਦਿਨ ਹੀ ਅਮਰੀਕਾਦੇ ਕੁਛ ਮਿਸ਼ਨਰੀ ਹਵਾਈ ਜਹਾਜ਼ ਵਿਚ ਚੜ੍ਹ ਕੇ ਅਮਰੀਕਾ ਤੋਂ ਤੁਰ ਪਏ ਕਿ ਇਨ੍ਹਾਂ ਲੋਕਾਂ ਨੂੰ ਆਪਣੇ ਧਰਮ ਵਿਚ ਲਿਆਂਦਾ ਜਾਏ, ਇਨ੍ਹਾਂ ਨੇ ਮਦਰਾਸ ਵਿਚ ਕੰਮ ਸ਼ੁਰੂ ਕਰ ਦਿੱਤਾ ਹੈ ਤੇ ਕਈ ਹਜ਼ਾਰ ਆਦਮੀ ਈਸਾਈ ਬਣਾ ਲਏ ਹਨ।

ਮੁਸਲਮਾਨਾਂ ਦੀ ਕਈ ਦਰਜਨਾਂ ਉਪਦੇਸ਼ਕ ਤੇ ਲੀਡਰ, ਪਲੀਡਰ ਜਿਥੇ ਪੁੱਜੇ, ਜਲਸੇ ਤੇ ਕਾਨਫਰੰਸਾਂ ਕਰ ਰਹੇ ਹਨ ਤੇ ਕਈ ਹਜ਼ਾਰ ਆਦਮੀਆਂ ਨੂੰ ਆਪਣੇ ਨਾਲ ਮਿਲਾ ਚੁੱਕੇ ਹਨ। ਇਸ ਹਫ਼ਤੇ ਮਿਸਰ ਤੋਂ ਉਥੋਂ ਦੇ ਉਲਮਾਵਾਂ ਦੀ ਚਿੱਠੀ ਜਿਮੀਂਦਾਰ ਅਖ਼ਬਾਰ ਵਿਚ ਛਪੀ ਹੈ ਕਿ ਦੱਸੋ ਉਸ ਇਲਾਕੇ ਵਿਚ ਪ੍ਰਚਾਰ ਕਰਨ ਲਈ ਕਿੰਨੇ ਪ੍ਰਚਾਰਕਾਂ ਦੀ ਲੋੜ ਹੈ ਤਾਂ ਭੇਜੇ ਜਾਣ।

ਖ਼ਾਲਸੇ ਜੀ ਈਸਾਈਆਂ ਦੇ ਆਪਣੇ ਮਤ ਦੇ ਪ੍ਰਚਾਰ ਲਈ ਜੋਸ਼ ਤੇ ਉਦਮ ਵਲ ਤੱਕੋ, ਹਿੰਦੁਸਤਾਨ ਭਰ ਦੀਆਂ ਮੁਸਲਿਮ ਅੰਜਮਨਾਂ ਦੇ ਮਬਲਿਗ਼ ਅਛੂਤਾਂ ਦੀਆਂ ਗਲੀਆਂ ਕੂਚਿਆਂ ਵਿਚ ਫਿਰਦੇ ਵੇਖੋ ਤੇ ਫਿਰ ਆਪਣੇ ਅਵੇਸ਼ਲੇਪਣ 'ਤੇ ਨਜ਼ਰ ਮਾਰੋ ਤੇ ਦੱਸੋ ਕੀ ਅਸੀਂ ਜੀ ਸਕਦੇ ਹਾਂ?




ਅਸੀਂ ਇਹ ਨਹੀਂ ਕਹਿੰਦੇ ਕਿ ਪ੍ਰਬੰਧਕ ਆਪਣੇ ਕਿਸੇ ਇਕ ਜਾਪਜ਼ ਕੰਮ ਤੇ ਦੂਸਰੇ ਨੂੰ ਸਦਕੇ ਕਰ ਦੇਣ। ਜੋ ਅਸੀਂ ਕਹਿੰਦੇ ਹਾਂ ਇਹ ਹੈ ਕਿ ਸਾਡੀ ਹਾਲਤ ਕਿਤਨੀ ਤਰਸਯੋਗ ਹੈ ਕਿ ਅਸੀਂ ਪੰਥ ਦੇ ਸਾਰੇ ਕੰਮਾਂ ਨੂੰ ਨਜਿੱਠ ਨਹੀਂ ਸਕਦੇ। ਹੱਥ ਸਾਡੇ ਸਭ ਪਾਸੇ ਹਨ, ਕੰਮ ਸਾਡੇ 'ਤੇ ਝੁਰਮਟ ਪਾ ਰਹੇ ਹਨ। ਅਸੀਂ ਹਾਂ ਕਿ ਜਥੇ ਬੰਦ ਨਹੀਂ ਅਰ ਆਪਣੇ ਕੰਮਾਂ ਨੂੰ ਜਥੇਬੰਦ ਨਾ ਕਰਕੇ ਅਮੋਲਕ ਸਮੇਂ ਗੁਆ ਰਹੇ ਹਾਂ। ਕਾਸ਼ ਪੰਥ ਦੇ ਸਾਰੇ ਧੜੇ, ਕਿਸੇ ਇਕ ਸਾਂਝੇ ਇਕੱਠ ਵਿਚ ਮਿਲ ਜਾਣ ਤੇ ਕੰਮ ਕਰਨ ਲਈ ਕੰਮ ਵੰਡ ਦਾ ਤਰੀਕਾ ਅਖ਼ਤਿਆਰ ਕਰਨ। ਧੜੇਬੰਦੀ ਨਾ ਰਹੇ ਪਰ ਕੰਮ ਵੰਡ ਦਾ ਅਸੂਲ ਆ ਜਾਵੇ।

ਖਾਲਸਾ ਮਾਰਚ, 9 ਜੁਲਾਈ 1936, ਅੰਕ 35, ਜਿਲਦ 37, ਪੰਨਾ 1-2

ਖਾਲਸਾ ਸਮਾਚਾਰ 30 ਜੁਲਾਈ 1936, ਜਿਲਦ 37, ਅੰਕ 38, ਪੰਨਾ-4

ਸਿੱਖ ਬਣ ਜਾਓ

ਪ੍ਰਤਾਪ ਅਖ਼ਬਾਰ ਵਿਚ ਛਪਿਆ ਹੈ ਕਿ ਡਾਕਟਰ ਮੂੰਜੇ ਨੇ ਬੰਬੇਵਿਚ ਡਾਕਟਰ ਅੰਬੇਡਕਰ ਨਾਲ ਮੁਲਾਕਾਤ ਕੀਤੀ, ਕਿਹਾ ਜਾਂਦਾ ਹੈ ਕਿ ਸਮਝੌਤਾ ਹੋਇਆ ਕਿ ਜੇ ਅਛੂਤ ਸਿੱਖ ਬਣਨਾ ਚਾਹੁਣ ਤਦ ਬੜੀ ਖ਼ੁਸ਼ੀ ਹੈ। ਹੋਰ ਕੋਈ ਮਜ਼੍ਹਬ ਨਾ ਗ੍ਰਹਿਣ ਕਰਨ। ਕਿਹਾ ਜਾਂਦਾ ਹੈ ਕਿ ਡਾਕਟਰ ਮੂੰਜੇ ਇਸ ਸਬੰਧ ਵਿਚ ਮਹਾਰਾਜਾ ਪਟਿਆਲਾ ਨੂੰ ਵੀ ਮਿਲਣ ਵਾਲੇ ਹਨ।

ਖ਼ਾਲਸਾ ਸਮਾਚਾਰ, 30 ਜੁਲਾਈ 1936, ਅੰਕ 38, ਜਿਲਦ 37, ਪੰਨਾ-4

ਗੁਰਦੁਆਰਾ ਗਜ਼ਟ ਅੰਮ੍ਰਿਤਸਰ (60) ਮਈ 1936

ਗੁਰਦੁਆਰਾ ਗਜ਼ਟ ਅੰਮ੍ਰਿਤਸਰ, ਜੁਲਾਈ ਅਗਸਤ 1936

25-ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਰੂਮੀ ਜ਼ਿਲ੍ਹਾ ਲੁਧਿਆਣਾ

1. ਸ੍ਰ. ਸਰਵਨ ਸਿੰਘ ਸਪੁੱਤਰ ਸ੍ਰ. ਸ਼ਾਮ ਸਿੰਘ ਪਿੰਡ ਰੂਮੀ ਜ਼ਿ. ਲੁਧਿਆਣਾ
2. ਭ. ਰਾਮ ਚੰਦ ਸਪੁੱਤਰ ਸ੍ਰ. ਸੁੰਦਰ ਸਿੰਘ ਪਿੰਡ ਰੂਮੀ ਜ਼ਿ. ਲੁਧਿਆਣਾ।
3. ਸ੍ਰ. ਪਾਖਰ ਸਿੰਘ ਸਪੁੱਤਰ ਸ੍ਰ. ਬੀਰ ਸਿੰਘ ਪਿੰਡ ਰੂਮੀ ਜਿ. ਲੁਧਿਆਣਾ।

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

2. ਭੋਜਨ ਦੀ ਪਾਚਣ ਕਿਰਿਆ ਨੂੰ ਠੀਕ ਰੱਖਣ ਲਈ।
3. ਨਸਾਂ ਦੇ ਠੀਕ ਕੰਮ ਕਰਨ ਲਈ।
4. ਸਰੀਰ ਦੀਆਂ ਵੱਖ-ਵੱਖ ਕਿਰਿਆਵਾਂ ਨੂੰ ਠੀਕ ਢੰਗ ਨਾਲ ਚਲਾਉਣ ਲਈ।
5. ਬਿਮਾਰੀਆਂ ਦੀ ਰੋਕਥਾਮ ਲਈ।

**ਤੁਹਾਨੂੰ ਵਿਟਾਮਿਨ ਲੈਣ ਦੀ ਲੋੜ ਹੈ :**

੧. ਜੇ ਤੁਸੀਂ ਸ਼ਾਕਾਹਾਰੀ ਹੋ।
2. ਗਰਭ-ਅਵਸਥਾ ਦੌਰਾਨ।
3. ਜੇ ਤੁਸਲ ਬੱਚੇ ਨੂੰ ਆਪਣਾ ਦੁੱਧ ਪਿਲਾ ਰਹੇ ਹੋ।
4. ਕਈ ਹੋਰ ਬਿਮਾਰੀਆਂ ਵਿੱਚ।
5. ਕਿਸੀ ਲੰਮੀ ਬਿਮਾਰੀ ਤੋਂ ਬਾਅਦ

**ਜ਼ਿਆਦਾ ਵਿਟਾਮਿਨ ਲੈਣ ਦੇ ਨੁਕਸਾਨ :**

ਜ਼ਿਆਦਾ ਵਿਟਾਮਿਨ ਲੈਣ ਦੇ ਨੁਕਸਾਨ ਵੀ ਹੋ ਸਕਦੇ ਹਨ, ਖ਼ਾਸ ਤੌਰ 'ਤੇ ਵਿਟਾਮਿਨ ਏ ਅਤੇ ਡੀ, ਜੋ ਕਿ ਚਰਬੀ ਵਿੱਚ ਘੁਲਣਸ਼ੀਲ ਹਨ ਅਤੇ ਸਰੀਰ ਵਿੱਚ ਜਮ੍ਹਾਂ ਹੁੰਦੇ ਰਹਿੰਦੇ ਹਨ। ਇਸ ਲਈ ਇਹ ਵਿਟਾਮਿਨ ਲੈਣ ਤੋਂ ਬਾਅਦ ਜੇਕਰ ਤੁਹਾਨੂੰ ਸਿਰ ਦਰਦ, ਜੀਅ ਕੱਚਾ ਜਾਂ ਉਲਟੀਆਂ ਆਉਣ ਤਾਂ ਡਾਕਟਰ ਨੂੰ ਦਿਖਾਓ।

**ਬੁਖ਼ਾਰ**

ਸਰੀਰ ਦੇ ਆਮ ਨਾਲੋਂ ਜ਼ਿਆਦਾ ਵਧੇ ਹੋਏ ਤਾਪਮਾਨ ਨੂੰ ਬੁਖ਼ਾਰ ਕਿਹਾ ਜਾਂਦਾ ਹੈ। ਬੁਖ਼ਾਰ ਆਪਣੇ ਆਪ ਵਿੱਚ ਇੱਕ ਬਿਮਾਰੀ ਨਹਿਲ ਹੈ। ਇਹ ਆਮ ਤੌਰ 'ਤੇ ਕਿਸੇ ਬਿਮਾਰੀ ਦਾ ਲੱਛਣ ਹੁੰਦਾ ਹੈ, ਜਿਵੇਂ ਕਿ ਇਨਫ਼ੈਕਸ਼ਨ।

**ਘਰੇਲੂ ਇਲਾਜ :**

1. ਜ਼ਿਆਦਾ ਪਾਣੀ ਪੀਓ।
2. ਮੱਥੇ 'ਤੇ ਗਿੱਲਾ ਕੱਪੜਾ (ਠੰਡਾ ਪਾਣੀ) ਰੱਖੋ।
3. ਜੇਕਰ ਤੁਸੀਂ ਨਾ ਨਹਾ ਸਕੋ ਤਾਂ ਆਪਣੇ ਸਰੀਰ ਨੂੰ




ਗਿੱਲੇ ਤੌਲੀਏ ਨਾਲ ਸਾਫ਼ ਕਰੋ।
4. ਵਧੀਆ ਹਵਾਦਾਰ ਕਮਰੇ ਵਿੱਚ ਰਹੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਨੂੰ ਖਾਂਸੀ ਹੈ ਜਾਂ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ (ਨਿਮੋਨੀਆ ਦੇ ਚਿੰਨ੍ਹ)।
2. ਅੱਖਾਂ ਅਤੇ ਗੱਲ੍ਹਾਂ ਵਿੱਚ ਦਰਦ ਹੋਣਾ।
3. ਪਿਸ਼ਾਬ ਆਉਣ ਸਮੇਂ ਜਲਣ ਹੋਣਾ।
4. ਗਰਦਨ ਦਾ ਅਕੜਨਾ ਅਤੇ ਬਹੁਤ ਜ਼ਿਆਦਾ ਸਿਰ ਦਰਦ ਹੋਣਾ।
5. ਪੇਟ ਦਰਦ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ।

**ਬੱਚਿਆਂ ਵਿੱਚ ਬੁਖ਼ਾਰ :**

1. ਜੇਕਰ ਬੱਚਾ ਬੁਖ਼ਾਰ ਦੇ ਨਾਲ ਮਿਰਗੀ ਵਾਂਗ ਕੰਬਣ ਲੱਗੇ ਤਾਂ ਇਹ ਇੱਕ ਐਮਰਜੈਂਸੀ ਹੈ। ਬੱਚੇ ਨੂੰ ਉਸੇ ਸਮੇਂ ਡਾਕਟਰ ਕੋਲ ਲੈ ਕੇ ਜਾਓ।
2. ਬੁਖ਼ਾਰ ਦੇ ਦੌਰਾਨ ਬੱਚੇ ਨੂੰ ਘੱਟ ਅਤੇ ਖੁੱਲ੍ਹੇ ਕੱਪੜੇ ਪਹਿਨਾਓ।
3. ਬੱਚੇ ਨੂੰ ਐਸਪੀਰਿਨ ਦੀ ਦਵਾਈ ਨਾ ਦੇਵੋ, ਐਸੀਟਾਮਨੋਫਿਨ ਦੇ ਸਕਦੇ ਹੋ।

**ਮਲੇਰੀਆ**

ਦੁਨੀਆਂ ਵਿੱਚ ਮਲੇਰੀਏ ਨਾਲ ਇੱਕ ਸਾਲ ਵਿੱਚ ਤਕਰੀਬਨ ਦਸ ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਮਲੇਰੀਆ ਇੱਕ ਪੈਰਾਸਾਈਟ (ਪਰਜੀਵੀ) ਦੇ ਕਾਰਨ ਹੁੰਦਾ ਹੈ। ਇਹ ਪੈਰਾਸਾਈਟ ਇੱਕ ਇਨਫ਼ੈਕਟਡ ਮੱਛਰ ਦੇ ਕੱਟਣ ਕਰਕੇ ਫੈਲਦਾ ਹੈ। ਇਸ ਮੱਛਰ ਦੇ ਕੱਟਣ ਤੋਂ ਬਾਅਦ ਮਲੇਰੀਆ ਦੇ ਲੱਛਣ ਕੁਝ ਦਿਨਾਂ ਬਾਅਦ ਸ਼ੁਰੂ ਹੁੰਦੇ ਹਨ।

**ਲੱਛਣ :**

1. ਵਾਰ ਵਾਰ ਬੁਖ਼ਾਰ ਹੋਣਾ।
2. ਕਾਂਬਾ ਲੱਗਣਾ।
3. ਬੁਖ਼ਾਰ ਦੇ ਉਤਰਨ ਤੋਂ ਬਾਅਦ ਪਸੀਨਾ ਆਉਣਾ।
4. ਸਿਰ ਦਰਦ ਹੋਣਾ।

**ਮਲੇਰੀਏ ਦਾ ਚੱਕਰ :**

ਜਦੋਂ ਮੱਛਰ ਕਿਸੇ ਮਲੇਰੀਏ ਦੀ ਬਿਮਾਰੀ ਵਾਲੇ ਵਿਅਕਤੀ ਨੂੰ ਕੱਟਣ ਤੋਂ ਬਾਅਦ ਕਿਸੇ ਸਿਹਤਮੰਦ ਵਿਅਕਤੀ ਨੂੰ ਕੱਟਦਾ ਹੈ ਅਤੇ ਇਹ ਮਲੇਰੀਏ ਦਾ ਪੈਰਾਸਾਈਟ (ਪਰਜੀਵੀ) ਇਸ ਸਿਹਤਮੰਦ ਵਿਅਕਤੀ ਵਿੱਚ ਛੱਡ ਦਿੰਦਾ ਹੈ। ਉਸ ਤੋਂ ਬਾਅਦ ਮਲੇਰੀਏ ਦਾ ਪੈਰਾਸਾਈਟ (ਪਰਜੀਵੀ), ਇਸ ਵਿਅਕਤੀ ਦੇ ਜਿਗਰ ਵਿੱਚ ਚਲਾ ਜਾਂਦਾ ਹੈ। ਜਿਗਰ ਤੋਂ ਇਹ ਖ਼ੂਨ ਵਿੱਚ ਚਲਾ ਜਾਂਦਾ ਹੈ ਅਤੇ ਖ਼ੂਨ ਦੇ ਸੈੱਲਾਂ ਨੂੰ ਨਸ਼ਟ ਕਰਦਾ ਹੈ, ਜਿਸ ਨਾਲ ਮਲੇਰੀਆ ਹੁੰਦਾ ਹੈ। ਮੱਛਰ ਫਿਰ ਇਸ ਬਿਮਾਰ ਵਿਅਕਤੀ ਨੂੰ ਕੱਟਦਾ ਹੈ ਅਤੇ ਇਹ ਚੱਕਰ ਚੱਲਦਾ ਰਹਿੰਦਾ ਹੈ।

**ਮੁਸ਼ਕਲਾਂ :**

1. ਖ਼ੂਨ ਦਾ ਘਟਣਾ (ਅਨੀਮੀਆ)।
2. ਜਿਗਰ ਜਾਂ ਗੁਰਦਿਆਂ ਦਾ ਕੰਮ ਕਰਨਾ ਬੰਦ ਕਰਨਾ।
3. ਫੇਫੜਿਆਂ ਵਿੱਚ ਪਾਣੀ ਭਰ ਜਾਣਾ।
4. ਦਿਮਾਗ਼ੀ ਬੁਖ਼ਾਰ (ਸੇਰੇਬਰੇਲ ਮਲੇਰੀਆ) - ਜਿਸ ਨਾਲ ਵਿਅਕਤੀ ਬੇਹੋਸ਼ ਵੀ ਹੋ ਸਕਦਾ ਹੈ।
5. ਮੌਤ ਵੀ ਹੋ ਸਕਦੀ ਹੈ।

**ਰੋਕਥਾਮ/ਬਚਾਅ :**

1. ਮਲੇਰੀਆ ਦੇ ਬਚਾਅ ਲਈ ਅਜੇ ਤੱਕ ਕੋਈ ਟੀਕਾਕਰਨ ਉਪਲਬਧ ਨਹੀਂ ਹੈ।
2. ਮੱਛਰਾਂ ਤੋਂ ਬਚੋ : ਸਪ੍ਰੇਅ ਕਰੋ, ਮੱਛਰਦਾਨੀ ਵਿੱਚ ਸੌਂਵੋ, ਆਪਣੀ ਚਮੜੀ ਨੂੰ ਢੱਕ ਕੇ ਰੱਖੋ।
3. ਮੱਛਰਾਂ ਦੀ ਆਬਾਦੀ ਨੂੰ ਘਟਾਉਣ ਲਈ, ਉਹਨਾਂ ਥਾਵਾਂ ਨੂੰ ਹਟਾਓ ਜਿੱਥੇ ਮੱਛਰ ਪੈਦਾ ਹੁੰਦੇ ਹਨ।
4. ਤੁਸੀਂ ਕਿਸੇ ਯਾਤਰਾ 'ਤੇ ਜਾਣ ਤੋਂ 4-6 ਹਫ਼ਤੇ ਪਹਿਲਾਂ ਆਪਣੇ ਡਾਕਟਰ ਨੂੰ ਦਿਖਾਓ ਅਤੇ ਮਲੇਰੀਏ, ਹੈਪੇਟਾਈਟਸ, ਟਾਈਫ਼ੋਇਡ ਆਦਿ ਬਿਮਾਰੀਆਂ ਨੂੰ ਰੋਕਣ ਲਈ ਦਵਾਈਆਂ ਲਵੋ। ਇਹ ਦਵਾਈਆਂ ਯਾਤਰਾ ਤੋਂ ਪਹਿਲਾਂ, ਇਸਦੇ ਦੌਰਾਨ ਅਤੇ ਇਸ ਤੋਂ ਬਾਅਦ ਲਵੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# 'ਆਜ਼ਾਦੀ ਦੇ 78 ਸਾਲਾਂ ਬਾਅਦ ਵੀ' 'ਹੋ ਰਹੇ ਦਲਿਤਾਂ 'ਤੇ ਜ਼ੁਲਮ'

ਛੂਆ-ਛਾਤ ਅਤੇ ਜਾਤੀ ਆਧਾਰਿਤ ਭੇਦਭਾਵ ਨੂੰ ਖਤਮ ਕਰਨ ਲਈ ਮਹਾਤਮਾ ਗਾਂਧੀ ਅਤੇ ਹੋਰ ਮਹਾਪੁਰਖਾਂ ਨੇ ਅਣਥੱਕ ਯਤਨ ਕੀਤੇ ਪਰ ਇਸ ਦੇ ਬਾਵਜੂਦ ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਦੇਸ਼ ਵਿਚ ਕਈ ਥਾਵਾਂ 'ਤੇ ਦਲਿਤ ਭਾਈਚਾਰੇ ਨਾਲ ਵਿਤਕਰਾ ਜਾਰੀ ਹੈ। 'ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ' ਦੇ ਅਨੁਸਾਰ ਦੇਸ਼ ਵਿਚ ਹਰ ਰੋਜ਼ ਦਲਿਤਾਂ 'ਤੇ ਜ਼ੁਲਮਾਂ ਦੇ 150 ਤੋਂ ਵੱਧ ਮਾਮਲੇ ਦਰਜ ਹੁੰਦੇ ਹਨ।

ਇਨ੍ਹਾਂ 'ਚ ਬਰਾਤ 'ਚ ਘੋੜੀ 'ਤੇ ਨਾ ਚੜ੍ਹਨ ਦੇਣਾ, ਵਿਆਹ ਆਦਿ ਸਮਾਗਮਾਂ ਵਿਚ ਡੀ.ਜੇ. ਨਾ ਵਜਾਉਣ ਦੇਣਾ, ਮੰਦਰ ਵਿਚ ਦਾਖਲ ਨਾ ਹੋਣ ਦੇਣਾ, ਬੀਮਾਰੀ ਜਾਂ ਹੋਰ ਕਾਰਨਾਂ ਕਰ ਕੇ ਕੰਮ ਕਰਨ ਤੋਂ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਕੁੱਟਣਾ ਆਦਿ ਸ਼ਾਮਲ ਹਨ।

ਪਿਛਲੇ ਸਾਲ ਦੇਸ਼ ਵਿਚ ਦਲਿਤਾਂ 'ਤੇ ਜ਼ੁਲਮਾਂ ਦੇ 51,656 ਮਾਮਲਿਆਂ ਵਿਚੋਂ ਉੱਤਰ ਪ੍ਰਦੇਸ਼ ਸਭ ਤੋਂ ਵੱਧ 12,287 ਮਾਮਲਿਆਂ ਨਾਲ ਪਹਿਲੇ ਸਥਾਨ 'ਤੇ ਸੀ, ਰਾਜਸਥਾਨ 8651 ਮਾਮਲਿਆਂ ਨਾਲ ਦੂਜੇ ਸਥਾਨ 'ਤੇ ਸੀ ਅਤੇ ਮੱਧ ਪ੍ਰਦੇਸ਼ 7732 ਮਾਮਲਿਆਂ ਨਾਲ ਤੀਜੇ ਸਥਾਨ 'ਤੇ ਸੀ।

ਦਲਿਤ ਭਾਈਚਾਰੇ ਦੇ ਮੈਂਬਰਾਂ 'ਤੇ ਜ਼ੁਲਮਾਂ ਦੀਆਂ ਕੁਝ ਘਟਨਾਵਾਂ ਹੇਠਾਂ ਦਰਜ ਹਨ :

30 ਜੁਲਾਈ, 2024 ਨੂੰ ਨਰਸਿੰਹਪੁਰ (ਮੱਧ ਪ੍ਰਦੇਸ਼) ਜ਼ਿਲੇ 'ਚ ਬਦਮਾਸ਼ਾਂ ਨੇ 'ਪ੍ਰੇਮ ਨਾਰਾਇਣ' ਨਾਂ ਦੇ ਇਕ ਦਲਿਤ ਨੂੰ ਅਗਵਾ ਕਰਨ ਪਿੱਛੋਂ ਉਸ ਤੋਂ 2 ਲੱਖ ਰੁਪਏ ਦੀ ਮੰਗ ਕੀਤੀ। ਜਦੋਂ ਉਸ ਨੇ ਇਹ ਰਕਮ ਦੇਣ ਤੋਂ ਅਸਮਰੱਥਾ ਜ਼ਾਹਿਰ ਕੀਤੀ ਤਾਂ ਉਸ ਨੂੰ ਬੰਦੀ ਬਣਾ ਕੇ ਕੁੱਟਣ ਪਿੱਛੋਂ ਉਸ ਨੂੰ ਪਿਸ਼ਾਬ ਪੀਣ ਲਈ ਮਜਬੂਰ ਕੀਤਾ।

13 ਸਤੰਬਰ, 2024 ਨੂੰ 'ਅਮਰੋਹਾ' (ਉੱਤਰ ਪ੍ਰਦੇਸ਼) 'ਚ ਕੋਚਿੰਗ ਸੈਂਟਰ ਚਲਾਉਣ ਵਾਲੇ ਇਕ ਦਲਿਤ ਨੌਜਵਾਨ ਨੂੰ ਦੂਜੀ ਬਿਰਾਦਰੀ ਦੇ ਲੋਕਾਂ ਨੇ ਘਰ 'ਚ ਬੰਦ ਕਰ ਕੇ ਬੁਰੀ ਤਰ੍ਹਾਂ ਕੁੱਟਿਆ ਅਤੇ ਜਬਰਨ ਪਿਸ਼ਾਬ ਪਿਲਾਇਆ। ਪੀੜਤ ਦੇ ਅਨੁਸਾਰ ਸ਼ਿਕਾਇਤ ਕਰਨ 'ਤੇ ਪੁਲਸ ਨੇ ਮਾਮਲਾ ਦਬਾਉਣ ਦੀ ਕੋਸ਼ਿਸ਼ ਕੀਤੀ।

18 ਸਤੰਬਰ, 2024 ਨੂੰ 'ਨਵਾਦਾ' (ਬਿਹਾਰ) ਦੇ 'ਮਾਂਝੀ ਟੋਲਾ' ਇਲਾਕੇ 'ਚ ਜ਼ਮੀਨ ਦੇ ਝਗੜੇ ਕਾਰਨ ਦਲਿਤਾਂ ਦੀ ਬਸਤੀ ਨੂੰ ਅੱਗ ਲਾ ਕੇ 34 ਘਰਾਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ 'ਚ 15 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ।

24 ਦਸੰਬਰ, 2024 ਨੂੰ 'ਕਪਤਾਨ ਗੰਜ' (ਉੱਤਰ ਪ੍ਰਦੇਸ਼) 'ਚ ਬਦਮਾਸ਼ਾਂ ਨੇ ਇਕ ਦਲਿਤ ਲੜਕੇ ਨੂੰ ਜਨਮਦਿਨ ਦੀ ਪਾਰਟੀ 'ਚ ਬੁਲਾ ਕੇ ਉਸ ਨੂੰ ਨੰਗਾ ਕਰ ਕੇ ਕੁੱਟਿਆ ਅਤੇ ਪਿਸ਼ਾਬ ਪਿਲਾਉਂਦੇ ਹੋਏ ਉਸ ਦਾ ਇਤਰਾਜ਼ਯੋਗ ਵੀਡੀਓ ਬਣਾਇਆ। ਜਦੋਂ ਪੀੜਤ ਲੜਕੇ ਨੇ ਦੋਸ਼ੀਆਂ ਨੂੰ ਇਹ ਵੀਡੀਓ ਡਿਲੀਟ ਕਰਨ ਨੂੰ ਕਿਹਾ ਤਾਂ ਬਦਮਾਸ਼ਾਂ ਨੇ ਥੁੱਕ ਕੇ ਉਸ ਕੋਲੋਂ ਚਟਵਾਇਆ। ਪੁਲਸ ਕੋਲ ਸ਼ਿਕਾਇਤ ਕਰਨ 'ਤੇ ਵੀ ਜਦੋਂ ਕੋਈ ਸੁਣਵਾਈ ਨਾ ਹੋਈ ਤਾਂ ਦੁਖੀ ਹੋ ਕੇ ਲੜਕੇ ਨੇ ਆਤਮ-ਹੱਤਿਆ ਕਰ ਲਈ।

2 ਫਰਵਰੀ, 2025 ਨੂੰ 'ਅਯੁੱਧਿਆ' (ਉੱਤਰ ਪ੍ਰਦੇਸ਼) 'ਚ ਇਕ ਲਾਪਤਾ ਦਲਿਤ ਲੜਕੀ ਦੀ ਨੰਗੀ ਲਾਸ਼ ਮਿਲੀ। ਉਸ ਦੇ ਹੱਥ-ਪੈਰ ਰੱਸੀ ਨਾਲ ਬੰਨ੍ਹੇ ਹੋਏ ਸਨ ਅਤੇ ਉਸ ਦੀਆਂ ਅੱਖਾਂ ਕੱਢ ਲਈਆਂ ਗਈਆਂ ਸਨ। ਉਸ ਦੀਆਂ ਕਈ ਹੱਡੀਆਂ ਤੋੜ ਦਿੱਤੀਆਂ ਗਈਆਂ ਸਨ ਅਤੇ ਚਿਹਰੇ ਅਤੇ ਮੱਥੇ 'ਤੇ ਕਈ ਜ਼ਖਮ ਸਨ। ਲਾਸ਼ ਨੂੰ ਦੇਖ ਕੇ ਕਈ ਔਰਤਾਂ ਬੇਹੋਸ਼ ਹੋ ਗਈਆਂ।

7 ਅਪ੍ਰੈਲ, 2025 ਨੂੰ 'ਬਾਂਦਾ' (ਉੱਤਰ ਪ੍ਰਦੇਸ਼) 'ਚ ਬਦਮਾਸ਼ਾਂ ਨੇ ਕੁਝ ਦਲਿਤਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਗਾਲ੍ਹਾਂ ਕੱਢੀਆਂ। ਦਲਿਤਾਂ ਦਾ ਦੋਸ਼ ਸਿਰਫ ਇਹ ਸੀ ਕਿ ਦਲਿਤਾਂ ਨੇ ਬਦਮਾਸ਼ਾਂ ਨੂੰ ਆਪਣੀ ਗਲੀ 'ਚੋਂ ਟਰੈਕਟਰ ਹੌਲੀ ਕੱਢਣ ਨੂੰ ਕਿਹਾ ਸੀ ਕਿਉਂਕਿ ਸਕੂਲ ਦਾ ਸਮਾਂ ਹੋਣ ਕਾਰਨ ਬੱਚੇ ਉਸ ਦੇ ਹੇਠਾਂ ਆ ਕੇ ਦੱਬ ਸਕਦੇ ਸਨ।

13 ਅਪ੍ਰੈਲ, 2025 ਨੂੰ 'ਪ੍ਰਯਾਗਰਾਜ' (ਉੱਤਰ ਪ੍ਰਦੇਸ਼) ਦੇ 'ਇਸੋਟਾ' ਪਿੰਡ 'ਚ 'ਦੇਵੀ ਸ਼ੰਕਰ' ਨਾਂ ਦੇ ਦਲਿਤ ਨੌਜਵਾਨ ਦੀ ਅੱਧ ਸੜੀ ਲਾਸ਼ ਉਸ ਦੇ ਘਰ ਤੋਂ ਕੁਝ ਦੂਰੀ 'ਤੇ ਮਿਲੀ। ਮ੍ਰਿਤਕ ਦੇ ਪਰਿਵਾਰ ਦਾ ਦੋਸ਼ ਹੈ ਕਿ 'ਦੇਵੀ ਸ਼ੰਕਰ' ਵਲੋਂ ਭਾਰੀ ਥਕਾਵਟ ਕਾਰਨ ਬਦਮਾਸ਼ਾਂ ਦੇ ਖੇਤਾਂ 'ਚ ਕੰਮ ਕਰਨ 'ਚ ਅਸਮਰੱਥਾ ਜ਼ਾਹਿਰ ਕਰਨ 'ਤੇ ਉਸ ਦੀ ਹੱਤਿਆ ਕੀਤੀ ਗਈ।

17 ਅਪ੍ਰੈਲ, 2025 ਨੂੰ 'ਆਗਰਾ' (ਉੱਤਰ ਪ੍ਰਦੇਸ਼) 'ਚ ਡੀ.ਜੇ. ਦੀ ਉੱਚੀ ਆਵਾਜ਼ ਨੂੰ ਲੈ ਕੇ ਕੁਝ ਲੋਕਾਂ ਨੇ 'ਰੋਹਿਤ' ਨਾਂ ਦੇ ਦਲਿਤ ਲਾੜੇ ਦੀ ਬਰਾਤ 'ਤੇ ਹਮਲਾ ਕਰ ਕੇ ਕਈ ਬਰਾਤੀਆਂ ਨੂੰ ਜ਼ਖਮੀ ਕਰ ਦਿੱਤਾ ਅਤੇ ਲਾੜੇ ਨੂੰ ਵੀ ਘੋੜੀ ਤੋਂ ਹੇਠਾਂ ਸੁੱਟ ਦਿੱਤਾ।

ਅਤੇ ਹੁਣ 18 ਅਪ੍ਰੈਲ, 2025 ਨੂੰ ਕੋਰਬਾ (ਛੱਤੀਸਗੜ੍ਹ) ਜ਼ਿਲੇ 'ਚ ਰਾਜਸਥਾਨ ਤੋਂ ਮਜ਼ਦੂਰੀ ਕਰਨ ਗਏ 2 ਦਲਿਤ ਨੌਜਵਾਨਾਂ 'ਅਭਿਸ਼ੇਕ ਭਾਂਬੀ' ਅਤੇ 'ਵਿਨੋਦ ਕੁਮਾਰ' ਨੇ ਜਦੋਂ ਆਪਣੀ ਮਜ਼ਦੂਰੀ ਮੰਗੀ ਤਾਂ ਬਦਮਾਸ਼ਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਚੋਰੀ ਦੇ ਦੋਸ਼ 'ਚ ਫਸਾ ਦਿੱਤਾ, ਨੰਗਾ ਕਰ ਕੇ ਕਰੰਟ ਲਾਇਆ ਅਤੇ 'ਪਲਾਸ' ਨਾਲ ਉਨ੍ਹਾਂ ਦੇ ਨਹੁੰ ਉਖਾੜ ਦਿੱਤੇ।



'ਸਰਵਧਰਮ ਸਮਭਾਵ' ਦੀ ਵਿਚਾਰਧਾਰਾ 'ਚ ਭਰੋਸਾ ਰੱਖਣ ਵਾਲਾ ਸਾਡੇ ਦੇਸ਼ ਦਾ ਕਮਜ਼ੋਰ ਅਤੇ ਦਲਿਤ ਵਰਗ ਨਾਲ ਸਬੰਧ ਰੱਖਣ ਵਾਲੇ ਲੋਕ ਅਟੁੱਟ ਹਿੱਸਾ ਹਨ। ਉਨ੍ਹਾਂ ਨੂੰ ਵੀ ਦੂਜੇ ਲੋਕਾਂ ਵਾਂਗ ਹੀ ਸਨਮਾਨ ਨਾਲ ਜਿਊਣ ਦਾ ਅਧਿਕਾਰ ਹੈ। ਇਕ ਪਾਸੇ ਕੁਝ ਸਰਕਾਰਾਂ ਦਲਿਤਾਂ ਨੂੰ ਲੁਭਾਉਣ ਲਈ ਵੱਖ-ਵੱਖ ਯਤਨ ਕਰ ਰਹੀਆਂ ਹਨ, ਜਿਵੇਂ ਕਿ ਬਿਹਾਰ ਦੀ ਜਦ (ਯੂ)-ਭਾਜਪਾ ਸਰਕਾਰ ਕਰ ਰਹੀ ਹੈ ਅਤੇ ਦੂਜੇ ਪਾਸੇ ਬਦਮਾਸ਼ਾਂ ਵਲੋਂ ਇਸ ਤਰ੍ਹਾਂ ਦੇ ਜ਼ੁਲਮ ਕੀਤੇ ਜਾ ਰਹੇ ਹਨ।

ਪ੍ਰਭਾਵਸ਼ਾਲੀ ਲੋਕਾਂ ਵੱਲੋਂ ਦਲਿਤ ਭਾਈਚਾਰੇ 'ਤੇ ਇਸ ਤਰ੍ਹਾਂ ਦੇ ਜ਼ੁਲਮ ਉਨ੍ਹਾਂ ਦੀ ਸੌੜੀ ਸੋਚ ਦੀ ਹੀ ਨਿਸ਼ਾਨੀ ਹੈ ਅਤੇ ਸਰਾਸਰ ਗੈਰ-ਵਾਜਿਬ ਹੈ। ਇਸ ਲਈ ਅਜਿਹੇ ਅਪਰਾਧਾਂ ਵਿਚ ਸ਼ਾਮਲ ਹੋਣ ਵਾਲਿਆਂ ਅਤੇ ਸ਼ਿਕਾਇਤ ਮਿਲਣ 'ਤੇ ਵੀ ਕਾਰਵਾਈ ਨਾ ਕਰਨ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਵੀ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਸ ਬੁਰਾਈ ਨੂੰ ਰੋਕਿਆ ਜਾ ਸਕੇ।

# ਪਾਕਿਸਤਾਨ ਗਏ 5800 ਸਿੱਖ ਸ਼ਰਧਾਲੂਆਂ ਦਾ ਜਥਾ ਪਰਤਿਆ



ਅੰਮ੍ਰਿਤਸਰ : ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਉਹਾਰ ਪਾਕਿਸਤਾਨ ਸਥਿਤ ਗੁਰੂਧਾਮਾ ਵਿੱਚ ਮਨਾਉਣ ਲਈ ਗਿਆ ਲਗਪਗ 5800 ਸਿੱਖ ਸ਼ਰਧਾਲੂਆਂ ਦਾ ਜੱਥਾ ਅੱਜ ਵਾਹਗਾ-ਅਟਾਰੀ ਰਸਤੇ ਪਰਤ ਆਇਆ ਹੈ ਪਰ ਵਾਹਘਾ ਸਰਹੱਦ 'ਤੇ ਜਾਂਚ ਅਮਲੇ ਦੀ ਗਿਣਤੀ ਘੱਟ ਹੋਣ ਕਾਰਨ ਸ਼ਰਧਾਲੂਆਂ ਨੂੰ ਲੰਮਾ ਸਮਾਂ ਲੰਮੀਆਂ ਕਤਾਰਾਂ ਵਿੱਚ ਖੜਾ ਰਹਿਣਾ ਪਿਆ ਅਤੇ ਗਰਮੀ ਦੇ ਕਾਰਨ ਤਿੰਨ ਯਾਤਰੀਆ ਦੀ ਸਿਹਤ ਵਿਗੜ ਗਈ ਜਿਨਾਂ ਨੂੰ ਅਟਾਰੀ ਸਰਹੱਦ ਵਿਖੇ ਮੈਡੀਕਲ ਸਹਾਇਤਾ ਦਿੱਤੀ ਗਈ।

ਜਾਣਕਾਰੀ ਮੁਤਾਬਕ ਇਸ ਵਾਰ ਪਾਕਿਸਤਾਨੀ ਦੂਤਾਵਾਸ ਵੱਲੋਂ ਲਗਪਗ 6500 ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਸਥਿਤ ਗੁਰੂ ਧਾਮਾਂ ਦੀ ਯਾਤਰਾ ਵਾਸਤੇ ਵੀਜ਼ੇ ਦਿੱਤੇ ਗਏ ਸਨ, ਜਿਨ੍ਹਾਂ ਦੀ ਗਿਣਤੀ ਪਹਿਲਾਂ ਨਾਲੋਂ ਦੋ ਗੁਣਾ ਤੋਂ ਵੀ ਵੱਧ ਸੀ। ਵੱਡੀ ਗਿਣਤੀ ਵਿੱਚ ਯਾਤਰੀਆਂ ਦੀ ਆਮਦ ਕਾਰਨ ਪਾਕਿਸਤਾਨ ਵਿਖੇ ਯਾਤਰੀਆਂ ਦੀ ਰਿਹਾਇਸ਼ ਅਤੇ ਲੰਗਰ ਦੇ ਪ੍ਰਬੰਧਾਂ ਵਿੱਚ ਕਮੀ ਮਹਿਸੂਸ ਕੀਤੀ ਗਈ ਜਿਸ ਕਾਰਨ ਗੁਰੂਧਾਮਾਂ ਵਿੱਚ ਰਿਹਾਇਸ਼ ਦੀ ਸਮੱਸਿਆ ਨੂੰ ਹੱਲ ਕਰਨ ਲਈ ਜਥੇ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਸੀ। ਇੱਕ ਜਥਾ ਗੁਰਦੁਆਰਾ ਪੰਜਾ ਸਾਹਿਬ ਅਤੇ ਦੂਜਾ ਜਥਾ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਠਹਿਰਾਇਆ ਗਿਆ ਸੀ। ਯਾਤਰਾ ਜਥੇ ਵਿੱਚ ਸ਼ਾਮਿਲ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਗੁਰਚਰਨ ਸਿੰਘ ਕੋਹਾਲਾ ਨੇ ਦੱਸਿਆ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਔਕਾਫ ਬੋਰਡ ਦੇ ਅਧਿਕਾਰੀਆਂ ਵੱਲੋਂ ਆਪਣੇ ਤੌਰ 'ਤੇ ਹਰ ਸੰਭਵ ਪ੍ਰਬੰਧ ਕੀਤੇ ਗਏ ਸਨ ਪਰ ਜਥਾ ਵੱਡਾ ਹੋਣ ਕਾਰਨ ਕਈ ਥਾਵਾਂ ਤੇ ਪ੍ਰਬੰਧਾਂ ਵਿੱਚ ਕਮੀ ਮਹਿਸੂਸ ਹੋਈ।

# ਵਰਜੀਨੀਆ ਅਮਰੀਕਾ 'ਚ ਪਟੇਲ ਕੌਣ ਸੀ ਜਿਸ ਨੇ ਅਮਰੀਕਾ 'ਚ ਚੋਰ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹੋਏ ਆਪਣੀ ਜਾਨ ਗਵਾਈ

ਨਿਊਯਾਰਕ, (ਰਾਜ ਗੋਗਨਾ) : ਲੰਘੀ 17 ਅਪ੍ਰੈਲ ਨੂੰ ਵਰਜੀਨੀਆ ਸੂਬੇ ਵਿੱਚ ਇੱਕ ਗੈਸ ਸਟੇਸ਼ਨ ਦੀ ਪਾਰਕਿੰਗ ਵਿੱਚ ਗੁਜਰਾਤੀ ਪਿਨਾਕਿਨ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਗੋਲੀ ਮਾਰਨ ਵਾਲੇ ਵਿਅਕਤੀ ਦੀ ਪਛਾਣ ਹੋ ਗਈ ਹੈ, ਪਰ ਪੁਲਿਸ ਅਜੇ ਤੱਕ ਉਸ ਤੱਕ ਨਹੀਂ ਪਹੁੰਚ ਸਕੀ। ਕਾਤਲ ਸਟੋਰ ਤੋਂ ਚੋਰੀ ਕਰਕੇ ਭੱਜ ਗਿਆ, ਸੀ ਅਤੇ ਪਿਨਾਕਿਨ ਪਟੇਲ ਨੇ ਉਸ ਦਾ ਪਿੱਛਾ ਕਰਦੇ ਹੋਏ ਉਸ ਨੂੰ ਗੋਲੀ ਮਾਰ ਦਿੱਤੀ ਸੀ। ਗੁਜਰਾਤੀ-ਭਾਰਤੀ ਪਿਨਾਕਿਨ ਪਟੇਲ



ਅਤੇ ਉਸ ਦੀ ਪਤਨੀ ਇੱਕ ਗੈਸ ਸਟੇਸ਼ਨ ( ਪੈਟਰੋਲ ਪੰਪ) ਦੇ ਨਾਲ ਸਥਿਤ ਇਕ ਸਟੋਰ ਚਲਾਉਂਦੇ ਸਨ। ਉਸਦੇ ਪਰਿਵਾਰ ਦੀ ਮਦਦ ਲਈ ਹੁਣ ਕ੍ਰਾਊਡਫੰਡਿੰਗ ਸ਼ੁਰੂ ਕਰ ਦਿੱਤੀ ਗਈ ਹੈ। ਸਥਾਨਕ ਪੁਲਿਸ ਨੇ ਕਾਰ ਦੀ ਲਾਇਸੈਂਸ ਪਲੇਟ ਦੇ ਆਧਾਰ 'ਤੇ ਕਾਤਲ ਦੀ ਪਛਾਣ ਕਰ ਲਈ ਹੈ। ਮਾਰੇ ਗਏ ਭਾਰਤੀ ਗੁਜਰਾਤੀ ਪਿਨਾਕਿਨ ਪਟੇਲ ਨੂੰ ਵਰਜੀਨੀਆ ਦੇ ਇੱਕ ਗੈਸ ਸਟੇਸ਼ਨ ਪਾਰਕਿੰਗ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ, ਉਸ ਦੇ ਪਰਿਵਾਰ ਦੀ ਮਦਦ ਲਈ ਇੱਕ ਲੱਖ ਡਾਲਰ ਇਕੱਠੇ ਕਰਨ ਦੇ ਟੀਚੇ ਨਾਲ ਇੱਕ ਭੀੜ ਫੰਡਿੰਗ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਹੁਣ ਤੱਕ 26 ਹਜ਼ਾਰ ਡਾਲਰ ਤੋਂ ਵੱਧ ਇਕੱਠੇ ਕੀਤੇ ਜਾ ਚੁੱਕੇ ਹਨ। ਇਹ ਕ੍ਰਾਊਡਫੰਡਿੰਗ ਨਿਸ਼ੀਲ ਪਟੇਲ ਨਾਮ ਦੇ ਵਿਅਕਤੀ ਦੁਆਰਾ ਕੀਤੀ ਜਾ ਰਹੀ ਹੈ, ਜਿਸ ਨੇ ਗੋਫੰਡਮੀ 'ਤੇ ਇੱਕ ਬੇਨਤੀ ਕਰਦੇ ਹੋਇਆ ਕਿਹਾ ਹੈ ਕਿ ਪਿਨਾਕਿਨ ਪਟੇਲ ਆਪਣੀ ਪਤਨੀ, ਬੱਚਿਆਂ ਅਤੇ ਮਾਂ ਨਾਲ ਅਮਰੀਕਾ ਵਿੱਚ ਰਹਿੰਦਾ ਸੀ। ਹਾਲਾਂਕਿ, ਭੀੜ ਫੰਡਿੰਗ ਅਪੀਲ ਵਿੱਚ ਇਸ ਬਾਰੇ ਕੋਈ ਵੇਰਵਾ ਨਹੀਂ ਦਿੱਤਾ ਗਿਆ ਕਿ ਉਹ ਗੁਜਰਾਤ ਵਿੱਚ ਕਿੱਥੋਂ ਦੇ ਰਹਿਣ ਵਾਲੇ ਸਨ ਅਤੇ ਉਹ ਕਿੰਨੇ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੇ ਸਨ। ਸਥਾਨਕ ਮੀਡੀਆ ਦੀਆਂ ਰਿਪੋਰਟਾਂ ਦੇ ਅਨੁਸਾਰ, 47 ਸਾਲਾ ਪਿਨਾਕਿਨ ਪਟੇਲ, ਜੋ ਅਮਰੀਕਾ ਦੇ ਵਰਜੀਨੀਆ ਦੇ ਡੈਨਵਿਲ ਵਿੱਚ ਇੱਕ ਗੈਸ ਸਟੇਸ਼ਨ ਕਮ-ਸਟੋਰ ਵਿੱਚ ਆਪਣੀ ਪਤਨੀ ਸਮੇਤ ਸਟੋਰ ਚਲਾਉਂਦਾ ਸੀ, ਜਿਸ ਨੂੰ ਪਾਰਕਿੰਗ ਵਿੱਚ ਗੋਲੀ ਮਾਰ ਦਿੱਤੀ ਗਈ। ਗੁਜਰਾਤੀ- ਭਾਰਤੀ ਪਿਨਾਕਿਨ ਪਟੇਲ ਨੂੰ ਗੋਲੀ ਮਾਰਨ ਵਾਲੇ ਵਿਅਕਤੀ ਦੀ ਪਛਾਣ ਵੀ ਹੋ ਗਈ ਹੈ ਪਰ ਅਜੇ ਤੱਕ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਪਿਨਾਕਿਨ ਪਟੇਲ 'ਤੇ ਗੋਲੀਬਾਰੀ ਕਰਨ ਤੋਂ ਬਾਅਦ, ਦੋਸ਼ੀ ਨੀਲੇ ਰੰਗ ਦੀ ਹੌਂਡਾ ਓਡੀਸੀ ਕਾਰ ਵਿੱਚ ਭੱਜ ਗਏ ਸੰਨ। ਜਿਸਦੀ ਲਾਇਸੈਂਸ ਪਲੇਟ ਦੀ ਪੁਲਿਸ ਨੇ ਪਛਾਣ ਕਰ ਲਈ ਸੀ।

# ਸ੍ਰੀ ਗੁਰੂ ਅਰਜਨ ਦੇਵ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

## ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸੰਗਤਾਂ ਨੂੰ ਪ੍ਰਕਾਸ਼ ਪੁਰਬ ਤੇ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਦੀ ਵਧਾਈ



ਅੰਮ੍ਰਿਤਸਰ : ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਅੱਜ ਸ੍ਰੀ ਹਰਿਮੰਦਰ ਸਾਹਿਬ, ਗੁਰੂ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੇ ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ ਵਿਖੇ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਵੱਡੀ ਗਿਣਤੀ ਵਿਚ ਸੰਗਤਾਂ ਨੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਸਜਾਏ ਗਏ। ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਪੰਥ ਪ੍ਰਸਿੱਧ ਕਥਾਵਾਚਕਾਂ ਨੇ ਸੰਗਤਾਂ ਨਾਲ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ। ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਆਪਣੇ ਵਧਾਈ ਸੰਦੇਸ਼ ਵਿੱਚ ਆਖਿਆ ਹੈ ਕਿ ਗੁਰੂ ਸਾਹਿਬ ਦਾ ਜੀਵਨ ਮਨੁੱਖਤਾ ਲਈ ਚਾਨਣ-ਮੁਨਾਰਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਵੱਡਾ ਪਰਉਪਕਾਰ ਕਰਦਿਆਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਤਿਆਰ ਕਰਵਾਇਆ ਅਤੇ ਸੰਗਤਾਂ ਨੂੰ ਸ਼ਬਦ ਨਾਲ ਜੋੜਿਆ। ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਣਾ ਲੈਣ ਅਤੇ ਗੁਰਬਾਣੀ ਉਪਦੇਸ਼ਾਂ 'ਤੇ ਚੱਲਣ ਦੀ ਅਪੀਲ ਕੀਤੀ। ਇਸੇ ਦੌਰਾਨ ਦੋਵਾਂ ਧਾਰਮਿਕ ਆਗੂਆਂ ਨੇ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਦੀ ਵੀ ਸੰਗਤਾਂ ਨੂੰ ਵਧਾਈ ਦਿੱਤੀ।

# ਭਾਰਤ-ਪਾਕਿ ਨੂੰ ਯਾਤਰੂ ਜਥਿਆਂ ਬਾਰੇ ਕਰਨਾ ਪੈ ਸਕਦੈ ਇਕ ਹੋਰ ਦੁਵੱਲਾ ਸਮਝੌਤਾ

## ਪਾਕਿਸਤਾਨ ਵਲੋਂ ਵਿਸਾਖੀ ਮੌਕੇ ਯਾਤਰੂਆਂ ਦੀ ਆਪਣੇ ਪੱਧਰ 'ਤੇ ਵਧਾਈ ਗਈ ਗਿਣਤੀ



ਅੰਮ੍ਰਿਤਸਰ : ਭਾਰਤ-ਪਾਕਿਸਤਾਨ ਵਲੋਂ ਧਾਰਮਿਕ ਯਾਤਰਾਵਾਂ ਲਈ ਜਥੇ ਭੇਜਣ ਨੂੰ ਲੈ ਕੇ 14 ਸਤੰਬਰ, 1974 ਨੂੰ ਕੀਤੇ ਗਏ ਪ੍ਰੋਟੋਕਾਲ ਸਮਝੌਤੇ 'ਚ ਦੋਵਾਂ ਮੁਲਕਾਂ ਨੂੰ ਸਹਿਮਤੀ ਨਾਲ ਸੋਧ ਕਰਨੀ ਪੈ ਸਕਦੀ ਹੈ। ਭਾਰਤ-ਪਾਕਿ ਦੇ ਵਪਾਰਕ ਤੇ ਸਿਆਸੀ ਸੰਬੰਧਾਂ ਨੂੰ ਬਿਹਤਰ ਬਣਾਉਣ ਜਾਂ ਵਿਗਾੜਨ 'ਚ ਦੋਵੇਂ ਮੁਲਕਾਂ ਵਲੋਂ ਦੁਵੱਲੇ ਸਮਝੌਤੇ ਤਹਿਤ ਧਾਰਮਿਕ ਯਾਤਰਾਵਾਂ ਲਈ ਭੇਜੇ ਜਾਣ ਵਾਲੇ ਹਿੰਦੂ, ਸਿੱਖ ਤੇ ਮੁਸਲਿਮ ਜਥਿਆਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਨ੍ਹਾਂ ਯਾਤਰਾਵਾਂ ਨੂੰ ਲੈ ਕੇ ਜਿੱਥੇ ਦੋਵੇਂ ਮੁਲਕਾਂ 'ਚ ਹੋਏ ਸਮਝੌਤਿਆਂ 'ਚ ਇਹ ਤੈਅ ਕੀਤਾ ਗਿਆ ਸੀ ਕਿ ਧਾਰਮਿਕ ਯਾਤਰਾਵਾਂ ਨੂੰ ਸਿਆਸੀ ਤੇ ਸਰਹੱਦੀ ਤਲਖ਼ੀਆਂ ਦੇ ਪ੍ਰਭਾਵ ਹੇਠ ਨਹੀਂ ਆਉਣ ਦਿੱਤਾ ਜਾਵੇਗਾ, ਉੱਥੇ ਨਾਲ ਹੀ ਭਾਰਤ ਵਲੋਂ ਪਾਕਿ ਜਾਣ ਵਾਲੇ ਜਥਿਆਂ 'ਚ ਸ਼ਰਧਾਲੂਆਂ ਦੀ ਗਿਣਤੀ ਵੀ ਤੈਅ ਕੀਤੀ ਗਈ ਸੀ। ਜਿੱਥੇ ਇਨ੍ਹਾਂ ਯਾਤਰਾਵਾਂ 'ਤੇ ਦੋਵੇਂ ਮੁਲਕਾਂ ਦੀਆਂ ਆਪਸੀ ਤਲਖ਼ੀਆਂ ਮੁੱਢ ਤੋਂ ਭਾਰੂ ਰਹੀਆਂ ਹਨ, ਉੱਥੇ ਹੀ ਇਸ ਵਾਰ ਵਿਸਾਖੀ ਮੌਕੇ ਪਾਕਿ ਨੇ ਆਪਣੇ ਪੱਧਰ 'ਤੇ ਤੈਅ ਗਿਣਤੀ ਤੋਂ ਦੁੱਗਣੇ ਨਾਲੋਂ ਵੱਧ ਯਾਤਰੂ ਵੀਜ਼ੇ ਜਾਰੀ ਕਰਕੇ ਧਾਰਮਿਕ ਯਾਤਰਾ ਬਾਰੇ ਦੋਵਾਂ ਮੁਲਕਾਂ ਵਿਚਾਲੇ ਹੋਏ ਉਕਤ ਪ੍ਰੋਟੋਕਾਲ ਸਮਝੌਤੇ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸੰਭਵ ਹੈ, ਅਗਾਂਹ ਯਾਤਰੂਆਂ ਦੀ ਗਿਣਤੀ ਵਧਾਉਣ ਤੋਂ ਪਹਿਲਾਂ ਪਾਕਿ ਲਈ ਪ੍ਰੋਟੋਕਾਲ ਸਮਝੌਤੇ 'ਚ ਸੋਧ ਕਰਵਾਉਣੀ ਲਾਜ਼ਮੀ ਹੋਵੇਗੀ। ਦੱਸਣਯੋਗ ਹੈ ਕਿ ਭਾਰਤ ਤੇ ਪਾਕਿ 'ਚ ਸਤੰਬਰ 1974 ਨੂੰ ਹੋਏ ਦੁਵੱਲੇ ਸਮਝੌਤੇ ਤਹਿਤ ਪਾਕਿ ਸਰਕਾਰ ਵਲੋਂ ਭਾਰਤੀ ਸਿੱਖ ਸ਼ਰਧਾਲੂਆਂ ਲਈ ਅਪ੍ਰੈਲ 'ਚ ਵਿਸਾਖੀ ਮੌਕੇ 3000 ਯਾਤਰੂ, ਜੂਨ 'ਚ ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ ਜੀ ਮੌਕੇ 1000 ਯਾਤਰੂ, ਜੂਨ 'ਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ 500 ਯਾਤਰੂ ਅਤੇ ਨਵੰਬਰ 'ਚ ਪ੍ਰਕਾਸ਼ ਪੁਰਬ ਗੁਰੂ ਨਾਨਕ ਦੇਵ ਜੀ ਮੌਕੇ 3000 ਭਾਰਤੀ ਯਾਤਰੂਆਂ ਨੂੰ 10 ਦਿਨ ਦਾ ਵੀਜ਼ਾ ਦੇਣਾ ਤੈਅ ਕੀਤਾ ਗਿਆ। ਇਸ ਯਾਤਰਾ ਨਾਲ ਗੁਰਧਾਮਾਂ ਦੀ ਸੰਬੰਧਿਤ ਸੂਚੀ 'ਚ ਹੋਰਨਾਂ ਗੁਰਦੁਆਰਿਆਂ ਸਮੇਤ ਲਾਹੌਰ ਦੇ ਗੁਰਦੁਆਰਾ ਦੀਵਾਨਖਾਨਾ ਅਤੇ ਸਮਾਧ ਭਾਈ ਤਾਰੂ ਸਿੰਘ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ। ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਦੀਵਾਨਖਾਨਾ 8-9 ਸਾਲਾਂ ਪਹਿਲਾਂ ਭੂਮੀ ਮਾਫ਼ੀਆ ਦੁਆਰਾ ਜ਼ਮੀਨਦੋਜ਼ ਕਰ ਦਿੱਤਾ ਗਿਆ ਅਤੇ ਸਮਾਧ ਭਾਈ ਤਾਰੂ ਸਿੰਘ ਨੂੰ 5 ਸਾਲ ਪਹਿਲਾਂ ਸੀਲ ਕਰ ਦਿੱਤਾ ਗਿਆ। ਹਾਲਾਂਕਿ, ਦੁਵੱਲੇ ਸਮਝੌਤੇ 'ਚ ਇਹ ਸ਼ਰਤ ਰੱਖੀ ਗਈ ਸੀ ਕਿ ਦੋਵਾਂ ਮੁਲਕਾਂ ਨੂੰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰਨੇ ਹੋਣਗੇ ਕਿ ਸਹਿਮਤ ਸੂਚੀ 'ਚ ਦੱਸੇ ਗਏ ਧਾਰਮਿਕ ਅਸਥਾਨਾਂ ਨੂੰ ਸਹੀ ਢੰਗ ਨਾਲ ਸੰਭਾਲਿਆ ਜਾਵੇ ਅਤੇ ਉਨ੍ਹਾਂ ਦੀ ਪਵਿੱਤਰਤਾ ਨੂੰ ਬਹਾਲ ਰੱਖਿਆ ਜਾਵੇ। ਸਤੰਬਰ 1974 ਦੇ ਸਮਝੌਤੇ ਮੁਤਾਬਿਕ ਭਾਰਤੀ ਹਿੰਦੂਆਂ ਲਈ ਫਰਵਰੀ/ਮਾਰਚ ਅਤੇ ਅਕਤੂਬਰ 'ਚ 5-5 ਦਿਨ ਦੇ ਵੀਜ਼ੇ 'ਤੇ ਸ੍ਰੀ ਕਟਾਸਰਾਜ ਤੀਰਥ ਯਾਤਰਾ (ਜ਼ਿਲ੍ਹਾ ਚੱਕਵਾਲ) ਲਈ 200 ਯਾਤਰੂਆਂ ਅਤੇ ਨਵੰਬਰ/ਦਸੰਬਰ 'ਚ ਸ਼ਦਾਨੀ ਦਰਬਾਰ, ਹਯਾਤ ਪਿਤਾਫ਼ੀ, ਮੀਰਪੁਰ ਮਥੈਲੋ ਦੀਆਂ ਯਾਤਰਾਵਾਂ ਲਈ 400 ਯਾਤਰੂਆਂ ਨੂੰ 10 ਦਿਨ ਦਾ ਵੀਜ਼ਾ ਦੇਣਾ ਤੈਅ ਕੀਤਾ ਗਿਆ ਹੈ। ਭਾਰਤ ਸਰਕਾਰ ਵਲੋਂ ਪਾਕਿ 'ਚ ਰਹਿੰਦੇ ਮੁਸਲਿਮ ਭਾਈਚਾਰੇ ਲਈ ਨਿਜ਼ਾਮੂਦੀਨ, ਸਰਹਿੰਦ ਸ਼ਰੀਫ਼, ਅਜਮੇਰ ਸ਼ਰੀਫ਼, ਪਾਕਿ ਹਿੰਦੂਆਂ ਲਈ ਹਰਿਦੁਆਰ, ਮਥੁਰਾ, ਇੰਦੌਰ, ਦਿੱਲੀ, ਅਹਿਮਦਾਬਾਦ, ਰਾਏਪੁਰ (ਸ਼ਦਾਨੀ ਦਰਬਾਰ), ਸਿੱਖ ਭਾਈਚਾਰੇ ਲਈ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ, ਹੇਮਕੁੰਟ ਸਾਹਿਬ, ਦਿੱਲੀ ਅਤੇ ਅਹਿਮਦੀਆ ਭਾਈਚਾਰੇ ਲਈ ਕਾਦੀਆਂ ਵਿਖੇ ਹੋਣ ਵਾਲੇ ਸਾਲਾਨਾ ਜਲਸੇ 'ਚ ਸ਼ਿਰਕਤ ਕਰਨ ਲਈ ਵੀਜ਼ੇ ਦੇਣਾ ਤੈਅ ਕੀਤਾ ਗਿਆ ਹੈ। ਇਹ ਸਾਰੇ ਜਥੇ ਦੋਵੇਂ ਮੁਲਕਾਂ ਦੀ ਪ੍ਰੋਟੋਕਾਲ ਸੂਚੀ 'ਚ ਸ਼ਾਮਿਲ ਹਨ। ਇਨ੍ਹਾਂ ਜਥਿਆਂ ਤੋਂ ਇਲਾਵਾ ਕਿਸੇ ਵੀ ਹੋਰ ਜਥੇ ਜਾਂ ਇਕ-ਦੂਜੇ ਦੇ ਮੁਲਕ 'ਚ ਧਾਰਮਿਕ ਸਮਾਰੋਹ ਕਰਨ ਲਈ ਉਸ ਮੁਲਕ ਦੀ ਕੇਂਦਰ ਸਰਕਾਰ ਪਾਸੋਂ ਸਮਾਗਮ ਜਾਂ ਯਾਤਰਾ ਦੀ ਮਹੱਤਤਾ ਦੱਸ ਕੇ ਬਕਾਇਦਾ ਮਨਜ਼ੂਰੀ ਲੈਣੀ ਹੁੰਦੀ ਹੈ। ਇਸ ਸਮਝੌਤੇ 'ਚ ਇਹ ਵੀ ਸ਼ਰਤ ਰੱਖੀ ਗਈ ਸੀ ਕਿ ਆਪਸੀ ਸਮਝੌਤੇ ਦੁਆਰਾ ਸਮੇਂ-ਸਮੇਂ 'ਤੇ ਸਹਿਮਤੀ ਨਾਲ ਯਾਤਰੂਆਂ ਦੀ ਤੈਅ ਕੀਤੀ ਗਿਣਤੀ ਨੂੰ ਸੋਧਿਆ ਜਾਂ ਵਧਾਇਆ ਵੀ ਜਾ ਸਕਦਾ ਹੈ। ਹਾਲਾਂਕਿ, ਵਿਸਾਖੀ ਮੌਕੇ ਪਾਕਿ ਦੇ ਵਿਦੇਸ਼ ਮੰਤਰਾਲੇ ਵਲੋਂ ਭਾਰਤ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਹੀ ਯਾਤਰੂ ਵੀਜ਼ਿਆਂ ਦੀ ਗਿਣਤੀ 'ਚ ਭਾਰੀ ਵਾਧਾ ਕਰ ਦਿੱਤਾ ਗਿਆ।

# ਜੰਮੂ ਕਸ਼ਮੀਰ ਦੇ ਰਾਮਬਨ 'ਚ ਭਾਰੀ ਮੀਂਹ, ਬੱਦਲ ਫਟਣ ਕਰਕੇ ਤਿੰਨ ਮੌਤਾਂ, 100 ਤੋਂ ਵੱਧ ਲੋਕਾਂ ਨੂੰ ਬਚਾਇਆ

**• ਢਿੱਗਾਂ ਡਿੱਗਣ ਕਰਕੇ ਕੌਮੀ ਸ਼ਾਹਰਾਹ 'ਤੇ ਨਾਸ਼ਰੀ ਤੇ ਬਨਿਹਾਲ ਵਿਚਾਲੇ ਆਵਾਜਾਈ ਬੰਦ • ਕਈ ਵਾਹਨ ਪਾਣੀ ਵਿਚ ਰੁੜ੍ਹੇ • ਗੜੇਮਾਰੀ ਕਾਰਨ ਭਾਰੀ ਨੁਕਸਾਨ**




ਰਾਮਬਨ/ਜੰਮੂ : ਜੰਮੂ ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿਚ ਅੱਜ ਵੱਡੇ ਤੜਕੇ ਭਾਰੀ ਮੀਂਹ ਤੇ ਬੱਦਲ ਫਟਣ ਕਰਕੇ ਹੜ੍ਹਾਂ ਵਾਲੇ ਹਾਲਾਤ ਬਣ ਗਏ ਹਨ। ਇਸ ਦੌਰਾਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 100 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਲਗਾਤਾਰ ਪੈ ਰਹੇ ਮੀਂਹ ਕਾਰਨ ਰਣਨੀਤਕ ਪੱਖੋਂ ਅਹਿਮ ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ 'ਤੇ ਨਾਸ਼ਰੀ ਅਤੇ ਬਨਿਹਾਲ ਵਿਚਾਲੇ ਕਰੀਬ ਇੱਕ ਦਰਜਨ ਥਾਵਾਂ 'ਤੇ ਜ਼ਮੀਨ ਖਿਸਕਣ ਤੇ ਢਿੱਗਾਂ ਡਿੱਗਣ ਕਾਰਨ ਆਵਾਜਾਈ ਬੰਦ ਕਰ ਦਿੱਤੀ ਗਈ ਹੈ। ਉਧਰ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਹਾਲਾਤ ਦੀ ਸਮੀਖਿਆ ਲਈ ਬੈਠਕ ਸੱਦ ਲਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਰਾਮਬਨ ਦੇ ਸੇਰੀ ਬਾਗਨਾ ਪਿੰਡ ਵਿੱਚ ਬੱਦਲ ਫਟਣ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਆਕਿਬ ਅਹਿਮਦ ਅਤੇ ਮੁਹੰਮਦ ਸਾਕਿਬ ਨਾਂ ਦੋ ਭਰਾ ਵੀ ਸ਼ਾਮਲ ਹਨ। ਆਖਰੀ ਰਿਪੋਰਟਾਂ ਮਿਲਣ ਤੱਕ ਰਾਹਤ ਤੇ ਬਚਾਅ ਕਾਰਜ ਜਾਰੀ ਸਨ। ਇਨ੍ਹਾਂ ਤਾਜ਼ਾ ਮੌਤਾਂ ਨਾਲ ਜੰਮੂ ਖੇਤਰ ਵਿੱਚ ਦੋ ਦਿਨਾਂ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਸ਼ਨਿੱਚਰਵਾਰ ਦੇਰ ਰਾਤ ਰਿਆਸੀ ਜ਼ਿਲ੍ਹੇ ਦੇ ਅਰਨਾਸ ਖੇਤਰ ਵਿੱਚ ਬਿਜਲੀ ਡਿੱਗਣ ਨਾਲ ਇੱਕ ਔਰਤ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਔਰਤ ਜ਼ਖ਼ਮੀ ਹੋ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਧਰਮ ਕੁੰਡ ਪਿੰਡ ਵਿੱਚ ਅਚਾਨਕ ਆਏ ਹੜ੍ਹ ਕਾਰਨ ਕਰੀਬ 40 ਰਿਹਾਇਸ਼ੀ ਘਰ ਨੁਕਸਾਨੇ ਗਏ। ਦਸ ਘਰ ਪੂਰੀ ਤਰ੍ਹਾਂ ਨੁਕਸਾਨੇ ਗਏ ਜਦੋਂ ਕਿ ਬਾਕੀਆਂ ਨੂੰ ਅੰਸ਼ਕ ਨੁਕਸਾਨ ਪਹੁੰਚਿਆ। ਉਨ੍ਹਾਂ ਕਿਹਾ ਕਿ ਲਗਾਤਾਰ ਪੈ ਰਹੇ ਮੀਂਹ ਅਤੇ ਬੱਦਲ ਫਟਣ ਦੇ ਬਾਵਜੂਦ ਮੌਕੇ 'ਤੇ ਪਹੁੰਚੇ ਪੁਲੀਸ ਮੁਲਾਜ਼ਮਾਂ ਨੇ 100 ਤੋਂ ਵੱਧ ਫਸੇ ਹੋਏ ਪਿੰਡ ਵਾਸੀਆਂ ਨੂੰ ਬਚਾਇਆ। ਨਾਲੇ ਵਿਚ ਆਏ ਹੜ੍ਹ ਕਾਰਨ ਕਈ ਵਾਹਨ ਵਹਿ ਗਏ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਭਾਰੀ ਮੀਂਹ, ਬੱਦਲ ਫਟਣ, ਤੇਜ਼ ਹਵਾਵਾਂ, ਜ਼ਮੀਨ ਖਿਸਕਣ ਅਤੇ ਗੜੇਮਾਰੀ ਕਾਰਨ ਪੂਰੇ ਜ਼ਿਲ੍ਹੇ ਵਿੱਚ ਭਾਰੀ ਨੁਕਸਾਨ ਹੋਇਆ ਹੈ।

ਇਕ ਸੀਨੀਅਰ ਅਧਿਕਾਰੀ ਨੇ ਆਪਣੇ ਨਾਮ ਨਸ਼ਰ ਨਾ ਕੀਤੇ ਜਾਣ ਦੀ ਸ਼ਰਤ 'ਤੇ ਕਿਹਾ, "ਅਸੀਂ ਹਾਲਾਤ ਦੀ ਨਿਗਰਾਨੀ ਕਰ ਰਹੇ ਹਾਂ ਅਤੇ ਪ੍ਰਭਾਵਿਤ ਆਬਾਦੀ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਸਮੀਖਿਆ ਕੀਤੀ ਜਾਵੇਗੀ। ਇਸ ਵੇਲੇ ਸਾਡੀ ਤਰਜੀਹ ਜਾਨਾਂ ਬਚਾਉਣ ਦੀ ਹੈ।"

ਉਧਰ ਟਰੈਫਿਕ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਨਸਰੀ ਅਤੇ ਬਨਿਹਾਲ ਵਿਚਾਲੇ ਕਈ ਥਾਵਾਂ 'ਤੇ ਜ਼ਮੀਨ ਖਿਸਕਣ, ਢਿੱਗਾਂ ਡਿੱਗਣ ਕਾਰਨ ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ 'ਤੇ ਵਾਹਨਾਂ ਦੀ ਆਵਾਜਾਈ ਦੋਵਾਂ ਪਾਸਿਆਂ ਤੋਂ ਰੋਕ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਰਾਜਮਾਰਗ 'ਤੇ ਮੀਂਹ ਜਾਰੀ ਹੈ ਅਤੇ ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਮੌਸਮ ਵਿੱਚ ਸੁਧਾਰ ਹੋਣ ਅਤੇ ਸੜਕ ਸਾਫ਼ ਹੋਣ ਤੱਕ ਮੁੱਖ ਸੜਕ 'ਤੇ ਯਾਤਰਾ ਨਾ ਕਰਨ। ਅਧਿਕਾਰੀਆਂ ਨੇ ਦੱਸਿਆ ਕਿ ਪੰਥਿਆਲ ਨੇੜੇ ਸੜਕ ਦਾ ਇੱਕ ਹਿੱਸਾ ਵੀ ਵਹਿ ਗਿਆ ਅਤੇ ਫਸੇ ਹੋਏ ਸਾਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਦਿੱਤਾ ਗਿਆ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਹਾਲਾਤ ਦੀ ਸਮੀਖਿਆ ਲਈ ਮੀਟਿੰਗ ਸੱਦ ਲਈ ਹੈ। ਉਧਰ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਡਿਪਟੀ ਕਮਿਸ਼ਨਰ ਬਸ਼ੀਰ-ਉਲ-ਹੱਕ ਚੌਧਰੀ ਦੀ ਅਗਵਾਈ ਵਾਲੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਮਤੀ ਜਾਨਾਂ ਬਚਾਉਣ ਲਈ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ ਹੈ।





# ਜੰਗਬੰਦੀ ਵਿਵਾਦ: ਪੂਤਿਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ: ਯੂਕਰੇਨ ਵਿਦੇਸ਼ ਮੰਤਰੀ



ਕੀਵ : ਯੂਕਰੇਨ ਦੇ ਵਿਦੇਸ਼ ਮੰਤਰੀ ਨੇ ਅੱਜ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਈਸਟਰ ਜੰਗਬੰਦੀ ਦੇ ਐਲਾਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੀਵ 30 ਦਿਨਾਂ ਦੀ ਜੰਗਬੰਦੀ ਦੀ ਪਾਲਣਾ ਕਰਨ ਦੇ ਆਪਣੇ ਮੂਲ ਸਮਝੌਤੇ 'ਤੇ ਅੱਜ ਵੀ ਕਾਇਮ ਹੈ। ਵਿਦੇਸ਼ ਮੰਤਰੀ ਐਂਡਰੀ ਸਿਬੀਹਾ ਨੇ ਐਕਸ 'ਤੇ ਪੋਸਟ ਪਾ ਕੇ ਕਿਹਾ, 'ਯੂਕਰੇਨ ਦੀ ਸਥਿਤੀ ਸਪਸ਼ਟ ਅਤੇ ਇਕਸਾਰ ਰਹਿੰਦੀ ਹੈ, ਪਿਛਲੀ ਵਾਰ 11 ਮਾਰਚ ਨੂੰ ਜੇਦਾਹ ਵਿੱਚ ਅਸੀਂ ਬਿਨਾਂ ਸ਼ਰਤ ਅਮਰੀਕਾ ਦੇ 30 ਦਿਨਾਂ ਲਈ ਪੂਰੀ ਜੰਗਬੰਦੀ ਦੇ ਪ੍ਰਸਤਾਵ ਨੂੰ ਬਿਨਾਂ ਸ਼ਰਤ ਸਵੀਕਾਰ ਕੀਤਾ ਸੀ ਪਰ ਹੁਣ ਪੂਤਿਨ ਨੇ 30 ਦਿਨਾਂ ਦੀ ਬਜਾਏ 30 ਘੰਟੇ ਜੰਗਬੰਦੀ ਲਈ ਆਪਣੀ ਤਿਆਰੀ ਬਾਰੇ ਬਿਆਨ ਦਿੱਤੇ ਹਨ। ਰੂਸ ਕਿਸੇ ਵੀ ਸਮੇਂ ਪੂਰੀ ਅਤੇ ਬਿਨਾਂ ਸ਼ਰਤ 30 ਦਿਨਾਂ ਦੀ ਜੰਗਬੰਦੀ ਦੇ ਪ੍ਰਸਤਾਵ ਲਈ ਸਹਿਮਤ ਹੋ ਸਕਦਾ ਹੈ ਜੋ ਮਾਰਚ ਤੋਂ ਮੇਜ਼ 'ਤੇ ਹੈ. ਅਸੀਂ ਜਾਣਦੇ ਹਾਂ ਕਿ ਉਸ ਦੇ ਸ਼ਬਦਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਅਤੇ ਅਸੀਂ ਸ਼ਬਦਾਂ ਦੀ ਨਹੀਂ ਕਾਰਵਾਈਆਂ ਨੂੰ ਦੇਖਾਂਗੇ।'

# ਗਾਜ਼ਾ: ਇਜ਼ਰਾਇਲੀ ਹਮਲੇ ਵਿੱਚ 14 ਹਲਾਕ

**ਮ੍ਰਿਤਕਾਂ 'ਚ ਵਧੇਰੇ ਗਿਣਤੀ ਮਹਿਲਾਵਾਂ ਤੇ ਬੱਚਿਆਂ ਦੀ; ਮਲਬਾ ਹਟਾਉਣ ਲਈ ਲਿਆਂਦੀ ਮਸ਼ੀਨਰੀ ਹਮਲੇ 'ਚ ਤਬਾਹ**




ਦੀਰ ਅਲ-ਬਲਾਹ : ਗਾਜ਼ਾ ਪੱਟੀ 'ਚ ਇਜ਼ਰਾਇਲੀ ਹਮਲਿਆਂ ਵਿੱਚ ਘੱਟੋ ਘੱਟ 14 ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ 'ਚ ਜ਼ਿਆਦਾ ਗਿਣਤੀ ਮਹਿਲਾਵਾਂ ਤੇ ਬੱਚਿਆਂ ਦੀ ਹੈ। ਇਸ ਹਮਲੇ 'ਚ ਸਾਲਸ ਮੁਲਕਾਂ ਵੱਲੋਂ ਮਲਬਾ ਹਟਾਉਣ ਲਈ ਮੁਹੱਈਆ ਕੀਤੇ ਗਏ ਬੁਲਡੋਜ਼ਰ ਤੇ ਹੋਰ ਭਾਰੀ ਮਸ਼ੀਨਰੀ ਵੀ ਤਬਾਹ ਹੋ ਗਈ ਹੈ। ਇਸੇ ਤਰ੍ਹਾਂ ਅੱਜ ਲਿਬਨਾਨ 'ਤੇ ਕੀਤੇ ਹਮਲੇ 'ਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ। ਹਮਾਸ ਖ਼ਿਲਾਫ਼ ਇਜ਼ਰਾਈਲ ਦੀ 18 ਮਹੀਨੇ ਤੋਂ ਚੱਲ ਰਹੀ ਜੰਗੀ ਮੁਹਿੰਮ 'ਚ ਗਾਜ਼ਾ ਦਾ ਵੱਡਾ ਇਲਾਕਾ ਤਬਾਹ ਹੋ ਗਿਆ ਹੈ, ਜਿਸ ਤੋਂ ਇਹ ਖਦਸ਼ਾ ਵਧ ਗਿਆ ਹੈ ਕਿ ਇਸ ਦਾ ਵਧੇਰੇ ਹਿੱਸਾ ਮੁੜ ਕਦੀ ਨਾ ਬਣਾਇਆ ਜਾ ਸਕੇ। ਇਸ ਖੇਤਰ 'ਚ ਪਹਿਲਾਂ ਤੋਂ ਹੀ ਭਾਰੀ ਉਪਕਰਨਾਂ ਦੀ ਘਾਟ ਹੈ ਜਿਨ੍ਹਾਂ ਦੀ ਇਜ਼ਰਾਇਲੀ ਹਮਲਿਆਂ ਮਗਰੋਂ ਮਲਬੇ ਹੇਠੋਂ ਲੋਕਾਂ ਨੂੰ ਬਚਾਉਣ ਤੇ ਅਹਿਮ ਸੜਕਾਂ ਨੂੰ ਸਾਫ ਕਰਨ ਲਈ ਜ਼ਰੂਰਤ ਹੈ। ਉੱਤਰੀ ਗਾਜ਼ਾ ਦੇ ਜਬਾਲੀਆ ਖੇਤਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਜ਼ਰਾਇਲੀ ਹਮਲੇ ਵਿੱਚ ਮਿਸਰ ਤੇ ਕਤਰ ਵੱਲੋਂ ਮੁਹੱਈਆ ਕੀਤੇ ਗਏ ਨੌਂ ਬੁਲਡੋਜ਼ਰ ਤਬਾਹ ਹੋ ਗਏ ਹਨ। ਇਜ਼ਰਾਈਲ ਨੇ ਪਿਛਲੇ ਮਹੀਨੇ ਜੰਗਬੰਦੀ ਖਤਮ ਕਰਕੇ ਗਾਜ਼ਾ 'ਤੇ ਹਮਲੇ ਮੁੜ ਸ਼ੁਰੂ ਕਰ ਦਿੱਤੇ ਸਨ, ਜਿਸ ਨਾਲ ਖਿੱਤੇ 'ਚ ਦੋ ਲੱਖ ਫਲਸਤੀਨੀਆਂ ਨੂੰ ਖੁਰਾਕ, ਈਂਧਣ ਤੇ ਮੈਡੀਕਲ ਸਪਲਾਈ ਸਮੇਤ ਹੋਰ ਸਾਰੀਆਂ ਦਰਾਮਦਾਂ ਤੋਂ ਵਾਂਝਾ ਕਰ ਦਿੱਤਾ ਹੈ। ਦੂਜੇ ਪਾਸੇ ਇਜ਼ਰਾਇਲੀ ਸੈਨਾ ਨੇ ਕਿਹਾ ਕਿ ਉਹ ਸਿਰਫ਼ ਅਤਿਵਾਦੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀਆਂ ਮੌਤਾਂ ਲਈ ਹਮਾਸ ਜ਼ਿੰਮੇਵਾਰ ਹੈ ਕਿਉਂਕਿ ਉਹ ਰਿਹਾਇਸ਼ੀ ਇਲਾਕਿਆਂ 'ਚੋਂ ਆਪਣੀਆਂ ਗਤੀਵਿਧੀਆਂ ਚਲਾ ਰਹੇ ਹਨ। ਇਜ਼ਰਾਇਲੀ ਸੈਨਾ ਨੇ ਦਾਅਵਾ ਕੀਤਾ ਕਿ ਉਸ ਨੇ ਹੁਣ ਤੱਕ 20 ਹਜ਼ਾਰ ਹਮਾਸ ਅਤਿਵਾਦੀ ਮਾਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਇਜ਼ਰਾਇਲੀ ਹਮਲਿਆਂ ਵਿੱਚ ਹੁਣ ਤੱਕ 51 ਹਜ਼ਾਰ ਤੋਂ ਵੱਧ ਫਲਸਤੀਨੀਆਂ ਦੀ ਮੌਤ ਹੋ ਚੁੱਕੀ ਹੈ।

# ਨਹੀਂ ਰਹੇ ਪੋਪ ਫਰਾਂਸਿਸ

## • 88 ਸਾਲ ਦੀ ਉਮਰ 'ਚ ਲਏ ਆਖਰੀ ਸਾਹ
## • ਪਿਛਲੇ ਕਈ ਮਹੀਨਿਆਂ ਤੋਂ ਚਲ ਰਹੇ ਸਨ ਬਿਮਾਰ




# ਵਿਸ਼ਵ ਨੇਤਾਵਾਂ ਨੇ ਪੋਪ ਫਰਾਂਸਿਸ ਦੇ ਦਿਹਾਂਤ 'ਤੇ ਅਫਸੋਸ ਪ੍ਰਗਟਾਇਆ

ਵੈਟੀਕਨ ਸਿਟੀ : ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਕਿਹਾ ਕਿ ਫਰਾਂਸਿਸ ਦੀ ਮੌਤ ਦੀ ਖ਼ਬਰ ਸਾਨੂੰ ਬਹੁਤ ਦੁਖੀ ਕਰਦੀ ਹੈ, ਕਿਉਂਕਿ ਅਸੀਂ ਇੱਕ ਮਹਾਨ ਵਿਅਕਤੀ ਨੂੰ ਅਲਵਿਦਾ ਕਹਿ ਰਹੇ ਹਾਂ। ਵੈਟੀਕਨ ਨੇ ਐਲਾਨ ਕੀਤਾ ਕਿ ਪੋਪ ਫਰਾਂਸਿਸ ਦਾ ਸੋਮਵਾਰ ਨੂੰ ਦਿਹਾਂਤ ਹੋ ਗਿਆ, ਇਤਿਹਾਸ ਦੇ ਪਹਿਲੇ ਲਾਤੀਨੀ ਅਮਰੀਕੀ ਪੋਪ, ਜਿਨ੍ਹਾਂ ਨੇ ਆਪਣੀ ਨਿਮਰ ਸ਼ੈਲੀ ਤੇ ਪੂੰਜੀਵਾਦ ਤੇ ਜਲਵਾਯੂ ਪਰਿਵਰਤਨ ਦੀ ਆਲੋਚਨਾ ਨਾਲ ਗਰੀਬ ਪਰ ਦੂਰ-ਦੁਰਾਡੇ ਰੂੜੀਵਾਦੀਆਂ ਲਈ ਚਿੰਤਾ ਨਾਲ ਦੁਨੀਆਂ ਨੂੰ ਮੋਹਿਤ ਕੀਤਾ। ਫਰਾਂਸਿਸ, ਜੋਕਿ ਫੇਫੜਿਆਂ ਦੀ ਪੁਰਾਣੀ ਬਿਮਾਰੀ ਤੋਂ ਪੀੜਤ ਸੀ ਤੇ ਇੱਕ ਜਵਾਨੀ ਵਿਚ ਇੱਕ ਫੇਫੜੇ ਦਾ ਹਿੱਸਾ ਹਟਾ ਦਿੱਤਾ ਗਿਆ ਸੀ, ਨੂੰ 14 ਫਰਵਰੀ, 2025 ਨੂੰ ਸਾਹ ਦੀ ਸੰਕਟ ਲਈ ਜੈਮੈਲੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਮੇਲੋਨੀ ਨੇ ਕਿਹਾ ਕਿ ਮੈਨੂੰ ਉਸਦੀ ਦੋਸਤੀ, ਉਸਦੀ ਸਲਾਹ ਤੇ ਉਸਦੀ ਸਿੱਖਿਆ ਦਾ ਆਨੰਦ ਲੈਣ ਦਾ ਸੁਭਾਗ ਪ੍ਰਾਪਤ ਹੋਇਆ, ਜਿਸਨੇ ਮੈਨੂੰ ਕਦੇ ਵੀ ਅਸਫਲ ਨਹੀਂ ਕੀਤਾ। ਆਇਰਲੈਂਡ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਫਰਾਂਸਿਸ ਬੇਜ਼ੁਬਾਨਾਂ ਲਈ ਇੱਕ ਆਵਾਜ਼ ਸੀ ਆਇਰਲੈਂਡ ਦੇ ਵਿਦੇਸ਼ ਮੰਤਰੀ, ਸਾਈਮਨ ਹੈਰਿਸ ਨੇ ਉਮੀਦ ਪ੍ਰਗਟ ਕੀਤੀ ਕਿ ਪੋਪ ਫਰਾਂਸਿਸ ਦੀਆਂ ਸਿੱਖਿਆਵਾਂ ਦੁਨੀਆਂ ਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ। ਮੈਕਰੋਨ ਦਾ ਕਹਿਣਾ ਹੈ ਕਿ ਫਰਾਂਸਿਸ ਨੇ ਗਰੀਬ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਉਮੀਦ ਦਿੱਤੀ, ਜਿਨ੍ਹਾਂ ਦਾ ਦੇਸ਼ ਜਿਆਦਾਤਰ ਕੈਥੋਲਿਕ ਹੈ। ਬਿਊਨੋਸ ਆਇਰਸ ਤੋਂ ਰੋਮ ਤੱਕ, ਪੋਪ ਫਰਾਂਸਿਸ ਚਾਹੁੰਦੇ ਸਨ ਕਿ ਚਰਚ ਗਰੀਬਾਂ ਲਈ ਖੁਸ਼ੀ ਤੇ ਉਮੀਦ ਲਿਆਵੇ। ਡੱਚ ਪ੍ਰਧਾਨ ਮੰਤਰੀ ਡਿਕ ਸਕੋਫ ਨੇ ਫਰਾਂਸਿਸ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੋਪ ਹਰ ਤਰ੍ਹਾਂ ਨਾਲ ਲੋਕਾਂ ਦਾ ਸੀ।







ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸ ਦੇ ਰਾਸ਼ਟਰਪਤੀ ਵਲਾਦੀਮੀਅਰ ਪੁਤਿਨ, ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਜੋ ਬਾਈਡਨ ਅਤੇ ਬਾਰਕ ਓਬਾਮਾ ਨਾਲ ਪੋਪ ਫਰਾਂਸਿਸ ਦੀਆਂ ਪੁਰਾਣੀਆਂ ਤਸਵੀਰਾਂ।

ਵੈਟੀਕਨ ਸਿਟੀ : ਕੈਥੋਲਿਕ ਈਸਾਈ ਧਰਮ ਗੁਰੂ ਪੋਪ ਫਰਾਂਸਿਸ ਦਾ 88 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ ਹੈ। ਪੋਪ ਫਰਾਂਸਿਸ ਇਤਿਹਾਸ ਦੇ ਪਹਿਲੇ ਲਾਤੀਨੀ ਅਮਰੀਕੀ ਪੋਪ ਸਨ। ਪੋਪ ਪਿਛਲੇ ਕਈ ਮਹੀਨਿਆਂ ਤੋਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਸਨ। ਉਨ੍ਹਾਂ ਨੂੰ 14 ਫਰਵਰੀ ਨੂੰ ਰੋਮ ਦੇ ਜੇਮੇਲੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦਾ ਨਮੂਨੀਆ ਤੇ ਅਨੀਮੀਆ ਦਾ ਵੀ ਇਲਾਜ ਚੱਲ ਰਿਹਾ ਸੀ। ਫੇਫੜਿਆਂ ਦੀ ਲਾਗ ਕਾਰਨ ਉਹ 5 ਹਫ਼ਤਿਆਂ ਤੋਂ ਹਸਪਤਾਲ 'ਚ ਭਰਤੀ ਸਨ। ਇਲਾਜ਼ ਦੌਰਾਨ ਕੈਥੋਲਿਕ ਚਰਚ ਦੇ ਮੁੱਖ ਦਫਤਰ ਵੈਟੀਕਨ ਨੇ ਕਿਹਾ ਕਿ ਪੋਪ ਦੀ ਖ਼ੂਨ ਦੀ ਜਾਂਚ ਰਿਪੋਰਟ 'ਚ ਗੁਰਦੇ ਫੇਲ੍ਹ ਹੋਣ ਦੇ ਲੱਛਣ ਦਿਖਾਈ ਦਿੱਤੇ। ਹਾਲਾਂਕਿ ਉਨ੍ਹਾਂ ਨੂੰ 14 ਮਾਰਚ ਨੂੰ ਛੁੱਟੀ ਦੇ ਦਿੱਤੀ ਗਈ ਸੀ। ਪੋਪ ਫਰਾਂਸਿਸ 1300 ਸਾਲਾਂ 'ਚ ਪੋਪ ਚੁਣੇ ਜਾਣ ਵਾਲੇ ਪਹਿਲੇ ਗੈਰ-ਯੂਰਪੀਅਨ ਸਨ। ਪੋਪ ਫਰਾਂਸਿਸ ਨੇ ਸਮਲਿੰਗੀਆਂ ਨੂੰ ਚਰਚ 'ਚ ਆਉਣ ਦੀ ਇਜਾਜ਼ਤ ਦੇਣ, ਸਮਲਿੰਗੀ ਜੋੜਿਆਂ ਨੂੰ ਅਸ਼ੀਰਵਾਦ ਦੇਣ, ਦੁਬਾਰਾ ਵਿਆਹ ਕਰਨ ਲਈ ਧਾਰਮਿਕ ਪ੍ਰਵਾਨਗੀ ਦੇਣ ਵਰਗੇ ਵੱਡੇ ਫੈਸਲੇ ਲਏ। ਉਨ੍ਹਾਂ ਚਰਚਾਂ 'ਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਲਈ ਵੀ ਮੁਆਫੀ ਮੰਗੀ। ਪੋਪ ਫਰਾਂਸਿਸ ਦਾ ਜਨਮ 17 ਦਸੰਬਰ 1936 ਨੂੰ ਅਰਜਨਟੀਨਾ ਦੇ ਬਿਊਨਸ ਆਇਰਸ 'ਚ ਹੋਇਆ। ਉਨ੍ਹਾਂ ਦਾ ਅਸਲੀ ਨਾਂਅ ਜੌਰਜ ਮਾਰੀਓ ਬਰਗੋਗਲੀਓ ਸੀ। 1970 ਵਿਚ ਉਨ੍ਹਾਂ ਨੂੰ ਜੇਸੁਇਟ ਧਾਰਮਿਕ ਵਿਵਸਥਾ ਨਾਲ ਇਕ ਪਾਦਰੀ ਨਿਯੁਕਤ ਕੀਤਾ ਗਿਆ। 20 ਮਈ 1992 ਨੂੰ ਬਿਊਨਸ ਆਇਰਸ ਦੇ ਸਹਾਇਕ ਬਿਸ਼ਪ ਵਜੋਂ ਨਾਮਜ਼ਦ ਕੀਤਾ ਗਿਆ ਤੇ 1998 'ਚ ਅਰਜਨਟੀਨਾ ਦੀ ਰਾਜਧਾਨੀ ਦੇ ਆਰਚਬਿਸ਼ਪ ਵਜੋਂ ਕਾਰਡੀਨਲ ਐਂਟੋਨੀਓ ਕੁਆਰਸੀਨੋ ਦੀ ਥਾਂ ਲਈ। 21 ਫਰਵਰੀ 2001 ਨੂੰ ਸੇਂਟ ਜੌਨ ਪਾਲ 2 ਦੁਆਰਾ ਕਾਰਡੀਨਲ ਬਣਾਇਆ ਗਿਆ। ਮਈ 2007 'ਚ ਬ੍ਰਾਜ਼ੀਲ ਦੇ ਅਪਰੇਸੀਡਾ 'ਚ ਲਾਤੀਨੀ ਅਮਰੀਕੀ ਬਿਸ਼ਪ ਕਾਨਫਰੰਸ ਦੀ 5ਵੀਂ ਮੀਟਿੰਗ ਦੇ ਅੰਤਿਮ ਦਸਤਾਵੇਜ਼ ਦਾ ਖਰੜਾ ਤਿਆਰ ਕਰਨ 'ਚ ਮਦਦ ਕੀਤੀ, ਜੋ ਕਿ ਗਰੀਬਾਂ, ਆਦਿਵਾਸੀ ਲੋਕਾਂ ਤੇ ਵਾਤਾਵਰਣ ਲਈ ਪੋਪ ਵਜੋਂ ਉਨ੍ਹਾਂ ਦੀਆਂ ਚਿੰਤਾਵਾਂ ਤੇ ਇਕ ਮਿਸ਼ਨਰੀ ਚਰਚ ਦੀ ਜ਼ਰੂਰਤ ਦਾ ਵਿਸ਼ਲੇਸ਼ਣ ਕਰਦਾ ਹੈ। 13 ਮਾਰਚ 2013 ਨੂੰ ਉਹ 266ਵੇਂ ਪੋਪ ਚੁਣੇ ਗਏ।

# ਪੋਪ ਦਾ ਦੇਹਾਂਤ

ਪੋਪ ਫਰਾਂਸਿਸ, ਜੋ ਈਸਟਰ ਦੇ ਸੋਮਵਾਰ 88 ਵਰ੍ ?ਆਂ ਦੀ ਉਮਰ 'ਚ ਦੁਨੀਆ ਤੋਂ ਰੁਖ਼ਸਤ ਹੋ ਗਏ, ਨਾ ਸਿਰਫ਼ ਪਹਿਲੇ ਲਾਤੀਨੀ ਅਮਰੀਕੀ ਬਿਸ਼ਪ ਸਨ, ਬਲਕਿ ਕਈ ਹੋਰ ਮਾਇਨਿਆਂ 'ਚ ਵੀ ਉਹ ਆਧੁਨਿਕ ਦੌਰ ਦੇ ਸਭ ਤੋਂ ਨਿਰਾਲੇ ਪੋਪ ਸਨ। ਕਾਰਡੀਨਲ ਕੇਵਿਨ ਫੈਰਲ ਮੁਤਾਬਿਕ, ਕੁਝ ਸਮੇਂ ਤੋਂ ਉਹ ਬਿਮਾਰ ਸਨ ਤੇ ਸੋਮਵਾਰ ਸਵੇਰੇ ਉਨ੍ਹਾਂ ਆਖ਼ਿਰੀ ਸਾਹ ਲਏ। ਪੋਪ ਫਰਾਂਸਿਸ ਨੇ ਐਤਵਾਰ ਨੂੰ ਈਸਟਰ ਮੌਕੇ ਵੈਟੀਕਨ ਦੀ ਬਾਲਕਨੀ ਤੋਂ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਸਨ। ਇਸ ਦੌਰਾਨ ਉਹ ਵ੍ਹੀਲਚੇਅਰ ਉੱਤੇ ਸਨ ਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਨਾਲ ਉਨ੍ਹਾਂ ਦੀ ਸੰਖੇਪ ਮੁਲਾਕਾਤ ਵੀ ਹੋਈ ਸੀ। ਸੁਧਾਰਕ ਦਾ ਦਿਲ ਰੱਖਦੇ ਅਧਿਆਤਮਕ ਆਗੂ, ਜੌਰਜ ਮਾਰੀਓ ਬੇਰਗੋਲੀਓ ਨਿਮਰਤਾ ਤੇ ਹਮਦਰਦੀ ਦੀ ਮੂਰਤ ਸਨ ਅਤੇ ਵੈਟੀਕਨ ਦੀਆਂ ਰੂੜੀਵਾਦੀ ਰਵਾਇਤਾਂ ਨੂੰ ਉਨ੍ਹਾਂ ਸ਼ਾਂਤ ਰਹਿੰਦਿਆਂ ਹਮੇਸ਼ਾ ਚੁਣੌਤੀ ਦਿੱਤੀ। ਸੰਨ 2013 ਵਿੱਚ ਜਿਸ ਪਲ ਉਨ੍ਹਾਂ ਸੇਂਟ ਪੀਟਰਜ਼ ਗਿਰਜਾਘਰ ਦੀ ਬਾਲਕਨੀ 'ਚ ਪੈਰ ਧਰਿਆ, ਪੋਪ ਨਾਲ ਜੁੜੀ ਠਾਠ-ਬਾਠ ਨੂੰ ਨਕਾਰਿਆ ਅਤੇ ਗ਼ਰੀਬਾਂ ਦੇ ਸੰਤ 'ਫਰਾਂਸਿਸ' ਦਾ ਨਾਂ ਚੁਣਿਆ, ਉਨ੍ਹਾਂ ਦੇ ਸੁਨੇਹੇ 'ਚ ਕੋਈ ਸ਼ੰਕਾ ਨਹੀਂ ਸੀ ਕਿ ਪੋਪ ਦਾ ਇਹ ਕਾਰਜਕਾਲ ਫ਼ੈਸਲੇ ਸੁਣਾਉਣ ਨਾਲੋਂ ਰਹਿਮ, ਬੇਦਖ਼ਲੀ ਨਾਲੋਂ ਸ਼ਮੂਲੀਅਤ ਅਤੇ ਤਾਕਤਵਰਾਂ ਨਾਲੋਂ ਦਬੇ-ਕੁਚਲਿਆਂ ਨੂੰ ਵੱਧ ਤਰਜੀਹ ਦੇਵੇਗਾ।

ਉਨ੍ਹਾਂ ਨੂੰ ਅਜਿਹੇ ਪੋਪ ਵਜੋਂ ਯਾਦ ਰੱਖਿਆ ਜਾਵੇਗਾ ਜਿਸ ਨੇ ਕੈਦੀਆਂ ਦੇ ਪੈਰ ਧੋਤੇ, ਅਪੋਸਟੋਲਿਕ ਮਹਿਲ ਦੀ ਬਜਾਏ ਗੈਸਟ ਹਾਊਸ 'ਚ ਰਹੇ ਅਤੇ ਸਮਲਿੰਗੀਆਂ, ਕੈਥੋਲਿਕਾਂ, ਪਰਵਾਸੀਆਂ ਤੇ ਜਲਵਾਯੂ ਸੁਧਾਰਾਂ ਨੂੰ ਇਖ਼ਲਾਕੀ ਸਪੱਸ਼ਟਤਾ ਨਾਲ ਗਲ ਲਾਇਆ। ਵਾਤਾਵਰਨ ਸਬੰਧੀ ਅਗਵਾਈ ਤੇ ਆਰਥਿਕ ਨਾ-ਬਰਾਬਰੀ ਬਾਰੇ ਉਨ੍ਹਾਂ ਦੇ ਸੁਨੇਹਿਆਂ ਨੇ ਇੱਕੀਵੀਂ ਸਦੀ 'ਚ ਕੈਥੋਲਿਕ ਸਿਧਾਂਤ ਨੂੰ ਨਵੇਂ ਸਿਰਿਓਂ ਪ੍ਰਗਟ ਕੀਤਾ। ਬਹੁਤਿਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਚਰਚ ਨੂੰ ਤਾਕਤਵਰ ਸੰਸਥਾ ਵਜੋਂ ਨਹੀਂ ਲਿਆ, ਬਲਕਿ ਫੀਲਡ ਹਸਪਤਾਲ ਵਜੋਂ ਦੇਖਿਆ। ਲੋਕਾਂ ਨੂੰ ਉਹ ਉੱਥੇ ਮਿਲੇ, ਜਿੱਥੇ ਉਹ ਦੁਖੀ ਸਨ। ਪੋਪ ਫਰਾਂਸਿਸ ਨੇ ਜ਼ਿਕਰਯੋਗ ਢੰਗ ਨਾਲ ਭਾਰਤ ਦੇ ਸਾਇਰੋ-ਮਾਲਾਬਾਰ ਚਰਚ ਵਿੱਚ ਉੱਠੇ ਵਿਵਾਦ ਨੂੰ ਹੱਲ ਕੀਤਾ, ਆਰਚਬਿਸ਼ਪ ਸਾਇਰਿਲ ਵਾਸਿਲ ਨੂੰ ਮਸਲਾ ਸੁਲਝਾਉਣ ਲਈ ਆਪਣਾ ਡੈਲੀਗੇਟ ਨਿਯੁਕਤ ਕੀਤਾ।

ਆਲੋਚਕਾਂ ਨੇ ਉਨ੍ਹਾਂ ਨੂੰ ਬਹੁਤ ਅਗਾਂਹਵਧੂ ਸਮਝਿਆ ਤੇ ਪਾਦਰੀਆਂ ਦੀਆਂ ਬਦਸਲੂਕੀਆਂ 'ਤੇ ਉਨ੍ਹਾਂ ਦਾ ਪਹਿਲਾ ਹੁੰਗਾਰਾ ਜਾਂਚ-ਪੜਤਾਲ ਦੇ ਘੇਰੇ ਵਿੱਚ ਆ ਗਿਆ। ਫਿਰ ਵੀ ਫਰਾਂਸਿਸ ਅਧੀਨ ਹੋਏ ਸੁਧਾਰ ਭਾਵੇਂ ਅਧੂਰੇ, ਪਰ ਅਸਲ ਸਨ। ਮਗਰੋਂ ਵੀ ਉਨ੍ਹਾਂ ਚਰਚ ਦੀ ਨੈਤਿਕ ਸੂਈ ਨੂੰ ਹਮਦਰਦੀ ਵੱਲ ਮੋੜਿ ?ਆ। ਟਕਰਾਅ ਦੇ ਖੇਤਰਾਂ ਦੇ ਉਨ੍ਹਾਂ ਦੇ ਦੌਰੇ ਅਤੇ ਅਸਹਿਜ ਸੱਚ ਬਿਆਨਣ ਦੀ ਉਨ੍ਹਾਂ ਦੀ ਇੱਛਾ ਨੇ ਉਨ੍ਹਾਂ ਨੂੰ ਕੈਥੋਲਿਕ ਦਾਇਰੇ ਤੋਂ ਵੀ ਬਾਹਰ ਦੀ ਇਖ਼ਲਾਕੀ ਤਾਕਤ ਬਖ਼ਸ਼ੀ। ਵੰਡੇ ਹੋਏ ਸੰਸਾਰ ਵਿੱਚ ਤੇ ਅਕਸਰ ਵੰਡੇ ਹੋਏ ਚਰਚ ਵਿੱਚ ਵੀ ਉਹ ਏਕੇ ਤੇ ਉਮੀਦ ਦੀ ਮੂਰਤ ਬਣੇ ਨਜ਼ਰ ਆਏ। ਪੋਪ ਫਰਾਂਸਿਸ ਨੇ ਸਾਨੂੰ ਚੇਤੇ ਕਰਾਇਆ ਕਿ ਅਸਲੀ ਤਾਕਤ ਮਨੁੱਖਤਾ ਵਿੱਚ ਹੈ। ਉਨ੍ਹਾਂ ਦਾ ਸੱਦਾ 'ਗ਼ਰੀਬਾਂ ਦਾ ਚਰਚ, ਗ਼ਰੀਬਾਂ ਲਈ', ਪੀੜ੍ਹੀਆਂ ਤੱਕ ਗੂੰਜਦਾ ਰਹੇਗਾ।



ਦੁਨੀਆਂ ਨੂੰ ਸ਼ਾਂਤੀ ਵੰਡਣ ਵਾਲੀ ਇਸ ਮਹਾਨ ਆਤਮਾ ਦੁਨੀਆਂ ਨੂੰ ਸ਼ਾਂਤੀ ਵੰਡਣ ਵਾਲੀ ਇਸ ਮਹਾਨ ਆਤਮਾ ਦੇ ਅਕਾਲ ਚਲਾਣੇ ਉਪਰ ਦੁਨੀਆ ਭਰ ਦੇ ਲੋਕ ਸੋਗ ਮਨਾ ਰਹੇ ਹਨੇ ਉਨ੍ਹਾਂ ਦਾ ਸਮੁੱਚਾ ਜੀਵਨ ਉਨ੍ਹਾਂ ਦੀ ਨਿਮਰਤਾ, ਉਦਾਰਤਾ, ਗਰੀਬਾਂ ਲਈ ਚਿੰਤਾ ਮਨੁੱਖਤਾਂ ਲਈ ਪਿਆਰ ਸਦਭਾਵਨਾ ਅਤੇ ਸੇਵਾ ਦਾ ਪ੍ਰਤੀਕ ਸੀ। ਇਸਾਈ ਮੱਤ ਦੇ ਇਸ ਮਹਾਨ ਪੋਪ ਫਰਾਂਸਿਸ ਦਾ ਸੋਮਵਾਰ ਸਵੇਰੇ 88 ਸਾਲ ਦੀ ਉਮਰ 'ਚ ਈਸਟਰ ਐਤਵਾਰ ਤੋਂ ਇੱਕ ਦਿਨ ਬਾਅਦ ਰੋਮ 'ਚ ਦੇਹਾਂਤ ਹੋ ਗਿਆ, ਰੱਬ ਅਕਾਲ ਪੁਰਖ ਉਸਦੀ ਆਤਮਾ ਨੂੰ ਸਦੀਵੀ ਆਪਣੇ ਚਰਨਾ 'ਚ ਨਿਵਾਸ ਬਖਸ਼ੇ।

# ਪਹਿਲਗਾਮ 'ਚ ਸੈਲਾਨੀਆਂ 'ਤੇ ਅੱਤਵਾਦੀ ਹਮਲਾ-28 ਮੌਤਾਂ

## • ਕਈ ਜ਼ਖ਼ਮੀ, ਮ੍ਰਿਤਕਾਂ 'ਚ ਦੋ ਵਿਦੇਸ਼ੀ ਨਾਗਰਿਕ ਸ਼ਾਮਲ

## • ਲਸ਼ਕਰ ਨੇ ਲਈ ਜ਼ਿੰਮੇਵਾਰੀ • ਸੁਰੱਖਿਆ ਬਲਾਂ ਨੇ ਕੀਤੀ ਘੇਰਾਬੰਦੀ




ਜੰਮੂ 'ਚ ਪਹਿਲਗਾਮ ਅੱਤਵਾਦੀ ਹਮਲੇ 'ਤੇ ਪਾਕਿਸਤਾਨ ਵਿਰੁੱਧ ਪ੍ਰਦਰਸ਼ਨ ਕਰਦੇ ਹੋਏ ਰਾਸ਼ਟਰੀਯ ਬਜਰੰਗ ਦਲ ਦੇ ਕਾਰਕੁੰਨ।





ਹਮਲੇ 'ਚ ਜ਼ਖ਼ਮੀ ਹੋਈ ਇਕ ਔਰਤ ਅਤੇ ਇਲਾਜ ਅਧੀਨ ਇਕ ਜ਼ਖ਼ਮੀ ਦਾ ਹਾਲ-ਚਾਲ ਪੁੱਛਦੇ ਹੋਏ ਜੰਮੂ ਕਸ਼ਮੀਰ ਦੀ ਮੰਤਰੀ ਸਕੀਨਾ ਇਤੂ।





ਅਨੰਤਨਾਗ ਵਿਖੇ ਸੈਲਾਨੀ ਔਰਤ ਨੂੰ ਹਸਪਤਾਲ ਲੈ ਕੇ ਜਾਂਦਾ ਹੋਇਆ ਸੁਰੱਖਿਆ ਕਰਮੀ ਅਤੇ ਵਿਰਲਾਪ ਕਰਦੀਆਂ ਔਰਤਾਂ



ਲੋਕ ਅੱਤਵਾਦੀ ਹਮਲੇ ਦੇ ਵਿਰੋਧ ਵਿਚ ਮੋਮਬੱਤੀ ਮਾਰਚ ਕੱਢਦੇ ਹੋਏ।



ਰਾਤ ਸਮੇਂ ਪਹਿਲਗਾਮ ਵਿਖੇ ਤਾਇਨਾਤ ਇਕ ਜਵਾਨ।



ਪਹਿਲਗਾਮ ਦੇ ਨੇੜੇ ਨਿਗਰਾਨੀ ਕਰਦਾ ਸੁਰੱਖਿਆ ਕਰਮੀ।



ਹਮਲੇ ਤੋਂ ਬਾਅਦ ਆਪਦੀ ਪਤੀ ਦੀ ਲਾਸ਼ ਕੋਲ ਬੈਠੀ ਨਵ-ਵਿਆਹੀ

ਸ੍ਰੀਨਗਰ : ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਵਿਚ ਅੱਜ ਦੁਪਹਿਰ ਸਮੇਂ ਅੱਤਵਾਦੀਆਂ ਨੇ ਸੈਲਾਨੀਆਂ 'ਤੇ ਵੱਡਾ ਅੱਤਵਾਦੀ ਹਮਲਾ ਕੀਤਾ, ਜਿਸ 'ਚ 28 ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ 'ਚ ਦੋ ਵਿਦੇਸ਼ੀ ਸੈਲਾਨੀ ਹਨ ਅਤੇ ਬਾਕੀ ਉੱਤਰ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ ਅਤੇ ਓਡੀਸ਼ਾ ਨਾਲ ਸੰਬੰਧਿਤ ਹਨ। ਇਹ ਹਮਲਾ 2019 'ਚ ਪੁਲਵਾਮਾ ਹਮਲੇ ਤੋਂ ਬਾਅਦ ਵਾਦੀ 'ਚ ਸਭ ਤੋਂ ਘਾਤਕ ਹਮਲਾ ਹੈ। ਇਸ ਅੱਤਵਾਦੀ ਹਮਲੇ ਵਿਚ ਘੱਟੋ-ਘੱਟ 20 ਤੋਂ ਵੱਧ ਸੈਲਾਨੀ ਜ਼ਖਮੀ ਹੋ ਗਏ। ਇਕ ਉੱਚ ਅਧਿਕਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 28 ਮ੍ਰਿਤਕਾਂ 'ਚ 2 ਵਿਦੇਸ਼ੀ (ਇਕ ਯੂ.ਏ.ਈ ਅਤੇ ਇਕ ਨਿਪਾਲ ਦਾ ਨਾਗਰਿਕ) ਅਤੇ 2 ਸਥਾਨ ਲੋਕ ਸ਼ਾਮਿਲ ਹਨ। ਮੀਡੀਆ ਰਿਪੋਰਟਾਂ ਮੁਤਾਬਿਕ ਅੱਤਵਾਦੀਆਂ ਨੇ ਪਹਿਲਾਂ ਇਕ ਸੈਲਾਨੀ ਤੋਂ ਨਾਂਅ ਪੁੱਛਿਆ ਅਤੇ ਇਸ ਤੋਂ ਬਾਅਦ ਉਸ ਦੇ ਸਿਰ ਵਿਚ ਗੋਲੀ ਮਾਰ ਦਿੱਤੀ ਅਤੇ ਬਾਅਦ ਵਿਚ ਉਥੇ ਹੋਰ ਸੈਲਾਨੀਆਂ 'ਤੇ ਨੇੜਿਓਂ ਗੋਲੀਆਂ ਚਲਾਉਂਦੇ ਹੋਏ ਫ਼ਰਾਰ ਹੋ ਗਏ। ਕੁੱਝ ਸੈਲਾਨੀਆਂ ਅਨੁਸਾਰ ਹਮਲਾਵਰਾਂ ਦੀ ਗਿਣਤੀ 5 ਸੀ। ਪਾਕਿਸਤਾਨ ਆਧਾਰਿਤ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਨਾਲ ਸੰਬੰਧਿਤ ਸਮੂਹ 'ਦਿ ਰਜ਼ਿਸਟੈਂਸ ਫ਼ਰੰਟ (ਟੀ.ਆਰ.ਐਫ) ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਸੰਭਵ ਹੈ ਕਿ ਅੱਤਵਾਦੀ ਸਮੂਹ ਜੰਮੂ ਦੇ ਕਿਸ਼ਤਵਾੜ ਤੋਂ ਪਾਰ ਹੋ ਕੇ ਦੱਖਣੀ ਕਸ਼ਮੀਰ ਦੇ ਕੋਕਰਨਾਗ ਰਾਹੀਂ ਬੈਸਰਨ ਪਹੁੰਚਿਆ ਹੋਵੇ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਦਾ ਪਤਾ ਲਗਾਇਆ ਜਾ ਰਿਹਾ ਹੈ। ਅਬਦੁੱਲਾ ਨੇ ਆਪਣੇ ਸੋਸ਼ਲ ਮੀਡੀਆ ਮੰਚ ਐਕਸ 'ਤੇ ਇਕ ਪੋਸਟ ਵਿਚ ਲਿਖਿਆ ਕਿ ਇਹ ਹਮਲਾ ਹਾਲ ਹੀ ਦੇ ਸਾਲਾਂ ਦੌਰਾਨ ਆਮ ਲੋਕਾਂ 'ਤੇ ਕੀਤੇ ਗਏ ਕਿਸੇ ਵੀ ਹਮਲੇ ਨਾਲੋਂ ਕਿਤੇ ਵੱਡਾ ਹਮਲਾ ਹੈ। ਅੱਤਵਾਦੀਆਂ ਨੇ ਇਹ ਹਮਲਾ ਪਹਿਲਗਾਮ ਨੇੜੇ ਮਿੰਨੀ ਸਵਿਟਜ਼ਰਲੈਂਡ ਵਜੋਂ ਮਸ਼ਹੂਰ ਬੈਸਰਨ ਘਾਟੀ 'ਚ ਬਾਅਦ ਦੁਪਹਿਰ ਕਰੀਬ 3 ਵਜੇ ਕੀਤਾ। ਉਥੇ ਸਿਰਫ਼ ਪੈਦਲ ਜਾਂ ਘੋੜਿਆਂ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਇਸ ਸਥਾਨ 'ਤੇ ਅੱਜ ਸਵੇਰੇ ਸੈਲਾਨੀਆਂ ਦਾ ਇਕ ਗਰੁੱਪ ਘੁੰਮਣ ਗਿਆ ਸੀ। ਸਥਾਨਕ ਪੁਲਿਸ ਅਧਿਕਾਰੀਆਂ ਨੇ ਉਕਤ ਜਾਣਕਾਰੀ ਦਿੱਤੀ ਹੈ। ਇਕ ਚਸ਼ਮਦੀਦ ਗਵਾਹ ਨੇ ਦੱਸਿਆ ਕਿ ਅਣਪਛਾਤੇ ਬੰਦੂਕਧਾਰੀਆਂ ਨੇ ਸੈਲਾਨੀਆਂ 'ਤੇ ਨੇੜਿਓਂ ਤੋਂ ਗੋਲੀਆਂ ਚਲਾਈਆਂ, ਜਿਸ ਨਾਲ ਕਈ ਸੈਲਾਨੀ ਜ਼ਖ਼ਮੀ ਹੋ ਗਏ। ਹਮਲੇ ਵਿਚ ਵਾਲ-ਵਾਲ ਬਚੀ ਇਕ ਔਰਤ ਨੇ ਫ਼ੋਨ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਮੇਰੇ ਪਤੀ ਦੇ ਸਿਰ ਵਿਚ ਗੋਲੀ ਲੱਗੀ ਹੈ, ਜਦੋਂਕਿ ਹਮਲੇ ਵਿਚ ਸੱਤ ਹੋਰ ਵਿਅਕਤੀ ਵੀ ਜ਼ਖ਼ਮੀ ਹੋਏ ਸਨ। ਔਰਤ ਨੇ ਆਪਣੀ ਪਛਾਣ ਨਹੀਂ ਦੱਸੀ ਪਰ ਪੱਤਰਕਾਰਾਂ ਨੂੰ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਣ 'ਚ ਮਦਦ ਕਰਨ ਦੀ ਬੇਨਤੀ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਜ਼ਖ਼ਮੀਆਂ ਨੂੰ ਸੁਰੱਖਿਅਤ ਕੱਢਣ ਲਈ ਇਕ ਹੈਲੀਕਾਪਟਰ ਸੇਵਾ ਵਿਚ ਲਗਾਇਆ ਗਿਆ ਹੈ ਅਤੇ ਕੁਝ ਜ਼ਖ਼ਮੀਆਂ ਨੂੰ ਸਥਾਨਕ ਲੋਕਾਂ ਨੇ ਆਪਣੇ ਘੋੜਿਆਂ ਰਾਹੀਂ ਘਾਹ ਦੇ ਮੈਦਾਨਾਂ ਤੋਂ ਹੇਠਾਂ ਲਿਆਂਦਾ। ਪਹਿਲਗਾਮ ਹਸਪਤਾਲ ਦੇ ਇਕ ਡਾਕਟਰ ਨੇ ਦੱਸਿਆ ਕਿ 12 ਜ਼ਖ਼ਮੀ ਸੈਲਾਨੀਆਂ ਨੂੰ ਉੱਥੇ ਦਾਖਲ ਕਰਵਾਇਆ ਗਿਆ ਹੈ ਅਤੇ ਸਾਰਿਆਂ ਦੀ ਹਾਲਤ ਸਥਿਰ ਹੈ। ਇਸ ਤੋਂ ਪਹਿਲਾਂ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਇਥੇ ਦੱਸਿਆ ਕਿ ਗੋਲੀਆਂ ਦੀ ਆਵਾਜ਼ ਸੁਣਾਈ ਦੇਣ ਤੋਂ ਬਾਅਦ ਸੁਰੱਖਿਆ ਬਲ ਪਹਿਲਗਾਮ ਦੇ ਬੈਸਰਨ ਮੈਦਾਨ ਵਿਚ ਪਹੁੰਚੇ। ਇਹ ਘਟਨਾ ਉਦੋਂ ਵਾਪਰੀ ਹੈ ਜਦੋਂ ਕਸ਼ਮੀਰ ਸਾਲਾਂ ਤੋਂ ਅੱਤਵਾਦ ਦੀ ਮਾਰ ਝੱਲਣ ਤੋਂ ਬਾਅਦ ਸੈਲਾਨੀਆਂ ਦੀ ਆਮਦ ਵਿਚ ਵਾਧਾ ਦੇਖ ਰਿਹਾ ਹੈ। ਇਸ ਤੋਂ ਇਲਾਵਾ 38 ਦਿਨਾਂ ਦੀ ਅਮਰਨਾਥ ਯਾਤਰਾ ਵੀ 3 ਜੁਲਾਈ ਨੂੰ ਸ਼ੁਰੂ ਹੋਣ ਵਾਲੀ ਹੈ। ਦੇਸ਼ ਭਰ ਤੋਂ ਲੱਖਾਂ ਸ਼ਰਧਾਲੂ ਦੋ ਰੂਟਾਂ-ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਰਵਾਇਤੀ 48 ਕਿਲੋਮੀਟਰ ਪਹਿਲਗਾਮ ਰਸਤਾ ਅਤੇ ਗੰਦਰਬਲ ਜ਼ਿਲ੍ਹੇ ਵਿਚ ਛੋਟਾ 14 ਕਿਲੋਮੀਟਰ ਦਾ ਪਰ ਖੜ੍ਹਵਾਂ ਬਾਲਟਾਲ ਰਸਤੇ ਰਾਹੀਂ ਗੁਫਾ ਤੀਰਥ ਸਥਾਨ ਦੀ ਯਾਤਰਾ ਕਰਦੇ ਹਨ।

# ਅੱਤਵਾਦੀਆਂ ਦਾ ਬੁਰਾ ਏਜੰਡਾ ਕਦੇ ਸਫਲ ਨਹੀਂ ਹੋਵੇਗਾ, ਦੋਸ਼ੀ ਬਖ਼ਸ਼ੇ ਨਹੀਂ ਜਾਣਗੇ : ਮੋਦੀ

## ਪ੍ਰਧਾਨ ਮੰਤਰੀ ਨੇ ਸਾਊਦੀ ਅਰਬ ਦਾ ਦੌਰਾ ਵਿਚਾਲੇ ਛੱਡਿਆ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸੋਸ਼ਲ ਮੀਡੀਆ ਮੰਚ 'ਤੇ ਲਿਖਿਆ ਕਿ ਮੈਂ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦਾ ਹਾਂ। ਉਨ੍ਹਾ ਕਿਹਾ ਕਿ ਮੇਰੀ ਉਨ੍ਹਾਂ ਲੋਕਾਂ ਪ੍ਰਤੀ ਦਿਲੋਂ ਹਮਦਰਦੀ ਹੈ ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਗੁਆ ਦਿੱਤਾ ਹੈ। ਮੈਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਪ੍ਰਾਰਥਨਾ ਕਰਦਾ ਹਾਂ। ਪੀੜਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਕੰਮ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਦਾ ਬੁਰਾ ਏਜੰਡਾ ਕਦੇ ਸਫਲ ਨਹੀਂ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਕਿ ਸਊਦੀ ਅਰਬ ਦੇ ਦੌਰੇ 'ਤੇ ਹਨ ਨੂੰ ਜਦੋਂ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਸੈਲਾਨੀਆਂ 'ਤੇ ਅੱਤਵਾਦੀ ਹਮਲਾ ਹੋਣ ਦੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਤੁਰੰਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲਬਾਤ ਕੀਤੀ ਅਤੇ ਸਥਿਤੀ ਨਾਲ ਨਿਪਟਣ ਲਈ ਸਾਰੇ ਉੱਚਿਤ ਕਦਮ ਚੁੱਕਣ ਲਈ ਕਿਹਾ। ਅਧਿਕਾਰਕ ਸੂਤਰਾਂ ਨੇ ਦੱਸਿਆ ਕਿ ਮੋਦੀ ਨੇ ਸ਼ਾਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦੌਰਾ ਕਰਨ ਲਈ ਕਿਹਾ ਹੈ। ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਪ੍ਰਮੁੱਖ ਸੈਲਾਨੀ ਸਥਾਨ ਪਹਿਲਗਾਮ ਵਿਖੇ ਅੱਤਵਾਦੀਆਂ ਨੇ ਹਮਲਾ ਕਰ ਦਿੱਤਾ, ਜਿਸ 'ਚ ਕਈ ਸੈਲਾਨੀਆਂ ਦੇ ਮਾਰੇ ਜਾਣ ਦੀ ਸੰਭਾਵਨਾ ਹੈ ਅਤੇ ਘੱਟ ਤੋਂ ਘੱਟ 20 ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਮ੍ਰਿਤਕਾਂ ਦੀ ਗਿਣਤੀ ਦਾ ਪਤਾ ਲਗਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਜੰਮੂ ਕਸ਼ਮੀਰ 'ਚ ਸੈਲਾਨੀਆਂ 'ਤੇ ਹੋਏ ਭਿਆਨਕ ਅੱਤਵਾਦੀ ਹਮਲੇ ਤੋਂ ਕੁਝ ਘੰਟੇ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਊਦੀ ਅਰਬ ਦੀ ਆਪਣੀ ਦੋ ਦਿਨਾਂ ਯਾਤਰਾ ਨੂੰ ਵਿਚਾਲੇ ਛੱਡ ਕੇ ਦੇਸ਼ ਪਰਤ ਆਏ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਾਊਦੀ ਅਰਬ ਵਲੋਂ ਆਯੋਜਿਤ ਸਰਕਾਰੀ ਰਾਤ ਦੇ ਖਾਣੇ ਨੂੰ ਨਹੀਂ ਖਾਧਾ ਅਤੇ ਆਪਣੀ ਯਾਤਰਾ ਨੂੰ ਵਿਚਾਲੇ ਮੁਲਤਵੀ ਕਰਨ ਦਾ ਫੈਸਲਾ ਕੀਤਾ।

# ਸੁਰੱਖਿਆ ਏਜੰਸੀਆਂ ਵੱਲੋਂ 3 ਦਹਿਸ਼ਤਗਰਦਾਂ ਦੇ ਸਕੈਚ ਜਾਰੀ



ਚੰਡੀਗੜ੍ਹ : ਜੰਮੂ ਕਸ਼ਮੀਰ ਦੇ ਪਹਿਲਗਾਮ 'ਚ ਮੰਗਲਵਾਰ ਨੂੰ ਹੋਏ ਅੱਤਵਾਦੀ ਹਮਲੇ 'ਚ 26 ਲੋਕਾਂ ਦੀ ਜਾਨ ਚਲੀ ਗਈ ਹੈ, ਜਦੋਂ ਕਿ ਕਈ ਹੋਰ ਜ਼ਖ਼ਮੀ ਦੱਸੇ ਜਾ ਰਹੇ ਹਨ। ਇਸ ਅੱਤਵਾਦੀ ਹਮਲੇ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉੱਥੇ ਹੀ ਹਮਲੇ ਦੇ ਪਿਛੇ ਲੁਕੇ ਅੱਤਵਾਦੀਆਂ ਦੀ ਭਾਲ ਲਈ ਪੂਰੇ ਇਲਾਕੇ ਨੂੰ ਘੇਰ ਲਿਆ ਗਿਆ ਹੈ। ਘਟਨਾ ਤੋਂ ਬਾਅਦ ਜਾਂਚ ਏਜੰਸੀਆਂ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਤਿੰਨ ਸ਼ੱਕੀ ਅੱਤਵਾਦੀਆਂ ਦੇ ਸਕੈੱਚ ਜਨਤਕ ਕੀਤੇ ਹਨ। ਇਨ੍ਹਾਂ ਸਕੈਚ ਦੀ ਮਦਦ ਨਾਲ ਹਮਲਾਵਰਾਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਦੀ ਕੋਸ਼ਿਸ਼ ਤੇਜ਼ ਹੋ ਗਈ ਹੈ।

ਦੱਸਣਯੋਗ ਹੈ ਕਿ ਬੈਸਰਨ ਘਾਟੀ, ਜਿਸ ਨੂੰ ਲੋਕ ਪਿਆਰ ਨਾਲ 'ਮਿੰਨੀ ਸਵਿਟਜ਼ਰਲੈਂਡ' ਕਹਿੰਦੇ ਹਨ, ਮੰਗਲਵਾਰ ਦੁਪਹਿਰ 2.30 ਵਜੇ ਅਚਾਨਕ ਗੋਲੀਬਾਰੀ ਦੀ ਆਵਾਜ਼ ਨਾਲ ਕੰਬ ਗਈ। ਪਹਾੜਾਂ ਦੀ ਗੋਦ 'ਚ ਵਸੇ ਇਸ ਸੁੰਦਰ ਸਥਾਨ 'ਤੇ ਪਹੁੰਚਣ ਵਾਲੇ ਸੈਲਾਨੀਆਂ ਨੇ ਸ਼ਾਇਦ ਹੀ ਸੋਚਿਆ ਹੋਵੇਗਾ ਕਿ ਉਨ੍ਹਾਂ ਦੀਆਂ ਛੁੱਟੀਆਂ ਦੀਆਂ ਤਸਵੀਰਾਂ ਕਿਸੇ ਕਾਲੀਆਂ ਖ਼ਬਰਾਂ ਦੀਆਂ ਸੁਰਖੀਆਂ 'ਚ ਬਦਲ ਜਾਣਗੀਆਂ।

# ਮੇਰੇ ਪਿਤਾ ਨੂੰ ਗੋਲੀਆਂ ਮਾਰਨ ਤੋਂ ਪਹਿਲਾਂ ਇਸਲਾਮਿਕ ਆਇਤ ਦਾ ਪਾਠ ਕਰਨ ਲਈ ਕਿਹਾ

## ਪੁਣੇ ਦੇ ਕਾਰੋਬਾਰੀ ਦੀ ਧੀ ਨੇ ਦਹਿਸ਼ਤੀ ਹਮਲੇ ਦੇ ਖ਼ੌਫਨਾਕ ਮੰਜ਼ਰ ਦੀ ਕਹਾਣੀ ਕੀਤੀ ਬਿਆਨ



ਮੁੰਬਈ : ਜਦੋਂ ਅਤਿਵਾਦੀ ਆਏ ਤਾਂ ਪਰਿਵਾਰ ਡਰ ਨਾਲ ਤੰਬੂ ਅੰਦਰ ਬੈਠਾ ਸੀ। ਉਨ੍ਹਾਂ 54 ਸਾਲਾ ਸੰਤੋਸ਼ ਜਗਦਲੇ ਨੂੰ ਬਾਹਰ ਆ ਕੇ ਇਸਲਾਮੀ ਆਇਤ ਦਾ ਪਾਠ ਕਰਨ ਲਈ ਕਿਹਾ। ਜਦੋਂ ਉਹ ਨਹੀਂ ਕਰ ਸਕਿਆ, ਤਾਂ ਉਨ੍ਹਾਂ ਨੇ ਉਸ ਨੂੰ ਤਿੰਨ ਗੋਲੀਆਂ ਮਾਰੀਆਂ; ਇੱਕ ਸਿਰ ਵਿੱਚ, ਦੂਜੀ ਕੰਨ ਦੇ ਪਿੱਛੇ ਅਤੇ ਤੀਜੀ ਉਸ ਦੀ ਪਿੱਠ ਵਿੱਚ।

ਪੁਣੇ ਦੇ ਕਾਰੋਬਾਰੀ ਦੀ 26 ਸਾਲਾ ਧੀ ਨੇ ਇਸ ਖ਼ਬਰ ਏਜੰਸੀ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਮੰਗਲਵਾਰ ਨੂੰ ਹੋਏ ਦਹਿਸ਼ਤੀ ਹਮਲੇ ਦਾ ਖ਼ੌਫਨਾਕ ਮੰਜ਼ਰ ਬਿਆਨ ਕੀਤਾ। ਅਸਾਵਰੀ ਜਗਦਲੇ ਨੇ ਕਿਹਾ ਕਿ ਜਦੋਂ ਉਸ ਦੇ ਪਿਤਾ ਜ਼ਮੀਨ 'ਤੇ ਡਿੱਗ ਪਏ, ਤਾਂ ਬੰਦੂਕਧਾਰੀਆਂ ਨੇ ਉਸ ਦੇ ਚਾਚੇ 'ਤੇ ਹਮਲਾ ਕਰ ਦਿੱਤਾ ਜੋ ਉਸ ਦੇ ਕੋਲ ਪਿਆ ਸੀ ਅਤੇ ਉਸ ਦੀ ਪਿੱਠ ਵਿੱਚ ਕਈ ਗੋਲੀਆਂ ਮਾਰੀਆਂ। ਅਸਾਵਰੀ ਜਗਦਲੇ ਨੇ ਗੋਲੀਬਾਰੀ ਤੋਂ ਪੰਜ ਘੰਟੇ ਬਾਅਦ ਇੱਕ ਟੈਲੀਫੋਨ ਇੰਟਰਵਿਊ ਵਿੱਚ ਇਸ ਖ਼ਬਰ ਏਜੰਸੀ ਨੂੰ ਦੱਸਿਆ, "ਸਾਡਾ ਪੰਜ ਲੋਕਾਂ ਦਾ ਇੱਕ ਸਮੂਹ ਸੀ, ਜਿਸ ਵਿੱਚ ਮੇਰੇ ਮਾਤਾ-ਪਿਤਾ ਵੀ ਸ਼ਾਮਲ ਸਨ। ਅਸੀਂ ਪਹਿਲਗਾਮ ਨੇੜੇ ਬੈਸਰਨ ਘਾਟੀ ਵਿੱਚ ਸੀ ਅਤੇ ਗੋਲੀਬਾਰੀ ਸ਼ੁਰੂ ਹੋਣ ਮੌਕੇ ਮਿੰਨੀ ਸਵਿਟਜ਼ਰਲੈਂਡ ਨਾਮਕ ਸਥਾਨ 'ਤੇ ਸੀ।"

ਅਸਾਵਰੀ ਨੂੰ ਨਹੀਂ ਪਤਾ ਕਿ ਉਸ ਦੇ ਪਿਤਾ ਅਤੇ ਚਾਚਾ ਜ਼ਿੰਦਾ ਹਨ ਜਾਂ ਮਰਿਆਂ ਵਿੱਚੋਂ ਹਨ। ਉਹ, ਉਸ ਦੀ ਮਾਂ ਅਤੇ ਇੱਕ ਹੋਰ ਮਹਿਲਾ ਰਿਸ਼ਤੇਦਾਰ ਨੂੰ ਬਚਾਇਆ ਗਿਆ, ਅਤੇ ਸਥਾਨਕ ਲੋਕਾਂ ਅਤੇ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਪਹਿਲਗਾਮ ਕਲੱਬ ਵਿੱਚੋਂ ਕੱਢਿਆ। ਉਹ ਆਪਣੇ ਸਮੂਹ ਵਿਚ ਸ਼ਾਮਲ ਦੋ ਆਦਮੀਆਂ ਦੀ ਕਿਸਮਤ ਬਾਰੇ ਅਣਜਾਣ ਹਨ। ਅਸਾਵਰੀ, ਜੋ ਪੁਣੇ ਵਿੱਚ ਮਨੁੱਖੀ ਸਰੋਤ ਪੇਸ਼ੇਵਰ ਹੈ, ਨੇ ਕਿਹਾ ਕਿ ਉਸ ਦਾ ਪਰਿਵਾਰ ਉਸ ਸੁੰਦਰ ਸਥਾਨ 'ਤੇ ਛੁੱਟੀਆਂ ਮਨਾ ਰਿਹਾ ਸੀ ਜਦੋਂ ਉਨ੍ਹਾਂ ਨੇ ਨੇੜਲੀ ਪਹਾੜੀ ਤੋਂ 'ਸਥਾਨਕ ਪੁਲੀਸ ਵਰਗੇ ਕੱਪੜੇ ਪਾਈ ਲੋਕਾਂ' ਵੱਲੋਂ ਗੋਲੀਬਾਰੀ ਦੀ ਆਵਾਜ਼ ਸੁਣੀ। ਅਸਾਵਰੀ ਨੇ ਕਿਹਾ, "ਅਸੀਂ ਤੁਰੰਤ ਬਚਾਅ ਲਈ ਨੇੜਲੇ ਤੰਬੂ ਵੱਲ ਭੱਜੇ। ਛੇ ਤੋਂ ਸੱਤ ਹੋਰਾਂ (ਸੈਲਾਨੀਆਂ) ਵੀ ਇਸੇ ਤਰ੍ਹਾਂ ਕੀਤਾ। ਅਸੀਂ ਸਾਰੇ ਗੋਲੀਬਾਰੀ ਤੋਂ ਬਚਾਅ ਲਈ ਜ਼ਮੀਨ 'ਤੇ ਲੇਟ ਗਏ।" ਉਸ ਨੇ ਕਿਹਾ ਕਿ ਅਤਿਵਾਦੀਆਂ ਦਾ ਸਮੂਹ ਪਹਿਲਾਂ ਨੇੜਲੇ ਤੰਬੂ ਵਿੱਚ ਆਇਆ ਅਤੇ ਗੋਲੀਬਾਰੀ ਕੀਤੀ। ਉਸ ਨੇ ਕਿਹਾ, "ਫਿਰ ਉਹ ਸਾਡੇ ਤੰਬੂ ਵਿੱਚ ਆਏ ਅਤੇ ਮੇਰੇ ਪਿਤਾ ਨੂੰ ਬਾਹਰ ਆਉਣ ਲਈ ਕਿਹਾ।"

ਅਸਾਵਰੀ ਨੇ ਕਿਹਾ, "ਉਨ੍ਹਾਂ ਕਿਹਾ 'ਚੌਧਰੀ ਤੂ ਬਾਹਰ ਆ ਜਾ।" ਫਿਰ ਦਹਿਸ਼ਤਗਰਦਾਂ ਨੇ ਉਨ੍ਹਾਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਮਾਇਤ ਕਰਨ ਦਾ ਦੋਸ਼ ਲਗਾਇਆ, ਜਿਸ ਤੋਂ ਬਾਅਦ ਕੁਝ ਬਿਆਨ ਦਿੱਤੇ ਕਿ ਜਿਸ ਵਿਚ ਉਨ੍ਹਾਂ ਕਸ਼ਮੀਰੀ ਅਤਿਵਾਦੀ ਵੱਲੋਂ ਮਾਸੂਮ ਲੋਕਾਂ, ਔਰਤਾਂ ਅਤੇ ਬੱਚਿਆਂ ਨੂੰ ਮਾਰਨ ਤੋਂ ਇਨਕਾਰ ਕੀਤਾ। ਉਸ ਨੇ ਕਿਹਾ, "ਫਿਰ ਉਨ੍ਹਾਂ ਮੇਰੇ ਪਿਤਾ ਨੂੰ ਇੱਕ ਇਸਲਾਮੀ ਆਇਤ (ਸ਼ਾਇਦ ਕਲਮਾ) ਦਾ ਪਾਠ ਕਰਨ ਲਈ ਕਿਹਾ। ਜਦੋਂ ਉਹ ਅਜਿਹਾ ਕਰਨ ਵਿੱਚ ਅਸਫਲ ਰਹੇ, ਤਾਂ ਉਨ੍ਹਾਂ ਨੇ ਉਨ੍ਹਾਂ 'ਤੇ ਤਿੰਨ ਗੋਲੀਆਂ ਚਲਾਈਆਂ, ਇੱਕ ਸਿਰ ਵਿੱਚ, ਇੱਕ ਕੰਨ ਦੇ ਪਿੱਛੇ ਅਤੇ ਦੂਜੀ ਪਿੱਠ ਵਿੱਚ। ਮੇਰਾ ਚਾਚਾ ਮੇਰੇ ਨਾਲ ਸੀ। ਅਤਿਵਾਦੀਆਂ ਨੇ ਉਨ੍ਹਾਂ 'ਤੇ ਚਾਰ ਤੋਂ ਪੰਜ ਗੋਲੀਆਂ ਚਲਾਈਆਂ।" ਉਨ੍ਹਾਂ ਮੌਕੇ 'ਤੇ ਮੌਜੂਦ ਕਈ ਹੋਰ ਆਦਮੀਆਂ ਨੂੰ ਗੋਲੀ ਮਾਰ ਦਿੱਤੀ। ਮਦਦ ਕਰਨ ਲਈ ਕੋਈ ਨਹੀਂ ਸੀ। ਕੋਈ ਪੁਲੀਸ ਜਾਂ ਫੌਜ ਨਹੀਂ ਸੀ, ਜੋ 20 ਮਿੰਟ ਬਾਅਦ ਪਹੁੰਚੀ। ਇੱਥੋਂ ਤੱਕ ਕਿ ਉੱਥੇ ਦੇ ਸਥਾਨਕ ਲੋਕ ਵੀ ਇਸਲਾਮੀ ਆਇਤ ਦਾ ਪਾਠ ਕਰ ਰਹੇ ਸਨ। ਅਸਾਵਰੀ ਨੇ ਕਿਹਾ, "ਜੋ ਲੋਕ ਸਾਨੂੰ ਘੋੜਿਆਂ 'ਤੇ ਬਿਠਾ ਕੇ ਮੌਕੇ 'ਤੇ ਲੈ ਕੇ ਗਏ ਸਨ, ਉਨ੍ਹਾਂ ਨੇ ਸਾਨੂੰ -ਮੈਂ ਅਤੇ ਮੇਰੀ ਮਾਂ ਸਮੇਤ ਤਿੰਨ ਔਰਤਾਂ ਨੂੰ- ਵਾਪਸੀ ਦੀ ਯਾਤਰਾ ਵਿੱਚ ਮਦਦ ਕੀਤੀ। ਬਾਅਦ ਵਿੱਚ ਸਾਡੀ ਸੱਟਾਂ ਦੀ ਜਾਂਚ ਕਰਨ ਲਈ ਡਾਕਟਰੀ ਜਾਂਚ ਕਰਵਾਈ ਗਈ ਅਤੇ ਫਿਰ ਪਹਿਲਗਾਮ ਕਲੱਬ ਭੇਜ ਦਿੱਤਾ ਗਿਆ। ਗੋਲੀਬਾਰੀ ਦੁਪਹਿਰ 3.30 ਵਜੇ ਦੇ ਕਰੀਬ ਹੋਈ। 5 ਘੰਟੇ ਹੋ ਗਏ ਹਨ ਅਤੇ ਮੇਰੇ ਪਿਤਾ ਅਤੇ ਚਾਚੇ ਦੀ ਡਾਕਟਰੀ ਸਥਿਤੀ ਬਾਰੇ ਕੋਈ ਅਪਡੇਟ ਨਹੀਂ ਹੈ।"

# 2000 ਤੋਂ ਬਾਅਦ ਜੰਮੂ-ਕਸ਼ਮੀਰ 'ਚ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਹੋਏ ਅੱਤਵਾਦੀ ਹਮਲੇ

- 21 ਮਾਰਚ, 2000 : ਅੱਤਵਾਦੀਆਂ ਨੇ 21 ਮਾਰਚ ਦੀ ਰਾਤ ਨੂੰ ਜ਼ਿਲ੍ਹਾ ਅਨੰਤਨਾਗ ਦੇ ਪਿੰਡ ਛੱਤੀਸਿੰਘਪੁਰਾ 'ਚ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ, ਜਿਸ 'ਚ 36 ਲੋਕ ਮਾਰੇ ਗਏ।
- ਅਗਸਤ 2000 : ਨੂਨਵਾਨ ਬੇਸ ਕੈਂਪ 'ਤੇ ਹੋਏ ਅੱਤਵਾਦੀ ਹਮਲੇ 'ਚ ਦੋ ਦਰਜਨ ਅਮਰਨਾਥ ਯਾਤਰੀਆਂ ਸਮੇਤ 32 ਲੋਕ ਮਾਰੇ ਗਏ।
- ਜੁਲਾਈ 2001 : ਅਮਰਨਾਥ ਯਾਤਰੀਆਂ ਨੂੰ ਇਕ ਵਾਰ ਫਿਰ ਨਿਸ਼ਾਨਾ ਬਣਾਇਆ ਗਿਆ, ਇਸ ਵਾਰ ਅਨੰਤਨਾਗ ਦੇ ਸ਼ੇਸ਼ਨਾਗ ਬੇਸ ਕੈਂਪ 'ਤੇ ਹੋਏ ਹਮਲੇ 'ਚ 13 ਲੋਕ ਮਾਰੇ ਗਏ।
- 1 ਅਕਤੂਬਰ, 2001 : ਸ੍ਰੀਨਗਰ 'ਚ ਜੰਮੂ ਅਤੇ ਕਸ਼ਮੀਰ ਰਾਜ ਵਿਧਾਨ ਸਭਾ ਕੰਪਲੈਕਸ 'ਚ ਇਕ ਆਤਮਘਾਤੀ (ਫਿਦਾਇਨ) ਅੱਤਵਾਦੀ ਹਮਲਾ ਹੋਇਆ, ਜਿਸ 'ਚ 36 ਲੋਕ ਮਾਰੇ ਗਏ।
- 2002 : ਚੰਦਨਵਾੜੀ ਬੇਸ ਕੈਂਪ 'ਤੇ ਅੱਤਵਾਦੀ ਹਮਲਾ ਹੋਇਆ ਅਤੇ 11 ਅਮਰਨਾਥ ਯਾਤਰੀ ਮਾਰੇ ਗਏ।
- 23 ਨਵੰਬਰ, 2002 : ਜੰਮੂ-ਸ੍ਰੀਨਗਰ ਰਾਸ਼ਟਰੀ ਰਾਜਮਾਰਗ 'ਤੇ ਦੱਖਣੀ ਕਸ਼ਮੀਰ ਦੇ ਲੋਅਰ ਮੁੰਡਾ ਵਿਖੇ ਇਕ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਧਮਾਕੇ 'ਚ 9 ਸੁਰੱਖਿਆ ਬਲਾਂ ਦੇ ਜਵਾਨਾਂ, ਤਿੰਨ ਔਰਤਾਂ ਅਤੇ ਦੋ ਬੱਚਿਆਂ ਸਮੇਤ 19 ਲੋਕਾਂ ਦੀ ਮੌਤ ਹੋ ਗਈ।
- 23 ਮਾਰਚ, 2003 : ਜ਼ਿਲ੍ਹਾ ਪੁਲਵਾਮਾ ਦੇ ਪਿੰਡ ਨੰਦੀਮਾਰਗ 'ਚ ਅੱਤਵਾਦੀਆਂ ਨੇ ਘੱਟੋ-ਘੱਟ 24 ਕਸ਼ਮੀਰੀ ਪੰਡਤਾਂ ਦਾ ਕਤਲੇਆਮ ਕੀਤਾ, ਜਿਨ੍ਹਾਂ 'ਚ 11 ਔਰਤਾਂ ਅਤੇ ਦੋ ਬੱਚੇ ਸ਼ਾਮਿਲ ਸਨ।
- 13 ਜੂਨ, 2005 : ਪੁਲਵਾਮਾ 'ਚ ਇਕ ਸਰਕਾਰੀ ਸਕੂਲ ਦੇ ਸਾਹਮਣੇ ਇਕ ਭੀੜ-ਭੜੱਕੇ ਵਾਲੇ ਬਾਜ਼ਾਰ 'ਚ ਧਮਾਕਾਖੇਜ਼ ਸਮਗਰੀ ਨਾਲ ਭਰੀ ਕਾਰ ਦੇ ਧਮਾਕੇ 'ਚ ਦੋ ਸਕੂਲੀ ਬੱਚਿਆਂ ਸਮੇਤ 13 ਨਾਗਰਿਕ ਅਤੇ ਤਿੰਨ ਸੀ. ਆਰ. ਪੀ. ਐਫ. ਅਧਿਕਾਰੀ ਮਾਰੇ ਗਏ, ਜਦੋਂਕਿ 100 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ।
- 12 ਜੂਨ, 2006 : ਕੁਲਗਾਮ 'ਚ 9 ਨਿਪਾਲੀ ਅਤੇ ਬਿਹਾਰੀ ਮਜ਼ਦੂਰ ਮਾਰੇ ਗਏ।
- 10 ਜੁਲਾਈ, 2017 : ਕੁਲਗਾਮ 'ਚ ਅਮਰਨਾਥ ਯਾਤਰਾ ਬੱਸ 'ਤੇ ਹਮਲਾ, 8 ਦੀ ਮੌਤ।

## ਦੇਸ਼ ਦੇ ਲੋਕਾਂ ਦੇ ਹਿਰਦੇ ਵਲੂੰਧਰੇ ਗਏ : ਅਮਨ ਅਰੋੜਾ




ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ। ਅਮਨ ਅਰੋੜਾ ਨੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਜਿੱਥੇ ਉਨ੍ਹਾਂ ਨੂੰ ਦੁੱਖ ਪਹੁੰਚਾਇਆ ਹੈ ਉਥੇ ਦੇਸ਼ ਦੇ ਲੋਕਾਂ ਦੇ ਵੀ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਸਾਡੀ ਹਮਦਰਦੀ ਪੀੜਤ ਪਰਿਵਾਰਾਂ ਨਾਲ ਹੈ। ਅਮਨ ਅਰੋੜਾ ਨੇ ਕਿਹਾ ਕਿ ਅਜਿਹੀ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਜਲਦ ਤੋਂ ਜਲਦ ਫੜ ਕੇ ਸਖ਼ਤ ਸਜ਼ਾ ਸੁਣਾਉਣੀ ਚਾਹੀਦੀ ਹੈ।

## ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲੇ : ਬਿਕਰਮ ਮਜੀਠੀਆ



ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਨੇ ਦੇਸ਼ ਵਿਚ ਇਕ ਸੋਗ ਦੀ ਲਹਿਰ ਫੈਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਸਾਡੀ ਹਮਦਰਦੀ ਪੀੜਤ ਪਰਿਵਾਰਾਂ ਨਾਲ ਹੈ ਉਥੇ ਅਸੀਂ ਮੰਗ ਕਰਦੇ ਹਾਂ ਕਿ ਇਸ ਘਟਨਾ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਜ਼ਖ਼ਮੀਆਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕਰਦਾ ਹਾਂ। ਪੂਰਾ ਦੇਸ਼ ਅੱਤਵਾਦ ਵਿਰੁੱਧ ਇੱਕਜੁੱਟ ਖੜ੍ਹਾ ਹੈ।

## ਦੋਸ਼ੀਆਂ ਨੂੰ ਜਲਦ ਨਿਆਂ ਦੇ ਕਟਹਿਰੇ 'ਚ ਲਿਆਂਦਾ ਜਾਵੇਗਾ : ਜਾਖੜ



ਚੰਡੀਗੜ੍ਹ : ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਨਿੰਦਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਸਥਿਤੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਜ਼ਮੀਨੀ ਸਥਿਤੀ ਦਾ ਜਾਇਜ਼ਾ ਲੈਣ ਲਈ ਪਹਿਲਾਂ ਹੀ ਜੰਮੂ ਵਿਚ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਨਿਆਂ ਦੇ ਕਟਹਿਰੇ 'ਚ ਲਿਆਂਦਾ ਜਾਵੇਗਾ।

## ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ : ਪੁਤਿਨ



ਮਾਸਕੋ : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅੱਤਵਾਦੀ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਅਜਿਹੇ ਬੇਰਹਿਮ ਅਪਰਾਧ ਲਈ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਜੇ ਇਕ ਸੰਦੇਸ਼ 'ਚ ਪੁਤਿਨ ਨੇ ਅੱਤਵਾਦੀ ਹਮਲੇ 'ਤੇ ਹਮਦਰਦੀ ਪ੍ਰਗਟ ਕੀਤੀ। ਪੁਤਿਨ ਨੇ ਅੱਤਵਾਦ ਦੇ ਸਾਰੇ ਰੂਪਾਂ ਨਾਲ ਲੜਨ ਲਈ ਭਾਰਤ ਨਾਲ ਸਹਿਯੋਗ ਨੂੰ ਹੋਰ ਵਧਾਉਣ ਲਈ ਰੂਸ ਦੀ ਵਚਨਬੱਧਤਾ ਨੂੰ ਦੁਹਰਾਇਆ।

## ਸਾਡੀਆਂ ਸੰਵੇਦਨਾਵਾਂ ਅਤੇ ਪ੍ਰਾਰਥਨਾਵਾਂ ਪੀੜਤਾਂ ਦੇ ਨਾਲ : ਵੈਂਸ



ਜੈਪੁਰ : ਅਮਰੀਕੀ ਉਪ ਰਾਸ਼ਟਰਪਤੀ ਜੇ. ਡੀ. ਵੇਂਸ ਅਤੇ ਦੂਜੀ ਮਹਿਲਾ ਊਸ਼ਾ ਚਿਲੂਕੁਰੀ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਹੈ। ਵੈਂਸ, ਜੋ ਇਸ ਸਮੇਂ ਭਾਰਤ ਦੌਰੇ 'ਤੇ ਹਨ, ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਅਸੀਂ ਇਸ ਦੇਸ਼ ਅਤੇ ਇਸ ਦੇ ਲੋਕਾਂ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋਏ ਹਾਂ। ਸਾਡੇ ਵਿਚਾਰ ਅਤੇ ਪ੍ਰਾਰਥਨਾਵਾਂ ਉਨ੍ਹਾਂ ਦੇ ਨਾਲ ਹਨ, ਕਿਉਂਕਿ ਉਹ ਇਸ ਭਿਆਨਕ ਹਮਲੇ ਦਾ ਸੋਗ ਮਨਾ ਰਹੇ ਹਨ।

# ਪਾਕਿਸਤਾਨ ਨੇ ਰਾਸ਼ਟਰੀ ਸੁਰੱਖਿਆ ਕਮੇਟੀ ਦੀ ਬੈਠਕ 'ਚ ਲਏ ਫੈਸਲੇ

- ਸਿੱਖ ਧਾਰਿਮਕ ਸ਼ਰਧਾਲੂਆਂ ਨੂੰ ਛੱਡ ਕੇ ਭਾਰਤੀ ਨਾਗਰਿਕਾਂ ਨੂੰ ਸਾਰਕ ਤਹਿਤ ਜਾਰੀ ਸਾਰੇ ਵੀਜ਼ੇ ਰੱਕ ਕੀਤੇ।
- ਸਿੱਖ ਸ਼ਰਧਾਲੂਆਂ ਨੂੰ ਛੱਡ ਕੇ ਪਾਕਿਸਤਾਨ 'ਚ ਮੌਜੂਦਾ ਪਾਰਤੀ ਨਾਗਰਿਕਾ ਨੂੰ 48 ਘੰਟਿਆਂ ਦੇ ਅੰਦਰ ਬਾਹਰ ਲਿਕਲਣ ਦਾ ਨਿਰਦੇਸ਼ ਦਿੱਤਾ।
- ਪਾਕਿਸਤਾਨ ਦਾ ਹਵਾਈ ਖੇਤਰ ਸਾਰੀਆਂ ਭਾਰਤੀ ਮਲਕੀਅਤ ਵਾਲੀਆਂ ਜਾਂ ਭਾਰਤੀ ਸੰਚਾਲਿਕ ਏਅਰਲਾਈਨਾਂ ਲਈ ਤੁਰੰਤ ਪ੍ਰਭਾਵ ਨਾਲ ਬੰਦ ਕਰ ਦਿੱਤਾ ਜਾਵੇ।
- ਪਾਕਿਸਤਾਨ ਰਾਹੀਂ ਕਿਸੇ ਵੀ ਤੀਜੇ ਦੇਸ਼ ਨਾਲ ਜਾਂ ਤੀਜੇ ਦੇਸ਼ ਵਲੋਂ ਭਾਰਤ ਨਾਲ ਸਾਰਾ ਵਪਾਰ ਤੁਰੰਤ ਬੰਦ ਕਰ ਦਿੱਤਾ ਗਿਆ ਹੈ।

# ਪਹਿਲਗਾਮ ਹਮਲੇ ਦੇ ਪੀੜਤਾਂ ਨੂੰ ਅਮਿਤ ਸ਼ਾਹ ਵੱਲੋਂ ਸ਼ਰਧਾਂਜਲੀ, ਹਮਲੇ ਦੌਰਾਨ ਬਚੇ ਲੋਕਾਂ ਨਾਲ ਮੁਲਾਕਾਤ




ਸ੍ਰੀਨਗਰ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅਤਿਵਾਦੀ ਹਮਲੇ 'ਚ ਮਾਰੇ ਗਏ 26 ਵਿਅਕਤੀਆਂ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ ਅਤੇ ਬਚੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਸ ਘਿਨਾਉਣੇ ਕਾਰੇ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾਵੇਗਾ। ਸ਼ਾਹ ਨੇ ਇੱਥੇ ਪੁਲੀਸ ਕੰਟਰੋਲ ਰੂਮ ਵਿਖੇ ਅਤਿਵਾਦੀ ਹਮਲੇ ਦੇ ਪੀੜਤਾਂ ਦੇ ਤਾਬੂਤਾਂ 'ਤੇ ਸ਼ਰਧਾਂਜਲੀ ਭੇਟ ਕੀਤੀ।

ਅਧਿਕਾਰੀਆਂ ਨੇ ਦੱਸਿਆ ਕਿ ਉਪ ਰਾਜਪਾਲ ਮਨੋਜ ਸਿਨਹਾ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਉਪਰੰਤ ਗ੍ਰਹਿ ਮੰਤਰੀ ਨੇ ਪੀੜਤਾਂ ਦੇ ਅਤੇ ਹੋਰ ਬਚੇ ਹੋਏ ਲੋਕਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਸੁਰੱਖਿਆ ਬਲ ਇਸ ਘਾਤਕ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕੋਈ ਕਸਰ ਨਹੀਂ ਛੱਡਣਗੇ।

ਗ਼ੌਰਤਲਬ ਹੈ ਕਿ ਸ਼ਾਹ ਬੁੱਧਵਾਰ ਰਾਤ ਨੂੰ ਹਮਲੇ ਦੇ ਕੁਝ ਘੰਟਿਆਂ ਦੇ ਬਾਅਦ ਹੀ ਇੱਥੇ ਪਹੁੰਚੇ ਅਤੇ ਪੁਲੀਸ ਡਾਇਰੈਕਟਰ ਜਨਰਲ ਨਲਿਨ ਪ੍ਰਭਾਤ ਨੇ ਉਨ੍ਹਾਂ ਨੂੰ ਸਥਿਤੀ ਬਾਰੇ ਜਾਣਕਾਰੀ ਦਿੱਤੀ।

# ਅਸੀਂ ਪਰਦੇ ਪਿੱਛੇ ਸਾਜ਼ਿਸ਼ਾਂ ਰਚਣ ਵਾਲਿਆਂ ਤੱਕ ਵੀ ਪਹੁੰਚਾਂਗੇ: ਰਾਜਨਾਥ ਸਿੰਘ



ਨਵੀਂ ਦਿੱਲੀ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਬੁੱਧਵਾਰ (23 ਅਪ੍ਰੈਲ) ਨੂੰ ਕਿਹਾ ਕਿ ਭਾਰਤ ਜਲਦੀ ਹੀ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਢੁਕਵਾਂ ਜਵਾਬ ਦੇਵੇਗਾ। ਸਿੰਘ ਨੇ ਕਿਹਾ ਕਿ ਅਸੀਂ ਸਿਰਫ਼ ਉਨ੍ਹਾਂ ਲੋਕਾਂ ਤੱਕ ਨਹੀਂ ਪਹੁੰਚਾਂਗੇ ਜਿਨ੍ਹਾਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ। ਇਸ ਦੀ ਬਜਾਏ, ਅਸੀਂ ਉਨ੍ਹਾਂ ਲੋਕਾਂ ਤੱਕ ਵੀ ਪਹੁੰਚ ਕਰਾਂਗੇ ਜਿਨ੍ਹਾਂ ਨੇ ਪਰਦੇ ਪਿੱਛੇ ਬੈਠ ਕੇ ਭਾਰਤੀ ਧਰਤੀ 'ਤੇ ਅਜਿਹੀਆਂ ਘਿਨਾਉਣੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚੀ ਹੈ। ਰੱਖਿਆ ਮੰਤਰੀ ਦਾ ਸਪੱਸ਼ਟ ਇਸ਼ਾਰਾ ਪਾਕਿਸਤਾਨ ਵੱਲ ਸੀ, ਜਿਸਦੇ ਅੱਤਵਾਦੀਆਂ ਨੇ ਪਹਿਲਗਾਮ ਵਿੱਚ ਹਮਲਾ ਕੀਤਾ ਸੀ।

ਮੰਗਲਵਾਰ ਨੂੰ ਦੱਖਣੀ ਕਸ਼ਮੀਰ ਦੇ ਇੱਕ ਪ੍ਰਮੁੱਖ ਸੈਰ-ਸਪਾਟਾ ਸਥਾਨ ਪਹਿਲਗਾਮ 'ਤੇ ਅੱਤਵਾਦੀਆਂ ਦੇ ਹਮਲੇ ਵਿੱਚ ਘੱਟੋ-ਘੱਟ 26 ਲੋਕ ਮਾਰੇ ਗਏ ਸਨ। ਜਦੋਂ ਕਿ ਕਈ ਹੋਰ ਜ਼ਖਮੀ ਹੋ ਗਏ। ਰਾਜਨਾਥ ਸਿੰਘ ਨੇ ਕਿਹਾ, 'ਸਾਡੇ ਦੇਸ਼ ਨੇ ਅੱਤਵਾਦੀਆਂ ਦੁਆਰਾ ਕੀਤੇ ਗਏ ਕਾਇਰਤਾਪੂਰਨ ਹਮਲੇ ਵਿੱਚ ਕਈ ਮਾਸੂਮ ਜਾਨਾਂ ਗੁਆ ਦਿੱਤੀਆਂ ਹਨ।' ਨਾਗਰਿਕ ਗੁਆਚ ਗਏ ਹਨ। ਇਸ ਅਣਮਨੁੱਖੀ ਕਾਰੇ ਕਾਰਨ ਅਸੀਂ ਸਾਰੇ ਡੂੰਘੇ ਦੁੱਖ ਅਤੇ ਦਰਦ ਵਿੱਚ ਹਾਂ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਸਾਰੇ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਮੈਂ ਇਸ ਦੁਖਦਾਈ ਸਮੇਂ ਵਿੱਚ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ।

ਉਨ੍ਹਾਂ ਅੱਗੇ ਕਿਹਾ, 'ਇੱਥੇ ਮੈਂ ਭਾਰਤ ਦੇ ਦ੍ਰਿੜ ਇਰਾਦੇ ਨੂੰ ਦੁਹਰਾਉਣਾ ਚਾਹੁੰਦਾ ਹਾਂ। ਸਾਡੀ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਹੈ। ਭਾਰਤ ਦਾ ਹਰ ਨਾਗਰਿਕ ਇਸ ਕਾਇਰਤਾਪੂਰਨ ਕਾਰਵਾਈ ਵਿਰੁੱਧ ਇੱਕਜੁੱਟ ਹੈ। ਮੈਂ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਸ ਘਟਨਾ ਦੇ ਮੱਦੇਨਜ਼ਰ, ਭਾਰਤ ਸਰਕਾਰ ਹਰ ਜ਼ਰੂਰੀ ਅਤੇ ਢੁਕਵਾਂ ਕਦਮ ਚੁੱਕੇਗੀ।'

# ਹਮਲੇ ਦਾ ਸ਼ਿਕਾਰ ਹੋਏ ਨੇਵੀ ਅ.ਫਸਰ ਦਾ ਹ.ਫਤਾ ਪਹਿਲਾਂ ਹੋਇਆ ਸੀ ਵਿਆਹ

## ਕੋਚੀ ਵਿਚ ਤਾਇਨਾਤ ਵਿਨੈ ਦਾ 16 ਅਪ੍ਰੈਲ ਨੂੰ ਗੁਰੂਗ੍ਰਾਮ-ਅਧਾਰਤ ਹਿਮਾਂਸ਼ੀ ਨਾਲ ਹੋਇਆ ਸੀ ਵਿਆਹ



ਕਰਨਾਲ (ਹਰਿਆਣਾ) : ਗੁਰੂਗ੍ਰਾਮ ਦੀ ਹਿਮਾਂਸ਼ੀ ਨੂੰ ਨਹੀਂ ਪਤਾ ਸੀ ਕਿ ਉਸ ਦੇ ਹੱਥਾਂ ਦੀ ਮਹਿੰਦੀ ਉਤਰਨ ਤੋਂ ਪਹਿਲਾਂ ਹੀ ਉਸਦੇ ਪਤੀ ਦਾ ਸਾਇਆ ਉਸ ਦੇ ਸਿਰ ਤੋਂ ਉੱਠ ਜਾਵੇਗਾ ਅਤੇ ਉਸ ਦੇ ਵਿਆਹ ਦੀਆਂ ਖੁਸ਼ੀਆਂ ਦੇ ਦਿਨ ਇਕ ਭਿਆਨਕ ਘਟਨਾ ਦੇ ਰੂਪ ਵਿਚ ਬਦਲ ਜਾਣਗੇ। ਹਰਿਆਣਾ ਦਾ ਸੱਜ-ਵਿਆਹਿਆ ਜੋੜਾ ਵਿਨੈ ਨਰਵਾਲ (26) ਅਤੇ ਹਿਮਾਂਸ਼ੀ ਆਪਣੇ ਵਿਆਹ ਤੋਂ ਬਾਅਦ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਘੁੰਮਣ ਗਏ ਸਨ, ਜਦੋਂ ਮੰਗਲਵਾਰ ਦੁਪਹਿਰ ਨੂੰ ਅਤਿਵਾਦੀ ਹਮਲਾ ਹੋਇਆ।


ਕਰਨਾਲ ਦੇ ਸੈਕਟਰ-7 ਦੇ ਵਸਨੀਕ ਲੈਫਟੀਨੈਂਟ ਨਰਵਾਲ ਕੋਚੀ ਵਿਚ ਤਾਇਨਾਤ ਸਨ ਅਤੇ ਹਾਲ ਹੀ ਵਿਚ 16 ਅਪਰੈਲ ਨੂੰ ਗੁਰੂਗ੍ਰਾਮ-ਅਧਾਰਤ ਹਿਮਾਂਸ਼ੀ ਨਾਲ ਵਿਆਹ ਕਰਵਾਇਆ ਸੀ ਅਤੇ 19 ਅਪਰੈਲ ਨੂੰ ਰਿਸੈਪਸ਼ਨ ਹੋਈ ਸੀ। ਇਹ ਜੋੜਾ ਆਪਣੇ ਜੀਵਨ ਦੀ ਨਵੀਂ ਸ਼ੁਰੂਆਤ ਦਾ ਜਸ਼ਨ ਮਨਾਉਣ ਲਈ ਕਸ਼ਮੀਰ ਗਿਆ ਸੀ।

ਇਕ ਗੁਆਂਢੀ ਨੇ ਭਰੇ ਮਨ ਨਾਲ ਦੱਸਿਆ ਕਿ ਜਦੋਂ ਨਰਵਾਲ ਦੇ ਗੋਲੀ ਲੱਗਣ ਦੀ ਖ਼ਬਰ ਘਰ ਪੁੱਜੀ ਤਾਂ ਉਸ ਸਮੇਂ ਪਰਿਵਾਰ ਦੇ ਮੈਂਬਰ ਅਜੇ ਵੀ ਗੁਆਂਢੀਆਂ ਨੂੰ ਵਿਆਹ ਦੀਆਂ ਮਿਠਾਈਆਂ ਵੰਡ ਰਹੇ ਸਨ, ਖੁਸ਼ੀ ਦਾ ਜਸ਼ਨ ਮਨਾ ਰਹੇ ਸਨ। ਉਨ੍ਹਾਂ ਕਿਹਾ "ਹਰ ਕੋਈ ਬਹੁਤ ਖੁਸ਼ ਸੀ ਅਤੇ ਅਸੀਂ ਅਗਲੇ ਮਹੀਨੇ 'ਮਾਤਾ ਦਾ ਜਾਗਰਣ' ਕਰਵਾਉਣ ਦੀ ਯੋਜਨਾ ਬਣਾ ਰਹੇ ਸੀ, ਪਰ ਹੁਣ ਸਭ ਸੁਪਨੇ ਚਕਨਾਚੂਰ ਹੋ ਗਏ ਹਨ।"

ਇਸ ਦਿਲ ਦਹਿਲਾ ਦੇਣ ਵਾਲੀ ਖ਼ਬਰ ਫੈਲਦੇ ਹੀ ਕਰਨਾਲ ਵਿਚ ਮਾਤਮ ਛਾ ਗਿਆ। ਉਨ੍ਹਾਂ ਦੇ ਪਿਤਾ ਤੁਰੰਤ ਪਹਿਲਗਾਮ ਲਈ ਰਵਾਨਾ ਹੋ ਗਏ, ਜਦੋਂ ਕਿ ਲੋਕ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸ਼ਰਧਾਂਜਲੀ ਦੇਣ ਲਈ ਪਹੁੰਚ ਰਹੇ ਹਨ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਡੀਓ ਕਾਲ ਰਾਹੀਂ ਵਿਨੈ ਦੇ ਦਾਦਾ ਜੀ ਨਾਲ ਗੱਲ ਕੀਤੀ ਅਤੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਦੁੱਖ ਦੀ ਇਸ ਘੜੀ ਵਿੱਚ ਪੂਰਾ ਰਾਜ ਉਨ੍ਹਾਂ ਦੇ ਨਾਲ ਖੜ੍ਹਾ ਹੈ। ਸੈਣੀ ਨੇ ਕਿਹਾ, "ਹਮਲੇ ਦੇ ਪਿੱਛੇ ਲੋਕਾਂ ਵਿਰੁੱਧ ਸਖ਼ਤ ਅਤੇ ਠੋਸ ਕਾਰਵਾਈ ਕੀਤੀ ਜਾਵੇਗੀ।" ਸਪੀਕਰ ਕਲਿਆਣ ਨੇ ਕਿਹਾ, "ਅਸੀਂ ਇੱਕ ਬਹਾਦਰ ਸਿਪਾਹੀ, ਧਰਤੀ ਦਾ ਪੁੱਤਰ ਅਤੇ ਇੱਕ ਵਧੀਆ ਇਨਸਾਨ ਗੁਆ ਲਿਆ ਹੈ।

# ਖ਼ੁ.ਫੀਆ ਨਾਕਾਮੀ ਕਾਰਨ ਹੋਇਆ ਪਹਿਲਗਾਮ ਅਤਿਵਾਦੀ ਹਮਲਾ : ਅਸਦੁਦੀਨ ਓਵੈਸੀ



ਮੁੰਬਈ : ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ (ਏਆਈਐਮਆਈਐਮ) ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਬੁੱਧਵਾਰ ਨੂੰ ਦੋਸ਼ ਲਗਾਇਆ ਕਿ ਪਹਿਲਗਾਮ ਅਤਿਵਾਦੀ ਹਮਲਾ ਖ਼ੁਫ਼ੀਆ ਅਸਫ਼ਲਤਾ ਦਾ ਨਤੀਜਾ ਸੀ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਤੋਂ ਇਸ ਘਟਨਾ ਲਈ ਜਵਾਬਦੇਹੀ ਤੈਅ ਕਰਨ ਦੀ ਮੰਗ ਕਰਦੇ ਹੋਏ, ਉਨ੍ਹਾਂ ਕਿਹਾ ਕਿ ਇਹ ਹਮਲਾ ਉੜੀ ਅਤੇ ਪੁਲਵਾਮਾ ਵਿੱਚ ਵਾਪਰੀਆਂ ਘਟਨਾਵਾਂ ਨਾਲੋਂ ਵਧੇਰੇ ਖਤਰਨਾਕ, ਨਿੰਦਣਯੋਗ ਅਤੇ ਦਰਦਨਾਕ ਹੈ। ਹੈਦਰਾਬਾਦ ਦੇ ਸੰਸਦ ਮੈਂਬਰ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਅਤੇ ਉਮੀਦ ਜਤਾਈ ਕਿ ਸਰਕਾਰ ਸਾਰੇ ਅਤਿਵਾਦੀਆਂ ਨੂੰ ਸਬਕ ਸਿਖਾਏਗੀ ਅਤੇ ਪੀੜਤਾਂ ਦੇ ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਇਨਸਾਫ਼ ਦਿਵਾਏਗੀ। ਉਨ੍ਹਾਂ ਕਿਹਾ, "ਪਹਿਲਗਾਮ ਵਿੱਚ ਅਤਿਵਾਦੀਆਂ ਨੇ ਮਾਸੂਮ ਲੋਕਾਂ ਦਾ ਧਰਮ ਪੁੱਛਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਮਾਰ ਦਿੱਤਾ। ਅਸੀਂ ਇਸਦੀ ਸਖ਼ਤ ਨਿੰਦਾ ਕਰਦੇ ਹਾਂ। ਸਾਨੂੰ ਉਮੀਦ ਹੈ ਕਿ ਸਰਕਾਰ ਸਖ਼ਤ ਕਾਰਵਾਈ ਕਰੇਗੀ। ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਖ਼ੁਫ਼ੀਆ ਨਾਕਾਮੀ ਵੀ ਹੈ।" ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੂੰ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਦੀ (ਅਤਿਵਾਦ ਨੂੰ ਰੋਕਣ ਦੀ) ਨੀਤੀ ਕਿਸ ਹੱਦ ਤੱਕ ਸਫ਼ਲ ਹੋ ਰਹੀ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਗੁਆਂਢੀ ਦੇਸ਼ ਦੇ ਅਤਿਵਾਦੀਆਂ ਦਾ ਇਰਾਦਾ ਭਾਰਤ ਵਿੱਚ ਦਹਿਸ਼ਤ ਫੈਲਾਉਣ ਅਤੇ ਮਾਸੂਮ ਲੋਕਾਂ ਨੂੰ ਮਾਰਨ ਦਾ ਹੈ। ਓਵੈਸੀ ਨੇ ਕਿਹਾ, "ਇਹ ਇੱਕ ਦਰਦਨਾਕ ਘਟਨਾ ਹੈ ਅਤੇ ਇਹ ਨਸਲਕੁਸ਼ੀ ਹੈ।" ਉਨ੍ਹਾਂ ਕਿਹਾ ਕਿ ਏਆਈਐਮਆਈਐਮ ਘਟਨਾ ਦੇ ਪੀੜਤਾਂ ਦੇ ਪਰਿਵਾਰਾਂ ਦੇ ਨਾਲ ਖੜ੍ਹਾ ਹੈ ਅਤੇ ਜ਼ਖ਼ਮੀਆਂ ਦੀ ਜਲਦੀ ਸਿਹਤਯਾਬੀ ਲਈ ਪ੍ਰਾਰਥਨਾ ਕਰਦਾ ਹੈ। ਉਨ੍ਹਾਂ ਕਿਹਾ ਕਿ (ਕੁਝ ਤਾਕਤਾਂ ਦੁਆਰਾ) ਕਸ਼ਮੀਰ ਵਿੱਚ ਸੈਰ-ਸਪਾਟਾ ਉਦਯੋਗ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## ਮੁੱਖ ਮੰਤਰੀ ਨੇ ਜੰਮੂ-ਕਸ਼ਮੀਰ ਦੇ ਹੋਟਲਾਂ ਵਿੱਚ ਫਸੇ ਪੰਜਾਬੀਆਂ ਦੇ ਵੇਰਵੇ ਮੰਗੇ

# ਸੂਬੇ 'ਚ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਸਖ਼ਤ ਚੌਕਸੀ ਰੱਖੀ ਜਾਵੇਗੀ: ਭਗਵੰਤ ਮਾਨ



ਚੰਡੀਗੜ੍ਹ : ਪਹਿਲਗਾਮ (ਜੰਮੂ-ਕਸ਼ਮੀਰ) ਵਿੱਚ ਹੋਏ ਅਤਿਵਾਦੀ ਹਮਲੇ ਦੀ ਮੰਦਭਾਗੀ ਘਟਨਾ ਦੀ ਨਿੰਦਾ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਕਿਹਾ ਕਿ ਪੰਜਾਬ ਪੂਰੀ ਤਰ੍ਹਾਂ ਚੌਕਸ ਹੈ ਅਤੇ ਪੰਜਾਬ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।

ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੇਦੋਸ਼ੇ ਸੈਲਾਨੀਆਂ 'ਤੇ ਇਹ ਅਤਿਵਾਦੀ ਹਮਲਾ ਇੱਕ ਜ਼ਾਲਮਾਨਾ ਅਤੇ ਅਣਮਨੁੱਖੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਅਤਿਵਾਦੀਆਂ ਦਾ ਕੋਈ ਧਰਮ ਨਹੀਂ ਹੁੰਦਾ ਅਤੇ ਉਨ੍ਹਾਂ ਦਾ ਇੱਕੋ-ਇੱਕ ਉਦੇਸ਼ ਲੋਕਾਂ ਵਿੱਚ ਦਹਿਸ਼ਤ ਫੈਲਾਉਣਾ ਹੈ। ਇਸ ਦੌਰਾਨ ਸੂਬੇ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਉਂਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ ਅਤੇ ਕਿਸੇ ਨੂੰ ਵੀ ਸੂਬੇ ਵਿੱਚ ਸਖ਼ਤ ਮਿਹਨਤ ਨਾਲ ਹਾਸਲ ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਅੰਤਰਰਾਜੀ ਅਤੇ ਇੱਕ ਜ਼ਿਲ੍ਹੇ ਨੂੰ ਦੂਜੇ ਜ਼ਿਲ੍ਹੇ ਨਾਲ ਜੋੜਦੇ ਪੁਆਇੰਟਾਂ 'ਤੇ ਖ਼ਾਸ ਕਰ ਕੇ ਸੰਵੇਦਨਸ਼ੀਲ ਇਲਾਕਿਆਂ 'ਤੇ ਚੈਕਿੰਗ ਅਤੇ ਗਸ਼ਤ ਪਹਿਲਾਂ ਹੀ ਤੇਜ਼ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਸ਼ਿਆਂ ਅਤੇ ਅਤਿਵਾਦੀਆਂ ਵਿਰੁੱਧ ਦੇਸ਼ ਦੀ ਜੰਗ ਲੜ ਰਿਹਾ ਹੈ ਅਤੇ ਸੂਬੇ ਤੋਂ ਸੈਲਾਨੀਆਂ ਨੂੰ ਵਾਪਸ ਲਿਆਉਣ ਲਈ ਜੰਮੂ-ਕਸ਼ਮੀਰ ਸਰਕਾਰ ਨਾਲ ਲਗਾਤਾਰ ਸੰਪਰਕ ਵਿੱਚ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮੱਗਲਰਾਂ, ਗੈਂਗਸਟਰਾਂ ਅਤੇ ਅਤਿਵਾਦੀਆਂ ਦਾ ਇੱਕ ਗਠਜੋੜ ਡਰੋਨਾਂ ਰਾਹੀਂ ਸੂਬੇ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਸੂਬਾ ਸਰਕਾਰ ਡਰੋਨਾਂ ਰਾਹੀਂ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਰੋਕਣ ਲਈ ਐਂਟੀ ਡਰੋਨ ਤਕਨੀਕਾਂ ਦੀ ਵਰਤੋਂ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਪੰਜਾਬ ਭਰ ਵਿੱਚ ਸਖ਼ਤ ਚੌਕਸੀ ਰੱਖੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਕਾਨੂੰਨ ਦੀ ਉਲੰਘਣਾ ਨਾ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਨਾਕਾਮ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ ਅਤੇ ਫੌਜ, ਬੀ.ਐਸ.ਐਫ. ਅਤੇ ਪੰਜਾਬ ਪੁਲਿਸ ਵਿਚਕਾਰ ਸੰਪੂਰਨ ਤਾਲਮੇਲ ਯਕੀਨੀ ਬਣਾਇਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਕੋਲ ਸਰਹੱਦ ਉੱਤੇ ਸੂਬਾਈ ਪੁਲਿਸ ਦੇ ਰੂਪ ਵਿੱਚ ਦੂਜੀ ਕਤਾਰ ਵਿੱਚ ਮਜ਼ਬੂਤ ਰੱਖਿਆ ਲਾਈਨ ਹੈ, ਜੋ ਸੂਬੇ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਵਿੱਚ ਸੈਰ-ਸਪਾਟਾ ਸਥਾਨਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਕਿਸੇ ਨੂੰ ਵੀ ਸੂਬੇ ਵਿੱਚ ਕਾਨੂੰਨ ਵਿਵਸਥਾ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਹ ਹਮਲਾ ਇੱਕ ਘਿਨਾਉਣਾ ਕਾਰਾ ਹੈ ਕਿਉਂਕਿ ਕੋਈ ਵੀ ਧਰਮ ਅਜਿਹੇ ਘਿਨਾਉਣੇ ਅਪਰਾਧ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਇਹ ਹਿੰਸਾ ਮਨੁੱਖਤਾ ਵਿਰੁੱਧ ਜੁਰਮ ਹੈ ਅਤੇ ਧਰਮ, ਖੇਤਰ, ਕੌਮ ਜਾਂ ਕਿਸੇ ਹੋਰ ਵਿਚਾਰਧਾਰਾ ਦੀ ਪਰਵਾਹ ਕੀਤੇ ਬਿਨਾਂ ਹਰ ਕੋਈ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰੇ।



# ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਲੋਂ ਕਸ਼ਮੀਰ 'ਚ ਹੋਏ ਨੰਗੇ ਚਿੱਟੇ ਕਤਲੇਆਮ ਦੀ ਨਿਖੇਧੀ

ਚੰਡੀਗੜ੍ਹ : ਸ੍ਰੀ ਅਕਾਲ ਤਖਤ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਸ਼ਮੀਰ ਦੀ ਧਰਤੀ 'ਤੇ ਇਨਸਾਨੀਅਤ ਦੇ ਨੰਗੇ ਚਿੱਟੇ ਕਤਲੇਆਮ ਨੂੰ ਬਿਆਨ ਕਰਦੀ ਇਹ ਤਸਵੀਰ ਵਹਿਸ਼ੀਆਣਾ ਕਾਰਵਾਈ ਕਰਨ ਵਾਲੇ ਦੀ ਕਰੂਰਤਾ ਨੂੰ ਵੀ ਬਿਆਨ ਕਰਦੀ ਹੈ। ਧਰਮ ਪੁੱਛ ਕੇ ਗੋਲੀ ਮਾਰਨ ਦਾ ਇਹ ਵਰਤਾਰਾ ਅਜੋਕੀ ਘਟੀਆ ਰਾਜਨੀਤੀ ਦੇ ਗਰਭ ਵਿਚੋਂ ਪੈਦਾ ਹੋਇਆ ਹੈ। ਕਦੇ ਧਰਮ ਦੇਖ ਕੇ ਗ੍ਰਿਫ਼ਤਾਰੀ ਤੇ ਕਦੇ ਧਰਮ ਦੇਖ ਕੇ ਘਰ 'ਤੇ ਹਮਲਾ ਕਰਨਾ, ਇਹ ਵਰਤਾਰਾ ਵੀ ਨਵਾਂ ਨਹੀਂ ਹੈ। ਜਦੋਂ ਵੀ ਕਿਸੇ ਵੀ ਦੇਸ਼ ਅੰਦਰ ਸਰਕਾਰੀ ਦਮਨ ਦੇ ਵਿਰੋਧ 'ਚ ਲਹਿਰਾਂ ਪੈਦਾ ਹੁੰਦੀਆਂ ਹਨ ਤਾਂ ਉਨ੍ਹਾਂ ਦੀ ਕਾਮਯਾਬੀ ਲੋਕਾਂ 'ਚ ਅਧਾਰ ਕਾਇਮ ਕੀਤੇ ਬਿਨਾਂ ਨਹੀਂ ਹੋ ਸਕਦੀ। ਜਦੋਂ ਲਹਿਰਾਂ ਵਿਚ ਘਟੀਆ ਸੋਚ ਦੇ ਲੋਕ ਸ਼ਾਮਲ ਹੋ ਕੇ ਲੋਕ ਹਿਤਕਾਰੀ ਕੰਮ ਕਰਨ ਦੀ ਬਜਾਇ ਲੋਕਾਂ 'ਚ ਨਫ਼ਰਤ ਪੈਦਾ ਕਰਨ ਵਾਲੇ ਕਾਰਜ ਆਰੰਭ ਕਰ ਦਿੰਦੇ ਹਨ ਤਾਂ ਲੋਕ ਹਿਤਾਂ ਲਈ ਉਠੇ ਅੰਦੋਲਨ ਦਮ ਤੋੜ ਜਾਂਦੇ ਹਨ। ਚਾਹੇ ਉਹ ਸ਼ਾਂਤੀ ਨਾਲ ਲੜੇ ਜਾਣ ਵਾਲੇ ਅੰਦੋਲਨ ਹੀ ਕਿਉਂ ਨਾ ਹੋਣ। ਪਹਿਲਗਾਮ ਵਿਚ ਹੋਏ ਹਮਲਾਵਰਾਂ ਨੇ ਤਾਂ ਸਿਰਫ਼ ਕਈ ਮਜਲੂਮਾਂ ਦੀ ਜਾਣ ਲਈ ਸਗੋਂ ਸੈਨਾਨੀਆਂ



ਦੇ ਸਿਰ 'ਤੇ ਪਲਣ ਵਾਲੇ ਕਈ ਕਸ਼ਮੀਰੀ ਪਰਿਵਾਰਾਂ ਦੀ ਕਿਰਤ 'ਤੇ ਵੀ ਬੁਲਡੋਜਰ ਚਲਾਇਆ ਹੈ। ਇਸ ਕਤਲੇਆਮ ਦੀ ਪੀੜ, ਪੀੜਤ ਪਰਿਵਾਰਾਂ ਦੇ ਨਾਲ-ਨਾਲ ਹਰ ਸੰਸਾਰ 'ਚ ਵਸਦੇ ਹਰ ਅਮਨਪਸੰਦ ਨੂੰ ਹੋਈ ਹੈ। ਇਸ ਤਰ੍ਹਾਂ ਦੀ ਪੀੜ ਚਿੱਠੀ ਸਿੰਘਪੁਰਾ ਦੇ ਕਤਲੇਆਮ ਸਮੇਂ ਵੀ ਬਹੁਤ ਉਠੀ ਸੀ। ਪਹਿਲਗਾਮ ਦੇ ਇਸ ਕਤਲੇਆਮ ਨੇ ਚਿੱਠੀ ਸਿੰਘਪੁਰਾ ਦੇ ਕਤਲੇਆਮ ਦੇ ਜ਼ਖ਼ਮ ਨੂੰ ਫਿਰ ਤੋਂ ਹਰਾ ਕੀਤਾ ਹੈ। ਸਰਕਾਰਾਂ, ਜ਼ਿੰਮੇਵਾਰ ਮੀਡੀਆ ਤੇ ਜ਼ਿੰਮੇਵਾਰ ਸੰਸਥਾਵਾ, ਧਰਮਾਂ ਤੇ ਭਾਈਚਾਰਿਆਂ ਪ੍ਰਤੀ ਪੈਦਾ ਹੋਈ ਨਫ਼ਰਤ ਨੂੰ ਜਿੰਨਾ ਘਟਾਉਣ ਦਾ ਯਤਨ ਕਰਨਗੀਆਂ ਉਨਾ ਹੀ ਸਮਾਜ ਸੁਖਦ ਰਹੇਗਾ। ਨਹੀਂ ਤਾਂ ਬਲਦੀ ਤੇ ਤੇਲ ਪਾਉਣ ਦਾ ਕੰਮ ਹੋਰ ਭਾਂਬੜ ਬਾਲੇਗਾ।

# ਪਹਿਲਗਾਮ ਹਮਲੇ ਪਿੱਛੋਂ ਅਮਰੀਕਾ ਵੱਲੋਂ ਆਪਣੇ ਨਾਗਰਿਕਾਂ ਨੂੰ ਕਸ਼ਮੀਰ ਨਾ ਜਾਣ ਦੀ ਸਲਾਹ

ਨਿਊਯਾਰਕ/ਵਾਸ਼ਿੰਗਟਨ : ਅਮਰੀਕਾ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵਿਚਲੇ ਆਪਣੇ ਨਾਗਰਿਕਾਂ ਲਈ ਇੱਕ ਸੋਧੀ ਹੋਈ ਸੇਧ/ਸਲਾਹ ਜਾਰੀ ਕੀਤੀ ਹੈ, ਜਿਸ ਵਿੱਚ ਅਮਰੀਕੀਆਂ ਨੂੰ ਜੰਮੂ-ਕਸ਼ਮੀਰ ਵਿੱਚ ਅਤੇ ਨਾਲ ਹੀ ਭਾਰਤ-ਪਾਕਿਸਤਾਨ ਸਰਹੱਦ ਦੇ 10 ਕਿਲੋਮੀਟਰ ਘੇਰੇ ਵਿਚ ਯਾਤਰਾ ਨਾ ਕਰਨ ਲਈ ਕਿਹਾ ਗਿਆ ਹੈ।

ਇਹ ਅਪਡੇਟ ਬੁੱਧਵਾਰ ਨੂੰ ਜਾਰੀ ਕੀਤਾ ਗਿਆ ਸੀ, ਕਿਉਂਕਿ ਇਸ ਤੋਂ ਇੱਕ ਦਿਨ ਪਹਿਲਾਂ ਮੰਗਲਵਾਰ ਨੂੰ ਅੱਤਵਾਦੀਆਂ ਨੇ ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ਉਤੇ ਗੋਲੀਬਾਰੀ ਕੀਤੀ ਸੀ। ਸਾਲ 2019 ਵਿੱਚ ਪੁਲਵਾਮਾ ਹਮਲੇ ਤੋਂ ਬਾਅਦ ਘਾਟੀ ਵਿੱਚ ਹੋਏ ਇਸ ਸਭ ਤੋਂ ਘਾਤਕ ਹਮਲੇ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ। ਅਮਰੀਕੀ ਨਾਗਰਿਕਾਂ ਲਈ ਅਮਰੀਕੀ ਵਿਦੇਸ਼ ਵਿਭਾਗ (US Department of State's) ਦੀ ਸੋਧੀ ਕੀਤੀ ਯਾਤਰਾ ਸਲਾਹ ਵਿੱਚ ਕਿਹਾ ਗਿਆ ਹੈ, "ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਹਮਲੇ ਅਤੇ ਹਿੰਸਕ ਸਿਵਲ ਬਦਅਮਨੀ ਸੰਭਵ ਹੈ। ਇਸ ਰਾਜ ਦੀ ਯਾਤਰਾ ਨਾ ਕਰੋ (ਪੂਰਬੀ ਲੱਦਾਖ ਖੇਤਰ ਅਤੇ ਇਸ ਦੀ ਰਾਜਧਾਨੀ, ਲੇਹ ਦੇ ਦੌਰੇ ਨੂੰ ਛੱਡ ਕੇ)। ਇਸ ਵਿਚ ਕਿਹਾ ਗਿਆ ਹੈ, "ਇਸ ਖੇਤਰ ਵਿੱਚ ਛਿਟਪੁਟ ਹਿੰਸਾ ਹੁੰਦੀ ਰਹਿੰਦੀ ਹੈ ਅਤੇ ਭਾਰਤ-ਪਾਕਿਸਤਾਨ ਵਿਚਕਾਰ ਕੰਟਰੋਲ ਰੇਖਾ (LOC) ਦੇ ਨਾਲ ਆਮ ਹੀ ਅਜਿਹਾ ਹੁੰਦਾ ਹੈ। ਅਜਿਹਾ ਕਸ਼ਮੀਰ ਘਾਟੀ ਦੇ ਸੈਰ-ਸਪਾਟਾ ਸਥਾਨਾਂ ਸ੍ਰੀਨਗਰ, ਗੁਲਮਰਗ ਅਤੇ ਪਹਿਲਗਾਮ ਆਦਿ ਵਿਖੇ ਵੀ ਹੁੰਦਾ ਹੈ।

ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ 'ਹਥਿਆਰਬੰਦ ਟਕਰਾਅ ਦੇ ਖ਼ਦਸ਼ੇ ਕਾਰਨ' ਭਾਰਤ-ਪਾਕਿਸਤਾਨ ਸਰਹੱਦ ਦੇ 10 ਕਿਲੋਮੀਟਰ ਘੇਰੇ ਦੇ ਅੰਦਰ ਜਾਣ ਤੋਂ ਵੀ ਬਚਣ ਲਈ ਕਿਹਾ ਹੈ। ਗ਼ੌਰਤਲਬ ਹੈ ਕਿ ਭਾਰਤ ਨੇ ਬੁੱਧਵਾਰ ਨੂੰ 1960 ਦੀ ਸਿੰਧ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਅਤੇ ਪਹਿਲਗਾਮ ਅੱਤਵਾਦੀ ਹਮਲੇ ਦੇ ਸਰਹੱਦ ਪਾਰ ਸਬੰਧਾਂ ਦੇ ਮੱਦੇਨਜ਼ਰ ਪਾਕਿਸਤਾਨ ਨਾਲ ਸਫ਼ਾਰਤੀ ਰਿਸ਼ਤਿਆਂ ਨੂੰ ਘਟਾਉਣ ਦਾ ਵੀ ਐਲਾਨ ਕੀਤਾ, ਜਿਸ ਵਿੱਚ ਗੁਆਂਢੀ ਮੁਲਕ ਦੇ ਫੌਜੀ ਅਟੈਚੀਆਂ ਨੂੰ ਭਾਰਤ ਵਿਚੋਂ ਕੱਢਣਾ ਵੀ ਸ਼ਾਮਲ ਹੈ।

# ਭਾਰਤ ਵਲੋਂ ਪਾਕਿਸਤਾਨ ਨਾਲ ਸਿੰਧੂ ਜਲ ਸਮਝੌਤਾ ਰੱਦ, ਅਟਾਰੀ ਬਾਰਡਰ ਬੰਦ

## • ਫ਼ੌਜ ਨੂੰ ਹਾਈ ਅਲਰਟ 'ਤੇ ਰੱਖਿਆ • ਪਾਕਿ ਨਾਗਰਿਕਾਂ ਨੂੰ 48 ਘੰਟਿਆਂ 'ਚ ਦੇਸ਼ ਛੱਡਣ ਦੇ ਹੁਕਮ • ਹਾਈ ਕਮਿਸ਼ਨਾਂ ਦੀ ਗਿਣਤੀ ਘਟਾਈ

### *ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ 'ਚ ਵੱਡੇ ਫ਼ੈਸਲੇ*



ਨਵੀਂ ਦਿੱਲੀ : ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੇ ਬਾਅਦ ਭਾਰਤ ਨੇ ਪਾਕਿਸਤਾਨ ਖ਼ਿਲਾਫ਼ ਸਖ਼ਤ ਕਦਮ ਚੁੱਕੇ ਹਨ। ਬੁੱਧਵਾਰ ਸ਼ਾਮ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀ.ਸੀ.ਐਸ.) ਦੀ ਹੋਈ ਮੀਟਿੰਗ 'ਚ ਵੱਡੇ ਫ਼ੈਸਲੇ ਕੀਤੇ ਗਏ। ਕਰੀਬ ਢਾਈ ਘੰਟੇ ਚੱਲੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਦੱਸਿਆ ਕਿ ਪਹਿਲਗਾਮ ਅੱਤਵਾਦੀ ਹਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੈਬਨਿਟ ਕਮੇਟੀ ਨੇ 5 ਵੱਡੇ ਫ਼ੈਸਲੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਵਲੋਂ ਪਾਕਿਸਤਾਨ ਨਾਲ 1960 'ਚ ਕੀਤੇ ਸਿੰਧੂ ਜਲ ਸਮਝੌਤੇ ਨੂੰ ਰੱਦ ਕਰ ਦਿੱਤਾ ਗਿਆ ਅਤੇ ਤੁਰੰਤ ਪ੍ਰਭਾਵ ਨਾਲ ਅਟਾਰੀ ਬਾਰਡਰ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਪਾਕਿਸਤਾਨੀ ਨਾਗਰਿਕਾਂ ਨੂੰ 48 ਘੰਟਿਆਂ ਦੇ ਅੰਦਰ ਦੇਸ਼ ਛੱਡਣ ਦਾ ਹੁਕਮ ਦਿੱਤਾ ਗਿਆ ਹੈ। ਪਾਕਿ ਨਾਗਰਿਕਾਂ ਨੂੰ ਸਾਰਕ ਵੀਜ਼ਾ ਛੋਟ ਤਹਿਤ ਭਾਰਤ ਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਪਹਿਲਾਂ ਜਾਰੀ ਕੀਤੇ ਅਜਿਹੇ ਵੀਜ਼ੇ ਨੂੰ ਰੱਦ ਮੰਨਿਆ ਜਾਵੇਗਾ। ਇਸ ਦੇ ਇਲਾਵਾ ਨਵੀਂ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ 'ਚ ਰੱਖਿਆ, ਫ਼ੌਜ, ਜਲ ਸੈਨਾ ਅਤੇ ਹਵਾਈ ਸੈਨਾ ਦੇ ਸਲਾਹਕਾਰਾਂ ਨੂੰ ਭਾਰਤ ਛੱਡਣ ਲਈ 7 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਭਾਰਤ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ ਤੋਂ ਆਪਣੇ ਰੱਖਿਆ, ਜਲ ਸੈਨਾ, ਹਵਾਈ ਸੈਨਾ ਦੇ ਸਲਾਹਕਾਰਾਂ ਨੂੰ ਵਾਪਸ ਬੁਲਾ ਰਿਹਾ ਹੈ। ਇਸ ਦੇ ਨਾਲ ਪਾਕਿਸਤਾਨੀ ਅਤੇ ਭਾਰਤੀ ਹਾਈ ਕਮਿਸ਼ਨਾਂ ਦੀ ਗਿਣਤੀ 55 ਤੋਂ ਘਟਾ ਕੇ 30 ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਕਟੌਤੀ 1 ਮਈ ਤੋਂ ਲਾਗੂ ਹੋਵੇਗੀ। ਪ੍ਰਧਾਨ ਮੰਤਰੀ ਦੀ ਅਗਵਾਈ 'ਚ ਹੋਈ ਮੀਟਿੰਗ ਦੌਰਾਨ ਅੱਤਵਾਦੀ ਹਮਲੇ ਲਈ ਭਾਰਤ ਦੀ ਜਵਾਬੀ ਕਾਰਵਾਈ ਨੂੰ ਅੰਤਿਮ ਰੂਪ ਦਿੱਤਾ ਗਿਆ ਅਤੇ ਫ਼ੌਜ ਨੂੰ ਉੱਚ ਚੌਕਸੀ ਰੱਖਣ ਦੇ ਨਿਰਦੇਸ਼ ਦਿੱਤੇ ਗਏ। ਵਿਦੇਸ਼ ਸਕੱਤਰ ਨੇ ਦੱਸਿਆ ਕਿ ਕੈਬਨਿਟ ਕਮੇਟੀ ਨੇ ਸੰਕਲਪ ਲਿਆ ਹੈ ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਨਿਆਂ ਦੇ ਘੇਰੇ 'ਚ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਦੇ ਸਪਾਂਸਰਾਂ ਨੂੰ ਜਵਾਬਦੇਹ ਬਣਾਇਆ ਜਾਵੇਗਾ। ਪ੍ਰਧਾਨ ਮੰਤਰੀ ਤੋਂ ਇਲਾਵਾ ਸੁਰੱਖਿਆ ਬਾਰੇ ਕੈਬਨਿਟ ਕਮੇਟੀ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਐਸ ਜੈਸ਼ੰਕਰ ਸ਼ਾਮਿਲ ਹੋਏ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਸਵੇਰੇ ਸਾਊਦੀ ਅਰਬ ਤੋਂ ਵਾਪਸ ਪਹੁੰਚਣ ਤੋਂ ਤੁਰੰਤ ਬਾਅਦ ਹਵਾਈ ਅੱਡੇ 'ਤੇ ਇਕ ਮੀਟਿੰਗ ਕੀਤੀ, ਜਿੱਥੇ ਉਨ੍ਹਾਂ ਜੈਸ਼ੰਕਰ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਜੰਮੂ-ਕਸ਼ਮੀਰ ਅੱਤਵਾਦੀ ਹਮਲੇ ਬਾਰੇ ਚਰਚਾ ਕੀਤੀ। ਵਿਦੇਸ਼ ਸਕੱਤਰ ਵਿਕਰਮ ਮਿਸਤਰੀ ਵੀ ਮੀਟਿੰਗ ਦਾ ਹਿੱਸਾ ਸਨ।

# ਲੈਫਟੀਨੈਂਟ ਨਰਵਾਲ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

ਚੰਡੀਗੜ੍ਹ/ਕੋਚੀ : ਪਹਿਲਗਾਮ ਦਹਿਸ਼ਤੀ ਹਮਲੇ ਵਿੱਚ ਮਾਰੇ ਗਏ ਭਾਰਤੀ ਜਲ ਸੈਨਾ ਦੇ ਲੈਫਟੀਨੈਂਟ ਵਿਨੈ ਨਰਵਾਲ (26) ਨੂੰ ਅੱਜ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਨਰਵਾਲ ਦੀਆਂ ਅੰਤਿਮ ਰਸਮਾਂ ਦੌਰਾਨ ਹਰ ਵਿਅਕਤੀ ਦੀਆਂ ਅੱਖਾਂ ਵਿੱਚ ਹੰਝੂ ਸਨ। ਵਿਨੈ ਅਤੇ ਹਿਮਾਂਸ਼ੀ ਦਾ 16 ਅਪਰੈਲ ਨੂੰ ਹੋਇਆ ਸੀ ਅਤੇ ਦੋਵੇਂ ਹਨੀਮੂਨ ਲਈ ਜੰਮੂ-ਕਸ਼ਮੀਰ ਦੇ ਪਹਿਲਗਾਮ ਗਏ ਸਨ। ਬੀਤੇ ਦਿਨ ਦਹਿਸ਼ਤਗਰਦਾਂ ਨੇ ਹਿਮਾਂਸ਼ੀ ਦੇ ਸਾਹਮਣੇ ਨਰਵਾਲ ਦੀ ਹੱਤਿਆ ਕਰ ਦਿੱਤੀ ਗਈ। ਪੀਐੱਚਡੀ ਕਰ ਰਹੀ ਗੁਰੂਗ੍ਰਾਮ ਦੀ ਹਿਮਾਂਸ਼ੀ ਨੇ ਕਿਹਾ, 'ਭਗਵਾਨ ਉਸ ਦੀ (ਵਿਨੈ ਨਰਵਾਲ) ਆਤਮਾ ਨੂੰ ਸ਼ਾਂਤੀ ਦੇਵੇ। ਸਾਨੂੰ ਉਸ 'ਤੇ ਹਰ ਤਰ੍ਹਾਂ ਨਾਲ ਮਾਣ ਹੋਣਾ ਚਾਹੀਦਾ ਹੈ ਅਤੇ ਅਸੀਂ ਉਸ ਨੂੰ ਹਰ ਤਰ੍ਹਾਂ ਨਾਲ ਮਾਣ ਦਿਵਾਵਾਂਗੇ।'



ਨਵੀਂ ਦਿੱਲੀ 'ਚ ਲੈਫਟੀਨੈਂਟ ਵਿਨੈ ਨਰਵਾਲ ਦੀ ਮ੍ਰਿਤਕ ਦੇਹ ਕੋਲ ਵਿਰਲਾਪ ਕਰਦੀ ਹੋਈ ਉਸ ਦੀ ਪਤਨੀ।

ਨਰਵਾਲ ਦੀ ਮ੍ਰਿਤਕ ਦੇਹ ਦੁਪਹਿਰ ਕਸ਼ਮੀਰ ਤੋਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਲਿਆਂਦੀ ਗਈ, ਜਿੱਥੋਂ ਉਸ ਨੂੰ ਹਰਿਆਣਾ ਦੇ ਕਰਨਾਲ ਵਿੱਚ ਲਿਆਂਦਾ ਗਿਆ। ਇਸ ਦੌਰਾਨ ਲੋਕਾਂ ਨੇ ਪਾਕਿਸਤਾਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਮਗਰੋਂ ਸਰਕਾਰੀ ਸਨਮਾਨਾਂ ਨਾਲ ਉਸ ਦਾ ਸਸਕਾਰ ਕਰ ਦਿੱਤਾ ਗਿਆ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੀ ਇਸ ਮੌਕੇ ਮੌਜੂਦ ਸਨ। ਇਸ ਦੌਰਾਨ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਵੀ ਹਵਾਈ ਅੱਡੇ 'ਤੇ ਨਰਵਾਲ (26) ਨੂੰ ਸ਼ਰਧਾਂਜਲੀ ਦਿੱਤੀ। ਸੈਣੀ ਨੇ ਅੱਜ ਸਵੇਰੇ ਨਰਵਾਲ ਦੇ ਦਾਦਾ ਨੂੰ ਵੀਡੀਓ ਕਾਲ ਕੀਤੀ। ਜਲ ਸੈਨਾ ਦੇ ਇੱਕ ਅਧਿਕਾਰੀ ਨੇ ਕਿਹਾ, 'ਲੈਫਟੀਨੈਂਟ ਨਰਵਾਲ ਹਮੇਸ਼ਾ ਖ਼ੁਸ਼ ਰਹਿੰਦਾ ਸੀ ਅਤੇ ਆਪਣੇ ਫਰਜ਼ਾਂ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਸੀ।' ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਜਲ ਸੈਨਾ ਉਸ ਦੇ (ਨਰਵਾਲ) ਪਰਿਵਾਰ ਨਾਲ ਹੈ।

# ਪਹਿਲਗਾਮ ਹਮਲੇ ਪਿੱਛੋਂ ਪੰਜਾਬ ਤੋਂ ਕਸ਼ਮੀਰ ਲਈ 12 ਹਜ਼ਾਰ ਟੈਕਸੀ ਬੁਕਿੰਗਜ਼ ਰੱਦ

## ਪਹਿਲਗਾਮ ਅੱਤਵਾਦੀ ਹਮਲੇ ਖ਼ਿਲਾਫ਼ ਜਲੰਧਰ ਵਿੱਚ ਟੈਕਸੀ ਯੂਨੀਅਨ ਦਾ ਵਿਰੋਧ ਪ੍ਰਦਰਸ਼ਨ; ਲੋਕ ਅਮਰਨਾਥ ਯਾਤਰਾ 'ਤੇ ਜਾਣ ਤੋਂ ਵੀ ਡਰਨ ਲੱਗੇ: ਟੈਕਸੀ ਯੂਨੀਅਨ ਪ੍ਰਧਾਨ



ਜਲੰਧਰ : ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਬੀਤੇ ਦਿਨ ਹੋਏ ਅੱਤਵਾਦੀ ਹਮਲੇ ਦੇ ਖਿਲਾਫ ਜਲੰਧਰ ਵਿੱਚ ਟੈਕਸੀ ਯੂਨੀਅਨ ਵੱਲੋਂ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਯੂਨੀਅਨਾਂ ਦਾ ਕਹਿਣਾ ਹੈ ਕਿ ਅੱਤਵਾਦੀ ਹਮਲੇ ਨੇ ਪੂਰੇ ਦੇਸ਼ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਦੇਸ਼ ਦੇ ਹਰ ਨਾਗਰਿਕ ਦੇ ਦਿਲ ਵਿੱਚ ਗੁੱਸਾ ਹੈ। ਯੂਨੀਅਨ ਮੈਂਬਰਾਂ ਨੇ ਕਿਹਾ ਕਿ ਹਰ ਕਿਸੇ ਦਾ ਮਨ ਗੁੱਸੇ ਨਾਲ ਭਰਿਆ ਹੋਇਆ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਦੇਸ਼ ਦੀ ਸਰਕਾਰ ਇਸ ਹਮਲੇ ਦਾ ਢੁਕਵਾਂ ਜਵਾਬ ਦੇਵੇ। ਉਨ੍ਹਾਂ ਕਿਹਾ ਕਿ ਉਹ ਸਥਾਨਕ ਸੁਰੱਖਿਆ ਸਬੰਧੀ ਪੁਲੀਸ ਕਮਿਸ਼ਨਰ ਅਤੇ ਪੰਜਾਬ ਸਰਕਾਰ ਨੂੰ ਇੱਕ ਮੰਗ ਪੱਤਰ ਸੌਂਪਣਗੇ। ਇਹ ਵੀ ਮੰਗ ਕੀਤੀ ਗਈ ਕਿ ਦੇਸ਼ ਵਿੱਚ ਸ਼ਰਾਰਤੀ ਅਨਸਰਾਂ ਨੂੰ ਸਿਰ ਨਾ ਚੁੱਕਣ ਦਿੱਤਾ ਜਾਵੇ। ਟੈਕਸੀ ਯੂਨੀਅਨ ਦੇ ਪ੍ਰਧਾਨ ਹਰਦੀਪ ਸਿੰਘ ਰਾਜੂ ਨੇ ਕਿਹਾ ਕਿ ਇਸ ਅੱਤਵਾਦੀ ਹਮਲੇ ਨਾਲ ਹਰ ਕੋਈ ਗੁੱਸੇ ਵਿੱਚ ਹੈ। ਉਨ੍ਹਾਂ ਕਿਹਾ ਕਿ ਟੈਕਸੀਆਂ ਅਤੇ ਟੈਂਪੂ ਟਰੈਵਲ ਪੂਰੇ ਪੰਜਾਬ ਤੋਂ ਬੁੱਕ ਕੀਤੇ ਜਾਂਦੇ ਹਨ ਅਤੇ ਸੈਲਾਨੀਆਂ ਨੂੰ ਜੰਮੂ-ਕਸ਼ਮੀਰ ਲੈ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੀਜ਼ਨ ਦੌਰਾਨ, ਲੱਖਾਂ ਸੈਲਾਨੀ ਇੱਥੋਂ ਜੰਮੂ-ਕਸ਼ਮੀਰ ਅਤੇ ਸ੍ਰੀਨਗਰ ਦਾ ਦੌਰਾ ਕਰਨ ਲਈ ਆਉਂਦੇ ਹਨ। ਪਰ ਕੱਲ੍ਹ ਦੇ ਅੱਤਵਾਦੀ ਹਮਲੇ ਤੋਂ ਬਾਅਦ, ਉਨ੍ਹਾਂ ਦੇ ਮਨਾਂ ਵਿੱਚ ਡਰ ਹੈ, ਭਾਵੇਂ ਉਹ ਅਮਰਨਾਥ ਯਾਤਰਾ ਹੋਵੇ ਜਾਂ ਕੋਈ ਹੋਰ ਸੈਲਾਨੀ ਯਾਤਰਾ। ਉਨ੍ਹਾਂ ਕਿਹਾ ਕਿ ਹਮਲੇ ਤੋਂ ਬਾਅਦ, ਉਨ੍ਹਾਂ ਦੀਆਂ ਲਗਭਗ 12 ਹਜ਼ਾਰ ਬੁਕਿੰਗਾਂ ਰੱਦ ਕਰ ਦਿੱਤੀਆਂ ਗਈਆਂ ਸਨ। ਹੁਣ ਲੋਕ ਅਮਰਨਾਥ ਯਾਤਰਾ 'ਤੇ ਜਾਣ ਤੋਂ ਵੀ ਡਰਨ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਸਾਡੇ ਭਰਾਵਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਵੇਗਾ।



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ







## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 16 ਮਈ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 18 ਮਈ, 2025 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

ਹੋਰ ਜਾਣਕਾਰੀ ਲਈ

ਸ੍ਰ. ਹਰਜਿੰਦਰ ਸਿੰਘ ਹੈਪੀ ਸੂਚ (209) 535-0294

ਸ੍ਰ. ਮਨਜੀਤ ਸਿੰਘ ਬਾਸੀ (209) 678-8519

# ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਆਪਣੇ ਪਰਿਵਾਰ ਨਾਲ ਭਾਰਤ ਪੁੱਜੇ

## ਮੋਦੀ ਤੇ ਵੈਂਸ ਵੱਲੋਂ ਭਾਰਤ-ਅਮਰੀਕਾ ਵਪਾਰ ਸਮਝੌਤਾ ਗੱਲਬਾਤ ਵਿੱਚ ਮਹੱਤਵਪੂਰਨ ਪ੍ਰਗਤੀ ਦਾ ਸਵਾਗਤ





ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਆਪਣੀ ਵਿਆਪਕ ਗੱਲਬਾਤ ਦੌਰਾਨ ਦੁਵੱਲੇ ਵਪਾਰ ਸਮਝੌਤੇ ਨੂੰ ਲੈ ਕੇ ਹੁਣ ਤੱਕ ਗੱਲਬਾਤ ਵਿਚ ਹੋਈ ਅਹਿਮ ਪ੍ਰਗਤੀ ਦਾ ਸਵਾਗਤ ਕੀਤਾ ਹੈ। ਇਸ ਗੱਲਬਾਤ ਮਗਰੋਂ ਸ੍ਰੀ ਮੋਦੀ ਨੇ ਵੈਂਸ, ਉਨ੍ਹਾਂ ਦੀ ਭਾਰਤੀ ਮੂਲ ਦੀ ਪਤਨੀ ਊਸ਼ਾ ਅਤੇ ਅਮਰੀਕੀ ਅਧਿਕਾਰੀਆਂ ਦੇ ਵਫ਼ਦ ਲਈ ਰਾਤ ਦੀ ਦਾਅਵਤ ਦੀ ਮੇਜ਼ਬਾਨੀ ਕੀਤੀ।

ਸਰਕਾਰ ਨੇ ਇਕ ਬਿਆਨ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕੀ ਉਪ ਰਾਸ਼ਟਰਪਤੀ ਵੈਂਸ ਨੇ ਦੁਵੱਲੇ ਸਹਿਯੋਗ ਦੇ ਵੱਖ-ਵੱਖ ਖੇਤਰਾਂ ਵਿੱਚ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਸਕਾਰਾਤਮਕ ਮੁਲਾਂਕਣ ਕੀਤਾ। ਬਿਆਨ ਵਿਚ ਕਿਹਾ ਗਿਆ, "ਉਨ੍ਹਾਂ ਦੋਵਾਂ ਮੁਲਕਾਂ ਦੇ ਲੋਕਾਂ ਦੀ ਭਲਾਈ 'ਤੇ ਕੇਂਦਰਿਤ ਅਤੇ ਇਕ ਦੂਜੇ ਲਈ ਲਾਭਦਾਇਕ ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ ਲਈ ਗੱਲਬਾਤ ਵਿੱਚ ਮਹੱਤਵਪੂਰਨ ਪ੍ਰਗਤੀ ਦਾ ਸਵਾਗਤ ਕੀਤਾ।" ਦੋਵਾਂ ਆਗੂਆਂ ਨੇ ਊਰਜਾ, ਰੱਖਿਆ, ਰਣਨੀਤਕ ਤਕਨਾਲੋਜੀ ਅਤੇ ਹੋਰ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਨਿਰੰਤਰ ਯਤਨਾਂ ਦਾ ਜ਼ਿਕਰ ਕੀਤਾ। ਉਨ੍ਹਾਂ ਪਰਸਪਰ ਹਿੱਤ ਵਾਲੇ ਵੱਖ-ਵੱਖ ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਅਤੇ ਅੱਗੇ ਵਧਣ ਲਈ ਗੱਲਬਾਤ ਅਤੇ ਕੂਟਨੀਤੀ ਦਾ ਸੱਦਾ ਦਿੱਤਾ।

ਬਿਆਨ ਵਿਚ ਕਿਹਾ ਗਿਆ, "ਪ੍ਰਧਾਨ ਮੰਤਰੀ ਨੇ ਉਪ ਰਾਸ਼ਟਰਪਤੀ, ਉਨ੍ਹਾਂ ਦੀ ਪਤਨੀ ਤੇ ਬੱਚਿਆਂ ਨੂੰ ਭਾਰਤ ਫੇਰੀ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।" ਸ੍ਰੀ ਮੋਦੀ ਨੇ ਵੈਂਸ ਰਾਹੀਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਉਹ ਇਸ ਸਾਲ ਦੇ ਅੰਤ ਵਿੱਚ ਅਮਰੀਕੀ ਸਦਰ ਦੀ ਭਾਰਤ ਫੇਰੀ ਦੀ ਉਡੀਕ ਕਰ ਰਹੇ ਹਨ। ਦੁਵੱਲੇ ਵਪਾਰ ਸਮਝੌਤੇ ਨੂੰ ਲੈ ਕੇ ਦੋਵਾਂ ਮੁਲਕਾਂ ਦਰਮਿਆਨ ਚੱਲ ਰਹੇ ਸੰਵਾਦ ਦੇ ਪਿਛੋਕੜ ਵਿਚ ਮੋਦੀ-ਵੈਂਸ ਗੱਲਬਾਤ ਬਹੁਤ ਅਹਿਮ ਹੈ।

ਵੈਂਸ ਅਤੇ ਉਨ੍ਹਾਂ ਦਾ ਪਰਿਵਾਰ ਹਫਤੇ ਦੇ ਅੰਤ ਵਿੱਚ ਇਟਲੀ ਦੀ ਆਪਣੀ ਯਾਤਰਾ ਤੋਂ ਬਾਅਦ ਚਾਰ ਦਿਨਾਂ ਦੀ ਭਾਰਤ ਫੇਰੀ ਲਈ ਦਿੱਲੀ ਪਹੁੰਚਿਆ ਹੈ। ਜੋਅ ਬਾਇਡਨ ਦੀ 2013 ਵਿੱਚ ਨਵੀਂ ਦਿੱਲੀ ਦੀ ਫੇਰੀ ਤੋਂ ਬਾਅਦ ਉਹ 12 ਸਾਲਾਂ ਵਿੱਚ ਭਾਰਤ ਦਾ ਦੌਰਾ ਕਰਨ ਵਾਲੇ ਪਹਿਲੇ ਅਮਰੀਕੀ ਉਪ ਰਾਸ਼ਟਰਪਤੀ ਹਨ।

ਵੈਂਸ ਅਜਿਹੇ ਮੌਕੇ ਭਾਰਤ ਦੀ ਫੇਰੀ 'ਤੇ ਆਏ ਹਨ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਸਣੇ ਕਰੀਬ 60 ਦੇਸ਼ਾਂ ਉੱਤੇ ਲੱਗਣ ਵਾਲੇ ਜਵਾਬੀ ਟੈਕਸ ਦੇ ਅਮਲ 'ਤੇ ਅਗਲੇ ਤਿੰਨ ਮਹੀਨਿਆਂ ਲਈ ਰੋਕ ਲਾ ਦਿੱਤੀ ਹੈ। ਨਵੀਂ ਦਿੱਲੀ ਅਤੇ ਵਾਸ਼ਿੰਗਟਨ ਹੁਣ ਇੱਕ ਦੁਵੱਲੇ ਵਪਾਰ ਸਮਝੌਤੇ 'ਤੇ ਦਸਤਖਤ ਕਰਨ ਲਈ ਗੱਲਬਾਤ ਕਰ ਰਹੇ ਹਨ ਜਿਸ ਵਿੱਚ ਟੈਰਿਫ ਅਤੇ ਮਾਰਕੀਟ ਪਹੁੰਚ ਸਮੇਤ ਕਈ ਮੁੱਦਿਆਂ ਨੂੰ ਹੱਲ ਕਰਨ ਦੀ ਉਮੀਦ ਹੈ। ਵੈਂਸ ਅਤੇ ਉਨ੍ਹਾਂ ਦਾ ਪਰਿਵਾਰ ਜੈਪੁਰ ਅਤੇ ਆਗਰਾ ਵੀ ਜਾਣਗੇ।



## ਮਹੱਤਵਪੂਰਨ ਹੈ ਵੈਂਸ ਦੀ ਯਾਤਰਾ

ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਆਪਣੀ ਚਾਰ ਦਿਨ ਦੀ ਯਾਤਰਾ ਲਈ ਭਾਰਤ ਵਿਚ ਹਨ। ਇਸ ਦੌਰਾਨ ਉਨ੍ਹਾਂ ਨੇ ਜਿਥੇ ਅਹਿਮਦਾਬਾਦ ਵਿਚ ਅਕਸ਼ਰਧਾਮ ਮੰਦਰ ਦੇ ਪਰਿਵਾਰ ਸਮੇਤ ਦਰਸ਼ਨ ਕੀਤੇ ਹਨ, ਉਥੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਦੁਵੱਲੇ ਵਪਾਰਕ ਸਮਝੌਤੇ ਲਈ ਵੀ ਗੱਲਬਾਤ ਕੀਤੀ ਹੈ। ਦੋਹਾਂ ਦੇਸ਼ਾਂ ਵਿਚਕਾਰ ਲੰਮੇ ਸਮੇਂ ਤੋਂ ਵਪਾਰਕ ਆਦਾਨ-ਪ੍ਰਦਾਨ ਦੇ ਵੱਡੇ ਸੰਬੰਧ ਬਣੇ ਰਹੇ ਹਨ, ਪਰ ਵੈਂਸ ਦੀ ਯਾਤਰਾ ਦੌਰਾਨ ਵਪਾਰ ਲਈ ਮਹੱਤਵਪੂਰਨ ਖੇਤਰਾਂ ਨੂੰ ਛੋਹਿਆ ਗਿਆ ਹੈ। ਇਨ੍ਹਾਂ ਵਿਚ ਊਰਜਾ, ਤਕਨਾਲੋਜੀ, ਰੱਖਿਆ ਦੇ ਨਾਲ-ਨਾਲ ਪਹਿਲਾਂ ਹੀ ਕਈ ਖੇਤਰਾਂ ਵਿਚ ਚੱਲ ਰਹੀਆਂ ਯੋਜਨਾਵਾਂ ਨੂੰ ਵੀ ਪ੍ਰਮੁੱਖਤਾ ਨਾਲ ਵਿਚਾਰਿਆ ਗਿਆ ਹੈ। ਅਮਰੀਕੀ ਉਪ ਰਾਸ਼ਟਰਪਤੀ ਦੀ ਇਸ ਯਾਤਰਾ ਨੂੰ ਇਸ ਲਈ ਵੀ ਵਿਸ਼ੇਸ਼ ਦਿਲਚਸਪੀ ਨਾਲ ਵੇਖਿਆ ਜਾ ਰਿਹਾ ਹੈ, ਕਿਉਂਕਿ ਉੱਥੋਂ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰ ਸੰਬੰਧੀ ਨਵੀਆਂ ਅੰਤਰਰਾਸ਼ਟਰੀ ਨੀਤੀਆਂ ਨੇ ਦੁਨੀਆ ਭਰ ਵਿਚ ਵੱਡਾ ਘਮਸਾਣ ਪੈਦਾ ਕਰ ਦਿੱਤਾ ਹੈ। ਇਸ ਨਾਲ ਇਕ ਤਰ੍ਹਾਂ ਟੈਰਿਫ਼ ਯੁੱਧ ਛਿੜ ਗਿਆ ਹੈ। ਰਾਸ਼ਟਰਪਤੀ ਟਰੰਪ ਇਸ ਗੱਲ ਲਈ ਬਜ਼ਿੱਦ ਜਾਪਦੇ ਹਨ ਕਿ ਉਹ ਦੂਜੇ ਦੇਸ਼ਾਂ ਨਾਲ ਆਪਸੀ ਆਦਾਨ-ਪ੍ਰਦਾਨ ਵਿਚ ਵਪਾਰਕ ਟੈਕਸਾਂ ਨੂੰ ਸਾਵਾਂ ਰੱਖਣਗੇ। ਅਜਿਹਾ ਉਹ 'ਅਮਰੀਕਾ ਫਸਟ' ਦੀ ਆਪਣੇ ਵਲੋਂ ਅਪਣਾਈ ਨੀਤੀ ਅਧੀਨ ਕਰ ਰਹੇ ਹਨ। ਇਸ ਨੀਤੀ ਨਾਲ ਖ਼ਾਸ ਤੌਰ 'ਤੇ ਉਨ੍ਹਾਂ ਦੇ ਚੀਨ ਨਾਲ ਸੰਬੰਧ ਵਧੇਰੇ ਵਿਗੜੇ ਦਿਖਾਈ ਦਿੰਦੇ ਹਨ। ਇਕ ਤਰ੍ਹਾਂ ਨਾਲ ਦੋਹਾਂ ਦੇਸ਼ਾਂ ਦਾ ਇਸ ਮੁਹਾਜ਼ 'ਤੇ ਯੁੱਧ ਛਿੜਿਆ ਦਿਖਾਈ ਦੇ ਰਿਹਾ ਹੈ। ਇਸ ਘਮਸਾਣ ਵਿਚ ਚੀਨ ਨੂੰ ਵੀ ਆਪਣੀਆਂ ਨੀਤੀਆਂ ਬਦਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜਿਨ੍ਹਾਂ ਦਰਜਨਾਂ ਦੇਸ਼ਾਂ ਨਾਲ ਉਸ ਨੇ ਸਰਹੱਦਾਂ ਅਤੇ ਸਮੁੰਦਰੀ ਸਰਹੱਦਾਂ ਨੂੰ ਲੈ ਕੇ ਬੇਲੋੜੀ ਲੜਾਈ ਛੇੜੀ ਹੋਈ ਹੈ, ਉਸ ਨੂੰ ਹੁਣ ਉਨ੍ਹਾਂ ਦੇਸ਼ਾਂ ਨਾਲ ਮੁੜ ਸਾਵੇਂ ਸੰਬੰਧ ਬਣਾਉਣ ਦੀ ਨੀਤੀ ਅਪਣਾਉਣੀ ਪੈ ਰਹੀ ਹੈ। ਆਪਣੀ ਮੰਡੀ ਦੇ ਮਾਲ ਨੂੰ ਇਨ੍ਹਾਂ ਦੇਸ਼ਾਂ ਵਿਚ ਭੇਜਣ ਲਈ ਉਸ ਨੇ ਨਵੇਂ ਸਮਝੌਤੇ ਕਰਨ ਦੀ ਨੀਤੀ ਅਪਣਾਈ ਹੈ। ਭਾਰਤ ਨੇ ਟਰੰਪ ਦੀ ਸਮਾਨ ਟੈਰਿਫ਼ ਲਾਉਣ ਦੀ ਨੀਤੀ ਵਿਰੁੱਧ ਆਪਣਾ ਪ੍ਰਤੀਕਰਮ ਤਾਂ ਜ਼ਰੂਰ ਪ੍ਰਗਟਾਇਆ ਹੈ, ਪਰ ਦੋਹਾਂ ਦੇਸ਼ਾਂ ਦੇ ਵਪਾਰ ਨੂੰ ਨਵੀਂ ਦਿਸ਼ਾ ਅਤੇ ਰੂਪ ਦੇਣ ਲਈ ਉਸ ਨੇ ਟਕਰਾਅ ਦੀ ਥਾਂ 'ਤੇ ਦੁਵੱਲੀ ਗੱਲਬਾਤ ਦੀ ਨੀਤੀ ਨੂੰ ਪਹਿਲ ਦਿੱਤੀ ਹੈ। ਇਸ ਸੰਬੰਧੀ ਭਾਰਤ ਦੇ ਸੰਬੰਧਿਤ ਅਧਿਕਾਰੀਆਂ ਤੇ ਮੰਤਰੀਆਂ ਨੇ ਅਮਰੀਕਾ ਦਾ ਵੀ ਦੌਰਾ ਕੀਤਾ ਹੈ।

ਭਾਰਤ ਵਿਚ ਵੀ ਹਰ ਪੱਧਰ 'ਤੇ ਇਹ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਵਲੋਂ ਅਪਣਾਈ ਜਾਣ ਵਾਲੀ ਅਜਿਹੀ ਨੀਤੀ ਦੇ ਸੰਦਰਭ ਵਿਚ ਵਪਾਰਕ ਸੰਤੁਲਨ ਬਣਾਉਣ ਲਈ ਆਪਣੀਆਂ ਵਪਾਰਕ ਨੀਤੀਆਂ ਵਿਚ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਜਾਣ। ਲਗਾਤਾਰ ਅਮਰੀਕਾ ਨਾਲ ਚੱਲ ਰਹੀ ਅਜਿਹੀ ਗੱਲਬਾਤ ਤੋਂ ਇਹ ਸੰਭਾਵਨਾ ਜ਼ਰੂਰ ਬਣੀ ਨਜ਼ਰ ਆ ਰਹੀ ਹੈ ਕਿ ਦੋਵੇਂ ਦੇਸ਼ ਕਿਸੇ ਨਾ ਕਿਸੇ ਤਰ੍ਹਾਂ ਵਪਾਰ ਨੂੰ ਤਵਾਜ਼ਨ ਬਣਾਉਣ 'ਚ ਸਫ਼ਲ ਹੋ ਜਾਣਗੇ। ਇਸੇ ਕਵਾਇਦ ਦੇ ਚਲਦਿਆਂ ਅਮਰੀਕੀ ਉਪ ਰਾਸ਼ਟਰਪਤੀ ਦੀ ਇਸ ਯਾਤਰਾ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਜਿਸ ਤਰ੍ਹਾਂ ਅਮਰੀਕਾ ਵਿਚ ਹੀ ਟਰੰਪ ਦੀਆਂ ਅਜਿਹੀਆਂ ਨੀਤੀਆਂ ਦਾ ਵੱਡਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ, ਜਿਸ ਤਰ੍ਹਾਂ ਯੂਰਪੀਅਨ ਯੂਨੀਅਨ ਦੇ ਲੰਬੇ ਸਮੇਂ ਤੋਂ ਅਮਰੀਕਾ ਦੇ ਸਾਥੀ ਚੱਲੇ ਆ ਰਹੇ ਦੇਸ਼ਾਂ ਨੇ ਇਸ ਨੀਤੀ ਸੰਬੰਧੀ ਸਖ਼ਤ ਪ੍ਰਤੀਕਰਮ ਪ੍ਰਗਟਾਇਆ ਹੈ, ਉਸ ਨਾਲ ਵੀ ਟਰੰਪ ਪ੍ਰਸ਼ਾਸਨ ਨੂੰ ਆਪਣੀਆਂ ਨਵੀਆਂ ਨੀਤੀਆਂ 'ਤੇ ਮੁੜ ਵਿਚਾਰ ਕਰਨ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਇਸੇ ਕਰਕੇ ਟਰੰਪ ਨੇ ਹਾਲੇ ਆਪਣੀ ਨੀਤੀ 'ਤੇ ਅਮਲ ਨੂੰ ਕੁਝ ਸਮੇਂ ਤੱਕ ਰੋਕ ਕੇ ਰੱਖਿਆ ਹੋਇਆ ਹੈ। ਚਾਹੇ ਉਹ ਇਸ ਨੀਤੀ ਨਾਲ ਅਮਰੀਕਾ ਨੂੰ ਹੋਰ ਮਜ਼ਬੂਤ ਬਣਾਉਣ ਦਾ ਚਾਹਵਾਨ ਰਿਹਾ ਹੈ, ਪਰ ਦੁਨੀਆ ਭਰ ਦਾ ਮਾਲ ਅਮਰੀਕਾ ਵਿਚ ਘੱਟ ਆਉਣ ਨਾਲ ਜਾਂ ਅਮਰੀਕੀ ਟੈਰਿਫ ਨਾਲ ਮਹਿੰਗੇ ਭਾਅ ਆਉਣ ਨਾਲ ਉੱਥੇ ਮਹਿੰਗਾਈ ਦੇ ਵਧਣ ਦੀ ਸੰਭਾਵਨਾ ਬਣ ਗਈ ਹੈ। ਇਸ ਕਾਰਨ ਅਮਰੀਕਾ ਦੁਨੀਆ ਵਿਚ ਅਲੱਗ-ਥਲੱਗ ਹੋਣ ਵੱਲ ਵੀ ਵਧਦਾ ਨਜ਼ਰ ਆ ਰਿਹਾ ਹੈ।

ਆਸ ਹੈ ਕਿ ਭਾਰਤ ਵਰਗੇ ਵੱਡੇ ਦੇਸ਼, ਜਿਨ੍ਹਾਂ ਨਾਲ ਚਿਰਾਂ ਤੋਂ ਅਮਰੀਕਾ ਦੇ ਵਪਾਰਕ ਸੰਬੰਧ ਚਲੇ ਆ ਰਹੇ ਹਨ, ਉਨ੍ਹਾਂ ਨਾਲ ਉਹ ਸੰਬੰਧ ਵਿਗਾੜਨ ਨੂੰ ਤਰਜੀਹ ਨਹੀਂ ਦੇਵੇਗਾ। ਖ਼ਾਸ ਤੌਰ 'ਤੇ ਉਸ ਸਮੇਂ ਜਦੋਂ ਉਸ ਦਾ ਚੀਨ ਵਰਗੇ ਵੱਡੇ ਮੁਲਕ ਨਾਲ ਸਿੱਧਾ ਟਕਰਾਅ ਬਣਿਆ ਨਜ਼ਰ ਆ ਰਿਹਾ ਹੈ। ਇਸ ਸੰਦਰਭ ਵਿਚ ਵੇਂਸ ਦੀ ਇਹ ਯਾਤਰਾ ਦੋਹਾਂ ਦੇਸ਼ਾਂ ਦੇ ਪਹਿਲਾਂ ਤੋਂ ਚਲੇ ਆ ਰਹੇ ਵਪਾਰਕ ਤੇ ਰਣਨੀਤਕ ਸੰਬੰਧਾਂ ਨੂੰ ਕਾਇਮ ਰੱਖਣ ਵਿਚ ਕਿੰਨੀ ਕੁ ਸਹਾਈ ਹੁੰਦੀ ਹੈ, ਇਹ ਤਾਂ ਹਾਲੇ ਵੇਖਣਾ ਬਾਕੀ ਹੋਵੇਗਾ, ਪਰ ਇਸ ਯਾਤਰਾ ਦੇ ਅਜਿਹੇ ਸੁਖਾਵੇਂ ਪ੍ਰਭਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜੋ ਦੋਹਾਂ ਦੇਸ਼ਾਂ ਲਈ ਨੇੜਲੇ ਭਵਿੱਖ ਵਿਚ ਲਾਭਕਾਰੀ ਸਾਬਿਤ ਹੋ ਸਕਦੇ ਹਨ।

## ਅਮਰੀਕੀ ਉਪ ਰਾਸ਼ਟਰਪਤੀ ਵੈਂਸ ਨੇ ਪਰਿਵਾਰ ਨਾਲ ਤਾਜ ਮਹਿਲ ਦਾ ਕੀਤਾ ਦੌਰਾ



ਆਗਰਾ : ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਬੁੱਧਵਾਰ ਨੂੰ ਆਪਣੀ ਪਤਨੀ ਊਸ਼ਾ ਵੈਂਸ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਨਾਲ ਤਾਜ ਮਹਿਲ ਦਾ ਦੌਰਾ ਕੀਤਾ। ਵੈਂਸ ਨੇ ਆਪਣੀ ਫੇਰੀ ਤੋਂ ਬਾਅਦ ਵਿਜ਼ਟਰ ਡਾਇਰੀ ਵਿਚ ਲਿਖਿਆ "ਤਾਜ ਮਹਿਲ ਸ਼ਾਨਦਾਰ ਹੈ। ਸੱਚੇ ਪਿਆਰ, ਮਨੁੱਖੀ ਪ੍ਰਤੀਭਾ ਅਤੇ ਭਾਰਤ ਦੇ ਮਹਾਨ ਦੇਸ਼ ਨੂੰ ਸ਼ਰਧਾਂਜਲੀ ਦਾ ਪ੍ਰਮਾਣ।" ਅਧਿਕਾਰੀਆਂ ਨੇ ਦੱਸਿਆ ਕਿ ਵੈਂਸ ਪਰਿਵਾਰ ਬੁੱਧਵਾਰ ਨੂੰ ਜੈਪੁਰ ਤੋਂ ਆਗਰਾ ਹਵਾਈ ਅੱਡੇ 'ਤੇ ਪੁੱਜਿਆ, ਜਿੱਥੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਇਸ ਮੌਕੇ ਵੈਂਸ ਦੇ ਨਾਲ ਉਨ੍ਹਾਂ ਦੀ ਪਤਨੀ ਊਸ਼ਾ ਅਤੇ ਉਨ੍ਹਾਂ ਦੇ ਤਿੰਨ ਬੱਚੇ ਪੁੱਤਰ ਈਵਾਨ ਅਤੇ ਵਿਵੇਕ, ਅਤੇ ਧੀ ਮੀਰਾਬੇਲ ਵੀ ਸਨ। ਪਰਿਵਾਰ ਭਾਰਤ ਦੇ ਚਾਰ ਦਿਨਾਂ ਦੌਰੇ 'ਤੇ ਹੈ। ਹਵਾਈ ਅੱਡੇ 'ਤੇ ਵੈਂਸ ਨੂੰ ਮੁੱਖ ਮੰਤਰੀ ਆਦਿਤਿਆਨਾਥ ਨਾਲ ਸੰਖੇਪ ਵਿਚ ਗੱਲਬਾਤ ਕਰਦੇ ਦੇਖਿਆ ਗਿਆ। ਇਕ ਅਧਿਕਾਰਤ ਬਿਆਨ ਅਨੁਸਾਰ ਉਨ੍ਹਾਂ ਦੇ ਕਾਫਲੇ ਦਾ ਰਸਤਾ ਵਿਸ਼ੇਸ਼ ਤੌਰ 'ਤੇ ਸਜਾਇਆ ਗਿਆ ਸੀ, ਸੈਂਕੜੇ ਸਕੂਲੀ ਬੱਚੇ ਅਮਰੀਕੀ ਅਤੇ ਭਾਰਤੀ ਝੰਡਾ ਲਹਿਰਾਉਂਦੇ ਹੋਏ ਖੜ੍ਹੇ ਸਨ।

ਮਾਰਨ ਵਾਲੇ ਮਰ ਗਏ ਜਾਲਮ ਕਈ ਸਰਕਾਰਾਂ ਦੇ
ਅੱਜ ਦੁਨੀਆਂ ਦੀਆਂ ਗਲੀਆਂ ਵਿੱਚ ਹੜ੍ਹ ਵਗਦੇ ਸਰਦਾਰਾਂ ਦੇ

# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਤੋਂ 26ਵਾਂ ਮਹਾਨ ਨਗਰ ਕੀਰਤਨ

## ਅਲੌਕਿਕ ਰੂਹਾਨੀ ਸ਼ਰਧਾ ਸੇਵਾ ਖਾਲਸਾਈ ਜਜ਼ਬਿਆਂ ਦਾ ਮਹਾਨ ਸੁਮੇਲ ਹੋ ਨਿਬੜਿਆ


















ਸਟਾਕਟਨ/ਕੈਲੀਫੋਰਨੀਆ (ਸਾਡੇ ਲੋਕ ਬਿਊਰੋ) : ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ ’ਤੇ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੀ ਧਰਤੀ ’ਤੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ 26ਵਾਂ ਮਹਾਨ ਨਗਰ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ’ਚ ਵਿਸ਼ਾਲ ਕੀਰਤਨ ਕੱਢਿਆ ਗਿਆ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ ਅਤੇ ਹਰ ਪਾਸੇ ਰੌਣਕ ਸੰਗਤਾਂ ਦਾ ਇਕੱਠ ਨਜ਼ਰ ਆ ਰਿਹਾ ਸੀ। ਇਸ ਨਗਰ ਕੀਰਤਨ ਵਿਚ ਪੂਰੇ ਅਮਰੀਕਾ ਵਿਚੋਂ ਸੰਗਤਾਂ ਨੇ ਗੁਰੂ ਘਰ ਆ ਕੇ ਹਾਜ਼ਰੀ ਲਗਵਾਈ। ਨਗਰ ਕੀਰਤਨ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਕੇਸਰੀ ਦਸਤਾਰਾਂ ਕੇਸਰੀ ਚੁੰਨੀਆਂ ਨਾਲ ਸਟਾਕਟਨ ਸ਼ਹਿਰ ਕੇਸਰੀ ਰੰਗ ਵਿੱਚ ਰੰਗਿਆ ਹੋਇਆ ਸੀ ਸ਼ਹੀਦਾਂ ਦੀਆਂ ਫੋਟੋ ਅਤੇ ਮੌਜੂਦਾ ਦੌਰ ਦੇ ਸ਼ਹੀਦਾਂ ਦੀਆਂ ਥਾਂ-ਥਾਂ ਤਸਵੀਰਾਂ ਕੌਮ ਵਿੱਚ ਆਈ ਤਬਦੀਲੀ ਦਾ ਅਗਾਜ਼ ਦੱਸ ਰਹੀਆਂ ਸਨ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਿੱਖਾਂ ਨਾਲ ਬੇ-ਇਨਸਾਫੀ ਦੀਆਂ ਗੱਲਾਂ ਕਰ ਰਹੇ ਸਨ। ਐਤਵਾਰ ਸਵੇਰੇ ਸਜੇ ਦੀਵਾਨ ਵਿਚ ਸਵੇਰੇ ਤੋਂ ਹੀ ਸੰਗਤਾਂ ਗੁਰੂ ਘਰ ਵਿਖੇ ਪਹੁੰਚ ਗਈਆਂ ਸਨ। ਕੀਰਤਨ ਉਪਰੰਤ ਪੰਥਕ ਬੁਲਾਰਿਆਂ ਨੇ ਖਾਲਸੇ ਦੇ ਜਨਮ ਦਿਹਾੜੇ ਨਾਲ ਸਬੰਧਿਤ ਆਪਣੇ ਵਿਚਾਰਾਂ ਦੁਆਰਾ ਸੰਗਤਾਂ ਨਾਲ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਜਸਵਿੰਦਰ ਸਿੰਘ ਨਿੱਝਰ ਨੇ ਸਾਰਿਆਂ ਹੀ ਬੁਲਾਰਿਆਂ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਦਾ ਸਮਾਂ ਦਿੱਤਾ, ਜਿਨ੍ਹਾਂ ਵਿਚ ਅਮਰੀਕਾ ਦੇ ਵੱਖ ਵੱਖ ਆਗੂ, ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਅਤੇ ਅਮਰੀਕਨ ਸਿਆਸਤਦਾਨ ਸ਼ਾਮਲ ਸਨ।

ਇਸ ਪਵਿੱਤਰ ਮੌਕੇ ਸਟਾਕਟਨ ਸਿਟੀ ਦੇ ਆਫੀਸ਼ਲ ਮੈਂਬਰ ਪਤਵੰਤੇ ਸੱਜਣਾਂ ਨੇ ਗੁਰੂਘਰ ਵਿਖੇ ਪਹੁੰਚ ਕੇ ਸੰਗਤਾਂ ਨੂੰ ਖਾਲਸੇ ਦੇ ਸਿਰਜਣਾ ਦਿਵਸ ਦੀ ਵਧਾਈ ਦਿੱਤੀ। ਬਾਅਦ ਵਿਚ ਆਏ ਹੋਏ ਸਾਰਿਆਂ ਪਤਵੰਤੇ ਸੱਜਣਾਂ ਦਾ ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਸਨਮਾਨ ਕੀਤਾ ਗਿਆ। ਸਿਰੋਪਾਓ ਅਤੇ ਪਲੈਕਾਂ ਦੀ ਬਖਸ਼ਿਸ਼ ਕੀਤੀ ਗਈ। ਉਪ੍ਰੰਤ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਆਗਿਆ ਲੈ ਕੇ ਨਗਰ ਕੀਰਤਨ ਦੀ ਆਰੰਭਤਾ












### ਮਾਰਨ ਵਾਲੇ ਮਰ ਗਏ ਜਾਲਮ ਕਈ ਸਰਕਾਰਾਂ ਦੇ
### ਅੱਜ ਦੁਨੀਆਂ ਦੀਆਂ ਗਲੀਆਂ ਵਿੱਚ ਹੜ੍ਹ ਵਗਦੇ ਸਰਦਾਰਾਂ ਦੇ

# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਤੋਂ 26ਵਾਂ ਮਹਾਨ ਨਗਰ ਕੀਰਤਨ ਅਲੌਕਿਕ ਰੂਹਾਨੀ ਸ਼ਰਧਾ ਸੇਵਾ ਖਾਲਸਾਈ ਜਜ਼ਬਿਆਂ ਦਾ ਮਹਾਨ ਸੁਮੇਲ ਹੋ ਨਿਬੜਿਆ

















ਕੀਤੀ ਗਈ। ਸੁੰਦਰ ਸਜਾਈ ਹੋਈ ਪਾਲਕੀ ਵਿਚ ਗੁਰੂ ਸਾਹਿਬ ਦਾ ਸਰੂਪ ਲਿਜਾਇਆ ਗਿਆ। ਇਸ ਨਗਰ ਕੀਰਤਨ ਵਿਚ ਸੰਗਤਾਂ ਠਾਠਾਂ ਮਾਰਦੇ ਦਰਿਆ ਵਾਂਗ ਸਨ। ਕੇਸਰੀ ਦਸਤਾਰਾਂ, ਕੇਸਰੀ ਦੁਪੱਟਿਆਂ ਨਾਲ ਸਾਰੇ ਪਾਸੇ ਮਨਮੋਹਕ ਦ੍ਰਿਸ਼ ਬਣ ਰਿਹਾ ਸੀ। ਸੰਗਤਾਂ ਨਾਲ-ਨਾਲ ਕੀਰਤਨ ਸਰਵਣ ਕਰ ਰਹੀਆਂ ਸਨ।

18 ਅਪ੍ਰੈਲ ਸ਼ਨੀਵਾਰ ਨੂੰ ਸਵੇਰੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਗਈ। ਨਿਸ਼ਾਨ ਸਾਹਿਬ ਨੂੰ ਕੱਚੀ ਲੱਸੀ ਦੇ ਨਾਲ ਇਸ਼ਨਾਨ ਕਰਵਾਉਣ ਤੋਂ ਬਾਅਦ ਚੋਲਾ ਬਦਲੀ ਕੀਤਾ ਗਿਆ। ਸੰਗਤਾਂ ਵਾਹਿਗੁਰੂ ਜਾਪ ਕਰ ਰਹੀਆਂ ਸਨ। ਅਰਦਾਸ ਕਰਨ ਤੋਂ ਬਾਅਦ ਸੰਗਤਾਂ ਵਿਚ ਦੇਗ ਵਰਤਾਈ ਗਈ। ਸ਼ਨੀਵਾਰ ਸ਼ਾਮ ਗੁਰੂਘਰ ਵਿਖੇ ਦੇਰ ਰਾਤ ਤੱਕ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਦੇ ਪ੍ਰਸਿੱਧ ਕਥਾਵਾਚਕ ਅਤੇ ਸਿੱਖ ਸਕਾਲਰ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਨੇ ਖਾਲਸਾ ਪੰਥ ਦੇ ਗੌਰਵਮਈ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਨਗਰ ਕੀਰਤਨ ਵਿਚ ਸਭ ਪਾਸੇ ਰੌਣਕਾਂ ਲੱਗੀਆਂ ਹੋਈਆਂ ਸਨ। ਗਤਕਾ ਪਾਰਟੀ ਵਲੋਂ ਵੀ ਆਪਣੇ ਜੌਹਰ ਦਿਖਾਏ ਗਏ। ਵੱਖ-ਵੱਖ ਸੇਵਾਦਾਰਾਂ ਵਲੋਂ ਸੰਗਤਾਂ ਦੀ ਸੇਵਾ ਕਰਨ ਲਈ ਵੀ ਵੱਖਰਾ ਚਾਅ ਸੀ। ਛੋਲੇ-ਭਟੂਰੇ, ਸਮੋਸੇ, ਗੋਲ-ਗੱਪੇ, ਰਸ-ਮਲਾਈ, ਜੂਸ, ਤਰ੍ਹਾਂ ਤਰ੍ਹਾਂ ਦੇ ਕੋਲਡ ਡਰਿੰਕ, ਪੀਜਾ, ਟਿੱਕੀਆਂ, ਜਲੇਬੀਆਂ, ਗੰਨੇ ਦਾ ਰਸ, ਕਾਲੇ ਛੋਲੇ, ਚਾਹ, ਬੇਸਣ, ਦੁੱਧ, ਵੱਖ ਵੱਖ ਤਰ੍ਹਾਂ ਦੀ ਮਠਿਆਈ, ਫਰੂਟ ਚਾਟ, ਵੱਖ ਵੱਖ ਤਰ੍ਹਾਂ ਦੇ ਪਕੌੜਿਆਂ ਗਰਮ ਗਰਮ ਬਦਾਮਾਂ ਅਤੇ ਕੇਸਰ ਵਾਲਾ ਦੁੱਧ ਦੇ ਸਟਾਲ ਲਗਾਕੇ ਸੰਗਤਾਂ ਦੀ ਸੇਵਾ ਕੀਤੀ ਗਈ। ਹਰੇਕ ਸਟਾਲ ਉਪਰ ਸੇਵਾਦਾਰ ਵੱਧ ਤੋਂ ਵੱਧ ਸੇਵਾ ਕਰ ਰਹੇ ਸਨ। 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਸਿੱਖ ਆਗੂ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ. ਹਰਨੇਕ ਸਿੰਘ ਅਟਵਾਲ ਨੇ ਕਿਹਾ ਕਿ ਇਹ ਮਹਾਨ ਨਗਰ ਕੀਤਰਨ ਵਿੱਚ ਸੰਗਤਾਂ ਗਦਰੀ ਬਾਬਿਆਂ ਨੂੰ ਨਮਸਤਿਕ ਹੋਣ ਤੇ ਖਾਲਸੇ ਦੇ ਜਨਮ ਦਿਨ ਉਪਰ ਸ਼ਰਧਾ ਨਾਲ ਆਈਆਂ ਹਨ ਗੁਰੂ ਸਾਹਿਬ ਨੇ ਏਨਾ ਵੱਡਾ ਸੰਗਤਾਂ ਦਾ ਇਕੱਠ ਅਤੇ ਸਾਰੇ ਪ੍ਰੋਗਰਾਮ ਨਿਰਵਿਘਨ ਗੁਰੂ ਸਾਹਿਬ ਦੀ ਅਪਾਰ ਕਿਰਪਾ ਨਾਲ ਹੋਏ ਹਨ ਉਨ੍ਹਾਂ ਸਮੂਹ ਸੰਗਤਾਂ ਦਾ ਤਹਿ ਦਿੱਲ ਤੋਂ ਧੰਨਵਾਦ ਕੀਤਾ।














# ਵੈਸਾਖੀ ਅਤੇ ਖਾਲਸਾ ਦਿਹਾੜੇ 'ਤੇ ਨਗਰ ਕੀਰਤਨ ਮੌਕੇ ਸਰੀ ਖਾਲਸਾਈ ਜਾਹੋ-ਜਲਾਲ 'ਚ ਰੰਗਿਆ ਗਿਆ

## ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਿੱਖਾਂ ਲਈ ਹਾਅ ਦਾ ਨਾਅਰਾ ਮਾਰਨ ਲਈ ਸਨਮਾਨਿਤ








ਸਰੀ, (ਡਾ. ਗੁਰਵਿੰਦਰ ਸਿੰਘ) : 19 ਅਪ੍ਰੈਲ ਸ਼ਨਿਚਰਵਾਰ ਨੂੰ ਕੈਨੇਡਾ ਦੀ ਧਰਤੀ 'ਤੇ 'ਸਿੱਖ ਵਿਰਾਸਤ' ਮਹੀਨੇ ਦੌਰਾਨ ਖਾਲਸਾ ਦਿਹਾੜੇ ਨੂੰ ਸਮਰਪਿਤ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਸਰੀ ਵਲੋਂ ਸਜਾਏ ਮਹਾਨ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ ਸਾਢੇ ਪੰਜ ਲੱਖ ਤੋਂ ਵੱਧ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਸਰੀ ਸ਼ਹਿਰ ਖਾਲਸਾਈ ਜਾਹੋ-ਜਲਾਲ ਵਿੱਚ ਰੰਗਿਆ ਗਿਆ। ਕੈਨੇਡਾ ਦੇ ਮੂਲ ਨਿਵਾਸੀਆਂ ਦੀ ਰਵਾਇਤੀ ਅਰਦਾਸ ਨਾਲ ਆਰੰਭ ਹੋਏ ਨਗਰ ਕੀਰਤਨ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾਲਕੀ ਦੇ ਵਿੱਚ ਸੁਸ਼ੋਭਿਤ ਕੀਤੇ ਹੋਏ ਸਨ, ਜਿਨ੍ਹਾਂ ਦੇ ਅੱਗੇ ਗੱਤਕੇ ਦੇ ਤਿਆਰ-ਬਰ-ਤਿਆਰ ਸਿੱਖ ਬੱਚੇ-ਬੱਚੀਆਂ ਸਲਾਮੀ ਦੇ ਰਹੇ ਹਨ।

ਸਿੱਖੀ ਮਰਿਆਦਾ ਅਨੁਸਾਰ ਪ੍ਰਭਾਵਸ਼ਾਲੀ ਤੇ ਮਨਮੋਹਕ ਢੰਗ ਨਾਲ ਸਜਾਏ ਗਏ ਗੁਰੂ ਗ੍ਰੰਥ ਸਾਹਿਬ ਦੇ ਵਾਹਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖੀ ਸਿਧਾਂਤਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਕੀਤੇ ਖਾਲਸੇ, ਗੁਰਬਾਣੀ ਦੀ ਪ੍ਰੇਰਨਾ ਤੇ ਇਤਿਹਾਸ ਨੂੰ ਵਰਤਮਾਨ ਵਿੱਚ ਅਪਨਾਉਂਦਿਆਂ, ਸੰਗਤਾਂ ਨੇ ਬਾਣੀ ਅਤੇ ਸਿਧਾਂਤਕ ਗਿਆਨ ਦਾ ਭਰਪੂਰ ਆਨੰਦ ਮਾਣਿਆ।

ਇਸ ਵਾਰ ਨਗਰ ਕੀਰਤਨ ਵਿੱਚ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਕੇਂਦਰ ਬਿੰਦੂ ਰਹੀਆਂ। ਸਰੀ, ਵੈਨਕੂਵਰ ਨਿਊਵੈਸਟ ਮਨਿਸਟਰ ਅਤੇ ਐਬਟਸਫੋਰਡ ਦੇ ਵੱਖ-ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਨੌਜਵਾਨ ਖਾਲਿਸਤਾਨ ਦੇ ਝੰਡੇ ਲਹਿਰਾ ਰਹੇ ਸਨ ਅਤੇ ਖਾਲਸਾ ਰਾਜ ਦੀ ਕਾਮਨਾ ਕਰ ਰਹੇ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ, ਜਿੱਥੋਂ ਗੁਰਬਾਣੀ ਦਾ ਕੀਰਤਨ ਪ੍ਰਸਾਰਤ ਹੋ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ।

ਖਾਲਸਾ ਦਿਹਾੜੇ 'ਤੇ ਸਰੀ ਦੇ ਵਿਸ਼ਾਲ ਨਗਰ ਕੀਰਤਨ ਵਿੱਚ ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਵਿੱਚ ਸਿੱਖਾਂ ਦੇ ਹੱਕਾਂ ਲਈ ਡਟਣ ਅਤੇ ਕੈਨੇਡੀਅਨ ਨਾਗਰਿਕ ਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਦੇ ਪ੍ਰਧਾਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਇੰਡੀਅਨ ਸਟੇਟ ਦੁਆਰਾ ਕੀਤੇ ਕਤਲ ਬਾਰੇ ਪਾਰਲੀਮੈਂਟ ਵਿੱਚ ਸੱਚਾਈ ਜਨਤਕ ਕਰਨ ਲਈ, ਇਸ ਵਰੇ ਦਾ ਵਿਸ਼ੇਸ਼ ਸਨਮਾਨ ਦਿੱਤਾ ਗਿਆ, ਜੋ ਕਿ ਜਸਟਿਨ ਟਰੂਡੋ ਦੀ ਗੈਰ-ਮੌਜੂਦਗੀ 'ਚ ਸਰੀ ਨਿਊਟਨ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਸੁਖ ਧਾਲੀਵਾਲ ਨੇ ਲਿਆ ਅਤੇ ਸਨਮਾਨ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਜਸਟਿਨ ਟਰੂਡੋ ਦੀ ਸਿੱਖਾਂ ਲਈ ਇਤਿਹਾਸਿਕ ਦੇਣ ਦੇ ਵੱਖ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਈ। ਗੁਰਦੁਆਰਾ ਦਸ਼ਮੇਸ਼ ਦਰਬਾਰ ਦੇ ਸੇਵਾਦਾਰਾਂ ਅਤੇ ਸਰੀ ਨਗਰ ਕੀਰਤਨ ਦੇ ਪ੍ਰਬੰਧਕਾਂ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਜਸਟਿਨ ਟਰੂਡੋ ਦੀ ਸਿੱਖ ਕੌਮ ਸਦਾ ਰਿਣੀ ਹੈ ਅਤੇ ਨਵਾਬ ਮਲੇਰਕੋਟਲਾ ਵਾਂਗ, ਜੋ ਵੀ ਸਿੱਖਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਾ ਹੈ, ਸਿੱਖ ਉਸ ਨੂੰ ਕਦੇ ਨਹੀਂ ਭੁਲਾਉਂਦੇ!

28 ਅਪ੍ਰੈਲ ਨੂੰ ਕੈਨੇਡਾ ਵਿੱਚ ਹੋਰ ਰਹੀਆਂ ਫੈਡਰਲ ਚੋਣਾਂ ਦੇ ਮੱਦੇ ਨਜ਼ਰ ਇਸ ਨਗਰ ਕੀਰਤਨ ਵਿੱਚ ਫੈਡਰਲ ਆਗੂਆਂ 'ਚੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰਾਂ ਟੋਰੀ ਆਗੂ ਪੀਅਰ ਪੌਲੀਏਵ ਆਤੇ ਨਿਊ ਡੈਮੋਕਰੇਟ ਪਾਰਟੀ ਆਗੂ ਜਗਮੀਤ ਸਿੰਘ ਨੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਇਹਨਾਂ ਲੀਡਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪ੍ਰਗਟ ਦਿਹਾੜੇ ਦੇ ਸਬੰਧ ਵਿੱਚ ਸਿੱਖਾਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਕੈਨੇਡਾ ਦੇ ਵਿਕਾਸ ਵਿੱਚ ਸਿੱਖਾਂ ਦੇ ਪਾਏ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਪ੍ਰਧਾਨ ਮੰਤਰੀ ਤੇ ਲਿਬਰਲ ਆਗੂ ਮਾਰਕ ਕਾਰਨੀ ਨੇ ਇਸ ਮੌਕੇ ਤੇ ਆਪਣੇ ਪ੍ਰਤੀਨਿਧਾਂ ਰਾਹੀਂ ਸਿੱਖ ਭਾਈਚਾਰੇ ਨੂੰ ਵਧਾਈ ਸੰਦੇਸ਼ ਭੇਜਿਆ।

ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਈਬੀ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿਕਾਸ ਵਿੱਚ ਸਿੱਖ ਭਾਈਚਾਰੇ ਵਲੋਂ ਪਾਏ ਯੋਗਦਾਨ ਦੀ ਗੱਲ ਕਰਦਿਆਂ, ਉਨ੍ਹਾਂ ਨੂੰ ਭਾਈਚਾਰਕ ਏਕਤਾ ਦੇ ਹਾਮੀ ਦੱਸਿਆ। ਕੀਰਤਨ ਦੌਰਾਨ ਸਰੀ ਦੀ ਮੇਅਰ ਬਰਿੰਡਾ ਲੌਕ ਨੇ ਵੀ ਸੰਬੋਧਨ ਕੀਤਾ। ਵਿਲੱਖਣ ਗੱਲ ਇਹ ਸੀ ਕਿ ਨਗਰ ਕੀਰਤਨ ਵਿੱਚ ਸਿੱਖਾਂ ਤੋਂ ਇਲਾਵਾ ਹਿੰਦੂ, ਇਸਾਈ, ਮੂਲ ਨਿਵਾਸੀ, ਮੁਸਲਿਮ, ਯਹੂਦੀ, ਖੱਬੇ ਪੱਖੀ, ਤਰਕਸ਼ੀਲ ਅਤੇ ਹੋਰਨਾਂ ਕੌਮਾਂ ਦੇ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਵੀ ਉਤਸ਼ਾਹ ਨਾਲ ਸ਼ਾਮਲ ਹੋਏ। ਉਹਨਾਂ ਤੋਂ ਇਲਾਵਾ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਵਿਦਿਅਕ ਖੇਤਰ ਦੀਆਂ ਸ਼ਖਸੀਅਤਾਂ ਨੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਤੇ ਸੰਗਤਾਂ ਨੂੰ ਵਿਸਾਖੀ ਦੇ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

ਨਗਰ ਕੀਰਤਨ ਦੌਰਾਨ ਸਿੱਖ ਮੋਟਰਸਾਈਕਲ ਕਲੱਬਾਂ ਦੇ ਮੈਂਬਰਾਂ ਨੇ ਜਿਥੇ ਕੈਨੇਡਾ ਵਿਚ ਸਿੱਖੀ ਦੀ ਸ਼ਾਨ ਦਾ ਪ੍ਰਦਰਸ਼ਨ ਕੀਤਾ, ਉਥੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਨੇ ਬੱਚਿਆਂ ਤੇ ਗੈਰ ਸਿੱਖਾਂ ਦੇ ਸਿਰਾਂ ਦੇ ਕੇਸਰੀ ਦਸਤਾਰਾਂ ਸਜਾਉਣ ਦੀ ਸੇਵਾ ਨਿਭਾਈ। ਖਾਲਸਾ ਪੰਥ ਦੀ ਸ਼ਾਨ ਸਰੀ ਨਗਰ ਕੀਰਤਨ ਜਿੱਥੇ ਖਾਲਸਾ ਦਿਹਾੜੇ, ਗੁਰੂ ਸਾਹਿਬਾਨ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਝਾਕੀਆਂ ਪੇਸ਼ ਕਰ ਰਿਹਾ ਸੀ, ਉੱਥੇ ਖਾਲਿਸਤਾਨ ਦੀ ਮੰਗ ਕਰਦੇ ਪੰਜਾਬ ਰੈਫਰੈਂਡਮ ਦੀ ਜ਼ੋਰਦਾਰ ਆਵਾਜ਼ ਤੋਂ ਇਲਾਵਾ, ਖਾਲਸਾ ਏਡ ਸੰਸਥਾ ਦੇ ਸਟਾਲ, ਸਿੱਖ ਕੌਮ ਦੇ ਮਹਾਨ ਸੇਵਾਦਾਰ ਭਗਤ ਪੂਰਨ ਸਿੰਘ ਪਿੰਗਲਵਾੜਾ ਸੰਸਥਾ ਤੋਂ ਇਲਾਵਾ ਕਈ ਹੋਰ ਮਾਨਵ ਸੇਵੀ ਸੰਸਥਾਵਾਂ ਸਮੇਤ, ਵੱਖ-ਵੱਖ ਫਲੋਟ ਅਤੇ ਸਟਾਲ ਵੀ ਉਤਸ਼ਾਹ ਦਾ ਕੇਂਦਰ ਸਨ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਬੀਸੀ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ ਵੱਲੋਂ ਇਸ ਮੌਕੇ ਤੇ ਤਖਤੀਆਂ ਲੈ ਕੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਅਤੇ 'ਅਸੀਂ ਦੱਖਣੀ ਏਸ਼ੀਆਈ ਨਹੀਂ' ਪ੍ਰਤੀ ਫੈਲਾਈ ਗਈ ਜਾਗਰੂਕਤਾ ਮੁਹਿੰਮ, ਖਿੱਚ ਦਾ ਕੇਂਦਰ ਬਣੀ।

ਨਗਰ ਕੀਰਤਨ ਵਿੱਚ 'ਸ਼ਬਦ ਲੰਗਰ' ਦੇ ਰੂਪ ਵਿੱਚ ਕੈਨੇਡੀਅਨ ਸਿੱਖ ਸਟਡੀਜ਼ ਅਤੇ ਟੀਚਿੰਗ ਸੁਸਾਈਟੀ, ਵਿਵੇਕ ਗੜ੍ਹ ਪ੍ਰਕਾਸ਼ਨ ਅਤੇ ਪੰਜਾਬ ਗਾਰਡੀਅਨ ਅਖਬਾਰ ਵੱਲੋਂ ਵਿਸ਼ੇਸ਼ ਤੌਰ 'ਤੇ ਕਿਤਾਬਾਂ ਦੇ ਲੰਗਰ ਸਮੇਤ ਹੋਰਨਾ ਸੰਸਥਾਵਾਂ ਵੱਲੋਂ ਪੁਸਤਕਾਂ ਦੇ ਸਟਾਲ ਖਿੱਚ ਦਾ ਕੇਂਦਰ ਬਣੇ ਰਹੇ। ਸਾਰੇ ਰਸਤੇ ਸ਼ਰਧਾਲੂਆਂ ਵੱਲੋਂ ਸਵਾਦੀ ਪਕਵਾਨਾਂ, ਫ਼ਲਾਂ ਤੇ ਤਾਜ਼ੇ ਰਸ ਦੇ ਲੰਗਰ ਲਾਏ ਗਏ ਸਨ। ਨਗਰ ਕੀਰਤਨ ਵਿੱਚ ਦਰਬਾਰ ਸਾਹਿਬ ਦੇ ਜੱਥਿਆਂ, ਕਥਾ ਵਾਚਕਾਂ, ਵਿਦਵਾਨਾਂ ਕਵੀਸ਼ਰਾ ਅਤੇ ਢਾਡੀਆਂ ਨੇ ਹਾਜ਼ਰੀ ਲਵਾਈ।

ਬੀ ਸੀ ਗੁਰਦੁਆਰਾ ਸਿੱਖ ਕੌਂਸਲ ਦੇ ਕੋਆਰਡੀਨੇਟਰ ਭਾਈ ਮਨਿੰਦਰ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਸਿੱਖ ਸਿਧਾਂਤਾਂ ਅਤੇ ਸਿੱਖ ਰਾਜ ਖਾਲਿਸਤਾਨ ਦੇ ਬਾਰੇ ਗੱਲਬਾਤ ਕੀਤੀ। ਇਸ ਤੋਂ ਇਲਾਵਾ ਸਿਖਸ ਫਾਰ ਜਸਟਿਸ ਦੇ ਬੁਲਾਰਿਆਂ ਤੇ ਖਾਲਿਸਤਾਨ ਰੈਫਰੈਂਡਮ ਦੇ ਪ੍ਰਤੀਨਿਧਾਂ ਨੇ ਵਾਰੋ-ਵਾਰੀ ਸੰਬੋਧਨ ਕੀਤਾ ਅਤੇ ਸਿੱਖ ਆਗੂ ਤੇ ਪੰਥਕ ਕਮੇਟੀ ਦੇ ਮੈਂਬਰ ਜਥੇਦਾਰ ਸਤਿੰਦਰਪਾਲ ਸਿੰਘ ਦਿਲ ਨੇ ਖਾਲਿਸਤਾਨ ਦੇ ਨਿਸ਼ਾਨੇ ਬਾਰੇ ਸਿਧਾਂਤਕ ਵਿਚਾਰਾਂ ਕੀਤੀਆਂ।

ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਆਏ ਸਾਬਕਾ ਐਮਪੀ ਸਰਦਾਰ ਅਤਿੰਦਰਪਾਲ ਸਿੰਘ ਖਾਲਿਸਤਾਨੀ, ਅਮਰੀਕਾ ਤੋਂ ਪਹੁੰਚੇ ਵਿਦਵਾਨ ਭਜਨ ਸਿੰਘ ਭਿੰਡਰ ਅਤੇ ਇਹ ਹੋਰ ਬੁਲਾਰਿਆਂ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ਦੀ ਤਰਜਮਾਨੀ ਕਰਦੀ ਕਿਤਾਬ ਗੀਡਿਉਸ਼ ਟੂ ਐਸ਼ਜ (ਸੁਆਹ ਹੋ ਚੁੱਕੇ ਲੋਕ) ਦੇ ਸਹਿ-ਸੰਪਾਦਕ ਲਿਖਾਰੀ ਭਾਈ ਅਮਰੀਕ ਸਿੰਘ ਮੁਕਤਸਰ ਵੀ ਨਗਰ ਕੀਰਤਨ ਵਿੱਚ ਸ਼ਾਮਿਲ ਹੋਏ।

ਸਟੇਜ ਦਾ ਸੰਚਾਲਨ ਭਾਈ ਜਸਵੀਰ ਸਿੰਘ ਕਿ ਭਾਈ ਬਰਜਿੰਦਰ ਸਿੰਘ ਖਹਿਰਾ ਵੱਲੋਂ ਕੀਤਾ ਗਿਆ। ਇਹ ਨਗਰ ਕੀਰਤਨ ਸ਼ਾਮ ਪੰਜ ਵਜੇ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਪੁਲਿਸ, ਸਿਹਤ ਵਿਭਾਗ, ਮਿਉਂਸਿਪੈਲਿਟੀ ਤੇ ਹੋਰ ਵਿਭਾਗਾਂ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਸੁਚੱਜੇ ਢੰਗ ਨਾਲ ਨਿਭਾਈਆਂ ਗਈਆਂ ਅਤੇ 3500 ਦੇ ਕਰੀਬ ਵਲੰਟੀਅਰਾਂ ਨੇ ਸੇਵਾਵਾਂ ਨਿਭਾਈਆਂ। 326ਵੇਂ ਖਾਲਸਾ ਦਿਹਾੜੇ ਨੂੰ ਸਮਰਪਤ ਅਤੇ ਦਸਮੇਸ਼ ਦਰਬਾਰ ਗੁਰਦੁਆਰੇ ਵੱਲੋਂ 26ਵੇਂ ਵਰ੍ਹੇ 'ਤੇ ਉਲੀਕਿਆ ਮਹਾਨ ਨਗਰ ਕੀਰਤਨ ਅਮਿਟ ਪ੍ਰਭਾਵ ਛੱਡਦਾ ਹੋਇਆ, ਸਿੱਖ ਕੌਮ ਦੇ ਜਾਹੋ-ਜਲਾਲ ਨੂੰ ਕੌਮਾਂਤਰੀ ਪੱਧਰ ਤੇ ਉਜਾਗਰ ਕਰਨ ਵਿੱਚ ਸਫਲ ਰਿਹਾ।













# ਕੈਨੇਡਾ ਵਿੱਚ ਸਿੱਖਾਂ ਦਾ ਅਕਸ ਵਿਗਾੜਨ ਦੀ ਸਾਜਿਸ਼ ਦਾ ਪਰਦਾਫਾਸ਼ ਹੋਣਾ ਜ਼ਰੂਰੀ !

## ਸਰੀ ਦੇ ਅਨੁਸ਼ਾਸਨਮਈ ਅਤੇ ਸ਼ਾਂਤਮਈ ਵਿਸ਼ਾਲ ਨਗਰ ਕੀਰਤਨ ਦਾ ਮਾਹੌਲ ਖਰਾਬ ਕਰਨ ਲਈ ਖਾਲਿਸਤਾਨੀ, ਕਿਸੇ ਮੰਦਿਰ ਤੇ ਗੁਰਦੁਆਰੇ ਬਾਹਰ 'ਖਾਲਿਸਤਾਨ ਪੱਖੀ ਨਾਅਰੇ' ਕਿਉਂ ਲਿਖਣਗੇ ?

ਡਾ. ਗੁਰਵਿੰਦਰ ਸਿੰਘ
604 825 1550



ਇਹ ਬੜੀ ਦੁਖਦਾਈ ਅਤੇ ਨਿੰਦਣਯੋਗ ਗੱਲ ਹੈ ਕਿ ਜਦੋਂ ਇੱਕ ਪਾਸੇ ਸਰੀ ਵਿੱਚ ਵਿਸ਼ਾਲ ਨਗਰ ਕੀਰਤਨ ਆਪਣੇ ਜਾਹੋ-ਜਲਾਲ ਨਾਲ ਸਜਾਇਆ ਜਾ ਰਿਹਾ ਸੀ, ਉਦੋਂ ਹੀ ਦੂਜੇ ਪਾਸੇ ਵੈਨਕੂਵਰ ਦੇ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਦੇ ਬਾਹਰ 'ਖਾਲਿਸਤਾਨੀ ਪੱਖੀ' ਨਾਅਰਿਆਂ ਅਤੇ ਤੋੜਭੰਨ ਦੀਆਂ ਖਬਰਾਂ ਆ ਰਹੀਆਂ ਸਨ। ਇਸੇ ਹੀ ਤਰ੍ਹਾਂ ਸਰੀ ਦੇ ਲਕਸ਼ਮੀ ਨਰਾਇਣ ਮੰਦਰ ਦੇ ਬਾਹਰ ਵੀ ਖਾਲਿਸਤਾਨੀ ਨਾਅਰੇ ਅਤੇ ਤੋੜਭੰਨ ਦੀਆਂ ਖਬਰਾਂ ਮੀਡੀਏ ਵਿੱਚ ਨਸ਼ਰ ਹੋਈਆਂ। ਪ੍ਰਬੰਧਕਾਂ ਨੇ ਇਹ ਦੋਸ਼ ਲਾਇਆ ਹੈ ਕਿ ਇਹ 'ਖਾਲਸਤਾਨੀਆਂ ਦੇ ਕਾਰੇ' ਹਨ ਅਤੇ ਇਸ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਕੀਤੀ। ਨਿੰਦਿਆ ਕਰਨੀ ਤਾਂ ਬਣਦੀ ਹੀ ਹੈ, ਪਰ ਜਦੋਂ ਸਥਾਨਕ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਅਜੇ ਤੱਕ ਇਸ ਸਾਰੇ ਘਟਨਾਕ੍ਰਮ ਦੀ ਜਾਂਚ ਹੋ ਰਹੀ ਹੈ, ਉਸ ਤੋਂ ਪਹਿਲਾਂ ਕਿਸੇ ਇੱਕ ਧਿਰ ਨੂੰ ਦੋਸ਼ੀ ਬਣਾ ਕੇ ਕਟਹਿਰੇ ਵਿੱਚ ਖੜਾ ਕਰ ਦੇਣਾ, ਕਿੰਨੀ ਕੁ ਸੂਝ ਬੂਝ ਦੀ ਗੱਲ ਹੈ, ਇਹ ਸੋਚਣ ਵਾਲਾ ਪੱਖ ਹੈ।

ਜਦੋਂ ਪੰਜਾਬ ਤੋਂ ਬਾਹਰ ਸਿੱਖਾਂ ਦੇ ਸਭ ਤੋਂ ਵੱਡੇ ਨਗਰ ਕੀਰਤਨ (ਸਰੀ ਨਗਰ ਕੀਰਤਨ) ਵਿੱਚ ਲੱਖਾਂ ਦੀ ਤਦਾਦ ਵਿੱਚ ਸੰਗਤਾਂ ਅਨੁਸ਼ਾਸਨਈ ਅਤੇ ਸ਼ਾਂਤਮਈ ਰੂਪ ਵਿੱਚ ਸ਼ਾਮਿਲ ਹੋ ਰਹੀਆਂ ਹੋਣ ਅਤੇ ਨਗਰ ਕੀਰਤਨ ਦੇ ਪ੍ਰਬੰਧਕ ਖਾਲਿਸਤਾਨ ਪੱਖੀ ਧਿਰਾਂ ਦੇ ਆਗੂ ਹੋਣ ਤੇ ਸਾਰੀਆਂ ਖਾਲਿਸਤਾਨ ਪੱਖੀ ਜਥੇਬੰਦੀਆਂ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਪੱਬਾਂ ਭਾਰ ਹੋਣ, ਤਾਂ ਕੀ ਉਸ ਵੇਲੇ ਉਹ ਖਾਲਿਸਤਾਨ ਪੱਖੀ ਨਾਅਰੇ ਕਿਸੇ ਮੰਦਰ ਜਾਂ ਗੁਰਦੁਆਰੇ ਬਾਹਰ ਲਿਖ ਕੇ ਆਪਣੀ ਬਦਨਾਮੀ ਖੁਦ ਕਰਵਾਉਣਗੇ ਜਾਂ ਆਪਣੇ ਲਈ ਮੁਸੀਬਤ ਖੜੀ ਕਰਨਗੇ ? ਇਹ ਵੱਡਾ ਸਵਾਲ ਹੈ।

ਵੈਨਕੂਵਰ ਅਤੇ ਸਰੀ ਦੇ ਪੁਲਿਸ ਪ੍ਰਸ਼ਾਸਨ ਨੂੰ ਇਸ ਗੰਭੀਰ ਮਾਮਲੇ ਦੀ ਪੁਰਜ਼ੋਰ ਢੰਗ ਨਾਲ ਜਾਂਚ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਆਸਟਰੇਲੀਆ ਅਤੇ ਕਈ ਮੁਲਕਾਂ 'ਚ ਇਹ ਸੱਚ ਸਾਹਮਣੇ ਆ ਚੁੱਕਿਆ ਹੈ ਜਦੋਂ ਸਿੱਖਾਂ ਦਾ ਨਾਂ ਬਦਨਾਮ ਕਰਨ ਲਈ, ਮਿਥ ਕੇ ਅਜਿਹੇ ਤੋੜਭੰਨ ਤੇ ਖਾਲਿਸਤਾਨ ਪੱਖੀ ਨਾਅਰਿਆਂ ਦੇ ਕਾਰੇ ਕੀਤੇ ਗਏ। ਆਸਟਰੇਲੀਆ ਦੇ ਇੱਕ ਮੰਦਰ ਵਿੱਚ ਤਾਂ ਇਸ ਸਾਰੇ ਮਾਮਲੇ ਦੀ ਸਿੱਖ ਵਿਰੋਧੀ ਰਾਜਨੀਤੀ ਲਈ ਉਥੋਂ ਦੇ ਇੱਕ ਮੰਦਰ ਦੇ ਪ੍ਰਬੰਧਕ ਹੀ ਜਿੰਮੇਵਾਰ ਸਿੱਧ ਹੋਏ। ਇਸੇ ਤਰ੍ਹਾਂ ਹੀ ਕੈਨੇਡਾ ਦੇ ਸੂਬੇ ਓਂਟੈਰੀਓ ਵਿੱਚ ਕਈ ਤਰ੍ਹਾਂ ਦੇ ਝੂਠੇ ਇਲਜ਼ਾਮ ਭਾਰਤ ਪੱਖੀ ਅਤੇ ਸਿੱਖ ਵਿਰੋਧੀ ਵਿਵਾਦਗ੍ਰਸਤ ਸਿਆਸਤਦਾਨ ਚੰਦਰਾ ਆਰਿਆ ਲਾਏ ਗਏ ਸਨ, ਜੋ ਕਿ ਬੇਬੁਨਿਆਦ ਸਾਬਤ ਹੋਏ ਸਨ। ਇਹ ਗੱਲ ਸੋਚਣ ਵਾਲੀ ਹੈ ਕਿ ਭਾਈਚਾਰੇ ਅੰਦਰ ਫੁੱਟ ਪਾਉਣ ਦੀ ਅਜਿਹੀ ਸ਼ਰਾਰਤ ਕੋਈ ਨਾ ਕੋਈ 'ਤੀਜੀ ਧਿਰ' ਵੀ ਕਰਦੀ ਹੋ ਸਕਦੀ ਹੈ।




ਇਸ ਗੱਲ ਵਿੱਚ ਦੋ ਰਾਵਾਂ ਨਹੀਂ ਕਿ ਸਰੀ ਦਾ ਲਕਸਮੀ ਨਰਾਇਣ ਮੰਦਰ ਅਤੇ ਵੈਨਕੂਵਰ ਦਾ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਦੋਵੇਂ ਅਸਥਾਨ, ਭਾਰਤੀ ਸਿਫਾਰਤਖਾਨੇ ਅਤੇ ਭਾਰਤ ਸਰਕਾਰ ਨਜ਼ਦੀਕੀ ਹਨ ਅਤੇ ਇੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੈਨੇਡਾ ਫੇਰੀ ਦੌਰਾਨ ਵਿਸ਼ੇਸ਼ ਤੌਰ 'ਤੇ ਆਏ ਵੀ ਸੀ, ਜਿਨ੍ਹਾਂ ਦਾ ਵਿਰੋਧ ਸਿੱਖ ਹਲਕਿਆਂ; ਖਾਸ ਕਰ ਖਾਲਿਸਤਾਨ ਪੱਖੀ ਧਿਰਾਂ ਵੱਲੋਂ ਹੋਇਆ ਸੀ। ਇਹ ਵਿਚਾਰਧਾਰਕ ਵਿਰੋਧ ਹੋ ਸਕਦਾ ਹੈ, ਪਰ ਇਸ ਦੇ ਲਈ ਤੋੜਭੰਨ ਕਦੇ ਵੀ ਜਾਇਜ਼ ਨਹੀਂ। ਸਵਾਲ ਇਹ ਪੈਦਾ ਹੁੰਦਾ ਹੈ ਕਿ ਖਾਲਿਸਤਾਨੀ ਐਕਟਵਿਸਟ ਅਜਿਹਾ ਕਾਰਾ ਉਸ ਦਿਨ ਹੀ ਕਿਉਂ ਕਰਨਗੇ, ਜਿਸ ਦਿਨ ਵੈਸਾਖੀ ਅਤੇ ਖਾਲਸਾ ਦਿਹਾੜੇ ਦੇ ਨਗਰ ਕੀਰਤਨ ਲਈ ਉਹਨਾਂ ਦੀ ਸਾਰੀ ਸ਼ਕਤੀ ਕੇਂਦਰਿਤ ਹੋਵੇ।

ਇਹ ਜਾਂਚ ਪਹਿਲ ਦੇ ਆਧਾਰ ਤੇ ਕੀਤੀ ਜਾਣੀ ਚਾਹੀਦੀ ਹੈ ਅਤੇ ਦੋਵੇਂ ਪਾਸਿਆਂ ਤੋਂ ਧਿਰਾਂ ਨੂੰ ਬਹੁਤ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਸੱਚਾਈ ਕੁਝ ਵੀ ਹੋ ਸਕਦੀ ਹੈ। ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਾਰਲੀਮੈਂਟ ਵਿੱਚ ਦਿੱਤੇ ਬਿਆਨ ਦੇ ਹਵਾਲੇ ਅਨੁਸਾਰ ਕੈਨੇਡਾ ਵਿੱਚ ਇੰਡੀਅਨ ਸਟੇਟ ਵੱਲੋਂ ਵਿਦੇਸ਼ੀ ਦਖਲ ਅੰਦਾਜੀ ਦਾ ਨਮੂਨਾ ਹੈ ਕਿ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਦਾ ਗੁਰਦੁਆਰੇ ਦੇ ਅੰਦਰ ਦਾਖਲ ਹੋ ਕੇ ਕੀਤਾ ਗਿਆ। ਅਜਿਹੀ ਦਖਲਅੰਦਾਜ਼ੀ ਦੀਆਂ ਹੋਰ ਵੀ ਅਨੇਕਾਂ ਘਟਨਾਵਾਂ ਸਾਹਮਣੇ ਆਈਆਂ ਹਨ।

ਇੱਥੇ ਜ਼ਿਕਰਯੋਗ ਹੈ ਕਿ 28 ਅਪ੍ਰੈਲ ਨੂੰ ਕੈਨੇਡਾ ਵਿੱਚ ਫੈਡਰਲ ਚੋਣ ਹੋ ਰਹੀ ਹੈ। ਜਿਥੇ ਇਕ ਪਾਸੇ ਲਿਬਰਲ ਪਾਰਟੀ ਵਿਦੇਸ਼ੀ ਦਖਲ ਅੰਦਾਜੀ ਦੇ ਮਾਮਲੇ ਵਿੱਚ ਆਵਾਜ਼ ਬੁਲੰਦ ਕਰਦੀ ਰਹੀ ਹੈ, ਉਥੇ ਕੰਜ਼ਰਵਟਿਵ ਪਾਰਟੀ ਉੱਪਰ ਭਾਰਤ ਤੋਂ ਹਮਾਇਤ ਅਤੇ ਦਖਲਅੰਦਾਜ਼ੀ ਦੇ ਸਬੰਧ ਵਿੱਚ ਗੰਭੀਰ ਦੋਸ਼ ਵੀ ਲੱਗ ਰਹੇ ਹਨ। ਅਜਿਹੇ ਮੌਕੇ 'ਤੇ ਇੱਕ ਗੁਰਦੁਆਰੇ ਅਤੇ ਮੰਦਿਰ ਵਿੱਚ ਤੋੜਭੰਨ ਦੇ ਘਟਨਾਕ੍ਰਮ ਦਾ ਸੰਬੰਧ, ਕੀ ਕੈਨੇਡਾ ਦੀਆਂ ਫੈਡਰਲ ਚੋਣਾਂ ਨਾਲ ਵੀ ਜਾ ਜੁੜਦਾ ਹੈ, ਇਹ ਵੀ ਵੇਖਣਾ ਹੋਵੇਗਾ। ਇਹਨਾਂ ਸਾਰੇ ਪਹਿਲੂਆਂ ਤੋਂ ਇਸ ਕੱਚ ਸੱਚ ਦਾ ਨਬੇੜਾ ਹੋਵੇ, ਤਾਂ ਕਿ ਕੈਨੇਡਾ ਵਿੱਚ ਸਿੱਖਾਂ ਦਾ ਅਕਸ ਵਿਗਾੜਨ ਦੀਆਂ ਸਾਜਿਸ਼ਾਂ ਨੰਗੀਆਂ ਕੀਤੀਆਂ ਜਾ ਸਕਣ।



ਵੈਨਕੂਵਰ ਦੇ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਗੁਰਦੁਆਰੇ ਅਤੇ ਸਰੀ ਦੇ ਲਕਸ਼ਮੀ ਨਰਾਇਣ ਮੰਦਿਰ ਦੇ ਬਾਹਰ ਲਿਖੇ ਖਾਲਿਸਤਾਨੀ ਪੱਖੀ ਨਾਅਰੇ।

# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਮਹਾਨ ਨਗਰ ਕੀਰਤਨ ਉਪਰ ਪਿਛਲੇ 25 ਸਾਲ ਤੋਂ ਪੀਜੇ ਦਾ ਲੰਗਰ ਲਗਾਉਣ ਵਾਲੇ ਸ੍ਰ. ਗੈਰੀ ਸਿੰਘ ਤੇ ਉਨ੍ਹਾਂ ਦੀ ਸਮੂਹ ਟੀਮ ਅਤੇ ਪਰਿਵਾਰ ਵਲੋਂ ਅਕਾਲ ਪੁਰਖ ਦਾ ਸ਼ੁਕਰਾਨਾ

## ਵਾਹਿਗੁਰੂ ਦੀ ਰਹਿਮਤ ਨਾਲ ਹੀ ਇਨਸਾਨ ਸੇਵਾ ਕਰ ਸਕਦਾ : ਸ੍ਰ. ਗੈਰੀ ਸਿੰਘ








ਸਟਾਕਟਨ/ਕੈਲੀਫੋਰਨੀਆ : ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਮਹਾਨ ਨਗਰ ਕੀਰਤਨ ਉਪਰ ਪਿਛਲੇ 25 ਸਾਲ ਤੋਂ ਪੀਜੇ ਦਾ ਲੰਗਰ ਲਗਾਉਣ ਵਾਲੇ ਸ੍ਰ. ਗੈਰੀ ਸਿੰਘ ਤੇ ਉਨ੍ਹਾਂ ਦੀ ਸਮੂਹ ਟੀਮ ਅਤੇ ਪਰਿਵਾਰ ਵਲੋਂ ਅਕਾਲ ਪੁਰਖ ਦਾ ਇੱਕ ਨਿਮਾਣੇ ਸੇਵਾਦਾਰ ਦੇ ਤੌਰ 'ਤੇ ਸ਼ੁਕਰਾਨਾ ਕੀਤਾ ਗਿਆ।

ਗੁਰਦੁਆਰਾ ਸਾਹਿਬ ਸਟਾਕਟਨ ਨੂੰ 26 ਸਾਲ ਹੋ ਗਏ ਨਗਰ ਕੀਰਤਨ ਸ਼ੁਰੂ ਕੀਤਿਆਂ, ਜਿਸ ਵਿਚ ਸੰਗਤਾਂ ਯੂਬਾ ਸਿਟੀ ਦੇ ਨਗਰ ਕੀਰਤਨ ਤੋਂ ਬਾਅਦ ਗਦਰੀ ਬਾਬਿਆਂ ਦੇ ਅਸਥਾਨ ਉਪਰ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਮਨਾਉਣ ਲਈ ਸੰਗਤਾਂ ਵੱਡੀ ਗਿਣਤੀ 'ਚ ਇਕੱਠੀਆਂ ਹੁੰਦੀਆਂ ਹਨ। ਇਸ ਮਹਾਨ ਨਗਰ ਕੀਰਤਨ ਉਪਰ ਗੁਰੂਘਰ ਦੇ ਅਨਿਨ ਸੇਵਕ ਸ੍ਰ. ਗੈਰੀ ਸਿੰਘ ਅਤੇ ਉਨ੍ਹਾਂ ਦੇ ਸਮੂਹ ਪਰਿਵਾਰ ਵਲੋਂ ਜਦੋਂ ਨਗਰ ਕੀਰਤਨ ਅਧ ਵਿਚ ਹਾਈਵੇ ਦੇ ਪੁਲਾਂ ਦੇ ਹੇਠਾਂ ਤੋਂ ਲੰਘਦਾ ਹੈ ਤਾਂ ਤਾਜੇ-ਤਾਜੇ ਪੀਜੇ ਅਤੇ ਹੋਰ ਖਾਣਿਆਂ ਨਾਲ ਸੇਵਾ ਕੀਤੀ ਜਾਂਦੀ ਹੈ। ਇਸ ਵਾਰੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਸਿੱਖ ਆਗੂ ਸ੍ਰ. ਬਲਵਿੰਦਰ ਸਿੰਘ ਚੀਮਾ ਮਿਠੂ ਅਤੇ ਸ੍ਰ. ਗੁਲਵਿੰਦਰ ਸਿੰਘ ਭਿੰਦਾ ਗਾਖਲ ਨੇ ਸ੍ਰ. ਗੈਰੀ ਸਿੰਘ ਨੂੰ ਨਿਸ਼ਕਾਮ ਸੇਵਾ ਪ੍ਰਤੀ ਵਧਾਈ ਦਿੱਤੀ ਅਤੇ ਸੰਗਤਾਂ ਅਤੇ ਵਾਹਿਗੁਰੂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।







# ਯੂਨੀਅਨ ਸਿਟੀ ਦੇ ਮੇਅਰ ਗੈਰੀ ਸਿੰਘ ਅਤੇ ਸਿਟੀ ਕੌਂਸਲ ਵੱਲੋਂ 14 ਅਪ੍ਰੈਲ ਨੂੰ 'ਖਾਲਸਾ ਦਿਵਸ' ਵਜੋਂ ਮਨਾਉਣ ਦਾ ਪੇਸ਼ ਕੀਤਾ ਮਾਣ ਪੱਤਰ










ਫਰੀਮਾਂਟ : ਮੰਗਲਵਾਰ ਦੀ ਸ਼ਾਮ ਨੂੰ ਯੂਨੀਅਨ ਸਿਟੀ ਕੌਂਸਲ ਵਿੱਚ ਯੂਨੀਅਨ ਸਿਟੀ ਦੇ ਮੇਅਰ ਗੈਰੀ ਸਿੰਘ ਅਤੇ ਸਿਟੀ ਕੌਂਸਲ ਵੱਲੋਂ 14 ਅਪ੍ਰੈਲ ਦੇ ਦਿਨ ਨੂੰ ਖਾਲਸਾ ਦਿਵਸ ਦੇ ਦਿਨ ਦੇ ਨਾਮ ਨਾਲ ਮਨਾਉਣ ਦਾ ਮਾਣ ਪੱਤਰ ਪੇਸ਼ ਕੀਤਾ ਗਿਆ। ਇਸ ਦੇ ਨਾਲ ਉਹਨਾਂ ਨੇ ਸਾਰੀ ਸਿੱਖ ਕੌਮ ਨੂੰ ਖਾਲਸਾ ਦਿਵਸ ਦੀ ਵਧਾਈ ਦਿੱਤੀ ਅਤੇ ਸਿੱਖਾਂ ਦੀਆਂ ਸਮਾਜ ਵਿੱਚ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਜ਼ਿਕਰ ਕੀਤਾ। ਇਸ ਮੌਕੇ ਤੇ ਯੂਨੀਅਨ ਸਿਟੀ ਦੇ ਮੇਅਰ ਗੈਰੀ ਸਿੰਘ ਵੱਲੋਂ ਇਹ ਮਾਣ ਪੱਤਰ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਕਮੇਟੀ ਅਤੇ ਸਿੱਖ ਪੰਚਾਇਤ ਦੇ ਮੈਂਬਰਾਂ ਨੂੰ ਬੜੇ ਸਤਿਕਾਰ ਨਾਲ ਪੇਸ਼ ਕੀਤਾ ਗਿਆ। ਸਿੱਖ ਕਮਿਊਨਿਟੀ ਵੱਲੋਂ ਮਾਨਯੋਗ ਮੇਅਰ ਗੈਰੀ ਸਿੰਘ ਅਤੇ ਸਿਟੀ ਕੌਂਸਲ ਦਾ ਧੰਨਵਾਦ ਕੀਤਾ ਜਾਂਦਾ ਹੈ।



CITY OF UNION CITY
PROCLAMATION

Recognizing April 14, 2025, as Khalsa Day

**WHEREAS,** Vaisakhi marks the historic day of April 14, 1699, when Guru Gobind Singh Ji, the tenth Sikh Guru, created the Khalsa Panth in the City of Anandpur Sahib, forming a community of dedicated men and women who stand for justice, equality, and doing what is right; and

**WHEREAS,** the creation of the Khalsa on Vaisakhi was a major moment in Sikh history, representing the values of courage, faith, and service to others; and

**WHEREAS,** Guru Gobind Singh Ji gave the Khalsa five articles of faith—Kesh (uncut hair), Kara (steel bracelet), Kanga (wooden comb), Kachera (cotton undergarment), and Kirpan (ceremonial sword)—as signs of their commitment, discipline, and duty; and

**WHEREAS,** the teachings of Guru Gobind Singh Ji focus on equality, justice, and selfless service, values that continue to guide Sikh communities around the world; and

**WHEREAS,** Vaisakhi is a time to reflect and celebrate the lasting vision of Guru Gobind Singh Ji for a fair and united society; and

**WHEREAS,** the Sikh community has made many important contributions to the culture, economy, and daily life of Union City, showing strength, kindness, and generosity.

**NOW, THEREFORE, I, Gary Singh, Mayor of the City of Union City**, and on behalf of the entire City Council, do hereby proclaim April 14, 2025, as **Khalsa Day** in the City of Union City and encourage all residents to join in honoring the rich history and lasting impact of the Sikh faith and the Khalsa tradition.

**DATED: April 8, 2025**

GARY SINGH, Mayor
SCOTT SAKAKIHARA, Vice Mayor
LANCE NISHIHIRA, Councilmember
JAIME PATIÑO, Councilmember
JEFF WANG, Councilmember









# ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਲਈ ਲੋਕਾਂ ਨੇ ਮੋਮਬੱਤੀ ਮਾਰਚ ਕੱਢਿਆ







ਸ਼੍ਰੀਨਗਰ : ਬੁੱਧਵਾਰ ਨੂੰ ਸ੍ਰੀਨਗਰ ਵਿੱਚ ਲੋਕਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਲਈ ਮੋਮਬੱਤੀ ਮਾਰਚ ਕੱਢਿਆ

## ਵਿਕਰਮ ਰੰਧਾਵਾ ਨੇ ਪਾਰਟੀ ਸਮਰਥਕਾਂ ਨਾਲ ਪਹਿਲਗਾਮ ਅੱਤਵਾਦੀ ਹਮਲੇ 'ਤੇ ਵਿਰੋਧ ਪ੍ਰਦਰਸ਼ਨ ਕੀਤਾ



ਜੰਮੂ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕ ਵਿਕਰਮ ਰੰਧਾਵਾ ਨੇ ਪਾਰਟੀ ਸਮਰਥਕਾਂ ਨਾਲ ਮਿਲ ਕੇ 22 ਅਪ੍ਰੈਲ ਨੂੰ ਜੰਮੂ ਵਿੱਚ ਹੋਏ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕਰਦੇ ਹੋਏ ਇੱਕ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਵਿੱਚ ਕਈ ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ।



ਬੰਗਲੁਰੂ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਲਈ ਮੋਮਬੱਤੀ ਮਾਰਚ

## ਭਾਜਪਾ ਵੱਲੋਂ ਪਹਿਲਗਾਮ ਵਿੱਚ ਅਤਿਵਾਦੀ ਹਮਲੇ ਖ਼ਿਲਾਫ਼ ਮੁਜ਼ਾਹਰੇ

### ਘਟਨਾ ਦੀ ਨਿਖੇਧੀ; ਬਾਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਨਾਅਰੇਬਾਜ਼ੀ; ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ

ਪਟਿਆਲਾ : ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਕਸਬੇ ਵਿੱਚ ਅਤਿਵਾਦੀਆਂ ਵੱਲੋਂ ਕੀਤੇ ਗਏ ਦਹਿਸ਼ਤੀ ਹਮਲੇ ਖ਼ਿਲਾਫ਼ ਸਥਾਨਕ ਅਨਾਰਦਾਨਾ ਚੌਕ ਵਿੱਚ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਬਾਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਮੁਜ਼ਾਹਰੇ ਨੂੰ ਭਾਜਪਾ ਦੇ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਜੈ ਇੰਦਰ ਕੌਰ, ਜ਼ਿਲ੍ਹਾ ਪ੍ਰਧਾਨ ਵਿਜੇ ਕੁਮਾਰ ਕੂਕਾ, ਸਾਬਕਾ ਪ੍ਰਧਾਨ ਅਨਿਲ ਬਜਾਜ ਅਤੇ ਹੋਰਨਾਂ ਨੇ ਸੰਬੋਧਨ ਕੀਤਾ। ਉਨ੍ਹਾਂ ਨੇ 'ਅਤਿਵਾਦ ਮੁਰਦਾਬਾਦ' ਦੇ ਨਾਅਰਿਆਂ ਵਾਲੀਆਂ ਤਖ਼ਤੀਆਂ ਫੜ੍ਹੀਆਂ ਹੋਈਆਂ ਸਨ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਜਲਦੀ ਹੀ ਅਤਿਵਾਦੀਆਂ ਨੂੰ ਜਵਾਬ ਦੇਵੇਗੀ। ਇਸੇ ਭਾਜਪਾ ਨੇ ਪਹਿਲਗਾਮ ਵਿੱਚ ਅਤਿਵਾਦੀ ਹਮਲੇ ਖ਼ਿਲਾਫ਼ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ 'ਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਵਿੱਚ ਮੁਜ਼ਾਹਰਾ ਕੀਤਾ। ਉਨ੍ਹਾਂ ਅਤਿਵਾਦ ਦਾ ਪੁਤਲਾ ਫੂਕਦਿਆਂ ਘਟਨਾ



ਦੀ ਨਿਖੇਧੀ ਕੀਤੀ। ਪ੍ਰਦਰਸ਼ਨ ਦੀ ਅਗਵਾਈ ਕਰਦੇ ਭਾਜਪਾ ਦੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਬੇਗੁਨਾਹ ਸੈਲਾਨੀਆਂ ਦਾ ਕਤਲ ਇਨਸਾਨੀਅਤ ਵਿਰੁੱਧ ਅਪਰਾਧ ਹੈ।

## 1984 ਦੇ ਭੋਪਾਲ ਗੈਸ ਦੁਖਾਂਤ ਦੀ 40ਵੀਂ ਵਰ੍ਹੇਗੰਢ 'ਤੇ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ




ਭੋਪਾਲ : ਭੋਪਾਲ ਵਿੱਚ 1984 ਦੇ ਭੋਪਾਲ ਗੈਸ ਦੁਖਾਂਤ ਦੀ 40ਵੀਂ ਵਰ੍ਹੇਗੰਢ 'ਤੇ ਇਸ ਦੁਖਾਂਤ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਮੋਮਬੱਤੀ ਮਾਰਚ ਦੌਰਾਨ ਜਮਾਂਦਰੂ ਅਪੰਗਤਾਵਾਂ ਨਾਲ ਪੈਦਾ ਹੋਏ ਬੱਚੇ।

# ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ 90% ਤੋਂ ਵੱਧ ਅੰਕਾਂ ਵਾਲੇ ਵਿਦਿਆਰਥੀ ਸਨਮਾਨਿਤ

## ਬੀਤੇ 14 ਸਾਲਾਂ ਤੋਂ ਆ ਰਹੇ ਨੇ 100% ਨਤੀਜੇ



ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਪ੍ਰਿੰਸੀਪਲ ਅੰਜੂ ਬਾਲਾ ਅਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਬੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਪ੍ਰਿੰਸੀਪਲ ਅੰਜੂ ਬਾਲਾ ਦੀ ਅਗਵਾਈ ਹੇਠ ਅੱਠਵੀਂ ਕਲਾਸ ਤੇ ਅੱਵਲ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ । ਪ੍ਰੋਗਰਾਮ ਦੇ ਆਰੰਭ ਵਿੱਚ ਸਕੂਲ ਅਧਿਆਪਕਾ ਜਸਵਿੰਦਰ ਕੌਰ ਨੇ ਦੱਸਿਆ ਕਿ ਇਸ ਵਾਰ ਸਕੂਲ ਦੇ 23 ਵਿਦਿਆਰਥੀਆਂ ਨੇ ਅਠਵੀਂ ਕਲਾਸ ਦੀ ਬੋਰਡ ਪ੍ਰੀਖਿਆ ਦਿੱਤੀ ਸੀ ਅਤੇ ਸਾਰੇ ਵਿਦਿਆਰਥੀ ਹੀ ਚੰਗੇ ਨੰਬਰ ਲੈ ਕੇ ਪਾਸ ਹੋਏ ਇਹਨਾਂ ਵਿੱਚੋਂ 10 ਵਿਦਿਆਰਥੀ ਨੇ 90% ਤੋਂ ਵੱਧ ਨੰਬਰ ਲਏ ਹਨ ਅਤੇ ਪਿਛਲੇ 14 ਸਾਲਾਂ ਤੋਂ ਸਕੂਲ ਵੱਲੋਂ ਅੱਠਵੀਂ ਅਤੇ ਦਸਵੀਂ ਕਲਾਸ ਦਾ 100% ਨਤੀਜਾ ਦੇ ਕੇ ਜਿਲੇ ਭਰ ਵਿੱਚ ਵੱਡੀ ਪ੍ਰਾਪਤੀ ਹਾਸਿਲ ਕੀਤੀ ਹੈ। ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਰੂਪ ਨਾਲ ਪਹੁੰਚੇ ਪ੍ਰਮੁੱਖ ਸਮਾਜ ਸੇਵੀ ਅਤੇ ਸਕੂਲ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਵਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹਨਾਂ ਵੱਲੋਂ ਲਗਾਤਾਰ 14 ਸਾਲ 100% ਨਤੀਜੇ ਦੇ ਕੇ ਜਿੱਥੇ ਸਕੂਲ ਦਾ ਨਾਂ ਉੱਚਾ ਕੀਤਾ ਹੈ ਉੱਥੇ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਆਪਣਿਆਂ ਅਧਿਆਪਕਾਂਵਾਂ ਤੇ ਮਾਣ ਮਹਿਸੂਸ ਹੋ ਰਿਹਾ ਹੈ ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਅਧਿਆਪਕ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਵਾ ਕੇ ਇਸ ਤੋਂ ਵਧੀਆ ਨਤੀਜੇ ਦੇਣਗੇ ਤਾਂ ਜੋ ਅਸੀਂ ਆਪਣੇ ਮਨੋਰਥ ਵਿੱਚ ਸਫਲ ਹੋ ਸਕੀਏ। ਇਸ ਮੌਕੇ ਉਹਨਾਂ ਅਸ਼ਮੀਤ ਕੌਰ, ਤਰਨਪ੍ਰੀਤ ਕੌਰ, ਜਸਮੀਤ ਵੜੈਚ ਜਿਨਾਂ 95% ਅੰਕ ਲਏ ਜਸਪ੍ਰੀਤ ਕੌਰ, ਨਵਨੀਤ ਕੌਰ, ਕਿ?ਰਤਪ੍ਰੀਤ ਕੌਰ, ਖੁਸ਼ਮਨਪ੍ਰੀਤ ਕੌਰ, 94%, ਅਤੇ ਅਗਮਜੋਤ ਕੌਰ 93%, ਜਸਮੀਨ 92%, ਰਾਜਵੀਰ ਸਿੰਘ 91% ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਸਟਾਫ ਵਿੱਚ ਜਸਵੀਰ ਕੌਰ, ਪਰਮਜੀਤ ਕੌਰ, ਤਰਨਜੀਤ ਕੌਰ, ਨੀਰਜ ਕੁਮਾਰ, ਦਮਨਜੀਤ ਕੌਰ ਅਤੇ ਹੋਰ ਹਾਜ਼ਰ ਸਨ।

# ਪੰਜਾਬ ਦੀ ਧੀ ਨੇ ਆਸਟ੍ਰੇਲੀਆ ਸਿੱਖ ਖੇਡਾਂ 'ਚ ਚਮਕਾਇਆ ਸੂਬੇ ਦਾ ਨਾਂ, ਜਿਤਿਆ ਚਾਂਦੀ ਦਾ ਤਮ.ਗਾ

## ਨਵਦੀਪ ਕੌਰ ਸਿਡਨੀ 'ਚ ਕਲਚਰ ਅ.ਫਸਰ ਵਜੋਂ ਨਿਭਾਅ ਰਹੀ ਹੈ ਸੇਵਾ

ਲਾਂਬੜਾ : ਸਿਆਣੇ ਕਹਿੰਦੇ ਹਨ ਕਿ ਜੇ ਇਰਾਦਾ ਕਰ ਲਿਆ ਜਾਵੇ ਤਾਂ ਹਰੇਕ ਮੰਜਿਲ ਸਰ ਕੀਤੀ ਜਾ ਸਕਦੀ ਹੈ। ਸਾਡੇ ਸਮਾਜ ਵਿਚ ਇਕ ਗੱਲ ਆਮ ਹੈ ਵਿਆਹ ਤੋਂ ਬਾਅਦ ਕੋਈ ਕਾਮਯਾਬੀ ਹਾਸਲ ਕਰਨ ਲਈ ਮੁਸ਼ਕਲ ਹੋ ਜਾਂਦੀ ਹੈ ਪਰ ਆਸਟ੍ਰੇਲੀਆ 'ਚ ਰਹਿੰਦੀ ਬੀਬੀ ਨਵਦੀਪ ਕੌਰ ਨਾਲ ਅਜਿਹਾ ਨਹੀਂ ਹੋਇਆ। ਲਾਂਬੜਾ ਦੇ ਅਧੀਨ ਆਉਂਦੇ ਪਿੰਡ ਬਸ਼ੇਸ਼ਰਪੁਰ ਵਾਸੀ ਮਾਸਟਰ ਬਹਾਦਰ ਸਿੰਘ ਸੰਧੂ ਹਾਲ ਵਾਸੀ ਜਲੰਧਰ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦਸਿਆ ਉਨ੍ਹਾਂ ਦੀ ਧੀ ਨਵਦੀਪ ਕੌਰ ਨੇ ਸਿੱਖ ਖੇਡਾਂ ਵਿਚ ਚਾਂਦੀ ਦਾ ਤਮ.ਗਾ ਜਿੱਤ ਕੇ ਪੰਜਾਬ ਤੇ ਪੰਜਾਬੀਅਤ ਦਾ ਨਾਮ ਚਮਕਾਇਆ ਹੈ।




ਉਨ੍ਹਾਂ ਮਾਣ ਮਹਿਸੂਸ ਕਰਦਿਆਂ ਦਸਿਆ ਕਿ ਨਵਦੀਪ ਕੌਰ ਜੋ ਸਿਡਨੀ (ਆਸਟ੍ਰੇਲੀਆ) 'ਚ ਹਿਊਮਨ ਰਿਸੋਰਸ ਡਿਪਾਰਟਮੈਂਟ ਵਿਚ ਕਲਚਰ ਅ.ਫਸਰ ਵਜੋਂ ਸੇਵਾ ਨਿਭਾਅ ਰਹੀ ਹੈ ਤੇ ਦੋ ਬੱਚਿਆਂ ਦੀ ਮਾਂ ਹੈ, ਨੇ ਸਿਡਨੀ ਵਿਚ ਹੋ ਰਹੀਆਂ ਸਿੱਖ ਖੇਡਾਂ ਵਿਚ ਹਿੱਸਾ ਲੈ ਕੇ 100 ਮੀਟਰ ਦੌੜ 'ਚ ਚਾਂਦੀ ਦਾ ਤਮ.ਗਾ ਜਿਤਿਆ।

ਤੁਹਾਨੂੰ ਦਸ ਦਈਏ ਕਿ ਨਵਦੀਪ ਕੌਰ ਖ਼ਾਲਸਾ ਸਕੂਲ ਲਾਂਬੜਾ ਦੀ ਵਧੀਆ ਅਥਲੀਟ, ਵਧੀਆ ਬੁਲਾਰਾ ਤੇ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕਵਿਤਾਵਾਂ ਰਾਹੀਂ ਕਮਲਜੀਤ ਨੀਲੋਂ ਨਾਲ ਰੇਡੀਉ, ਟੈਲੀਵਿਜ਼ਨ 'ਤੇ ਪੇਸ਼ਕਾਰੀ ਕਰਦੀ ਰਹੀ ਹੈ। ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਤੋਂ ਬੀਟੈੱਕ ਕਰਦਿਆਂ ਗਿੱਧੇ ਵਿਚ ਵੀ ਚੰਗੇ ਜੌਹਰ ਦਿਖਾਉਂਦੀ ਰਹੀ ਹੈ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਚੇਅਰਮੈਨ ਸ੍ਰੀ ਰਜਿੰਦਰ ਸਿੰਘ ਮਾਰਸ਼ਲ ਜੀ ਦੇ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਨਵੇਂ ਸ਼ੈਸ਼ਨ (2025-26) ਦੀ ਆਰੰਭਤਾ ਦੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਧੁਰ ਕੀ ਬਾਣੀ ਨੂੰ ਸਰਵਣ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਕੁਲਵੀਰ ਸਿੰਘ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਮਨਦੀਪ ਸਿੰਘ, ਅਮਨਦੀਪ ਕੌਰ, ਅਮਨਦੀਪ ਕੌਰ, ਸਿਮਰਪ੍ਰੀਤ, ਗੁਰਪ੍ਰੀਤ ਕੌਰ, ਮੋਨਿਕਾ, ਕਿਰਨਦੀਪ ਕੌਰ, ਇੰਦੂ, ਨੀਲਮਾ ਦੇਵੀ, ਹਰਪ੍ਰੀਤ ਕੌਰ, ਰਾਜਪ੍ਰੀਤ ਕੌਰ, ਇੰਦਰਵੀਰ ਕੌਰ, ਗੁਰਪ੍ਰੀਤ ਕੌਰ, ਸੰਦੀਪ ਕੌਰ, ਦਲਜੀਤ ਕੌਰ, ਪਰਮਦੀਪ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਸ਼੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ 11 ਮਈ ਨੂੰ ਮਨਾਇਆ ਜਾਵੇਗਾ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸ਼੍ਰੀ ਗੁਰੂ ਅਮਰਦਾਸ ਜੀ ਸੇਵਾ ਸੰਸਥਾ ਵੱਲੋਂ ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਸੰਬੰਧੀ ਮੀਟਿੰਗ ਸੰਸਥਾ ਦੇ ਦਫ਼ਤਰ 'ਚ ਕੀਤੀ ਗਈ। 11 ਮਈ ਨੂੰ ਗੁਰੂ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ ਜਿਸ ਵਿਚ ਸੰਸਥਾਪਕ ਅਤੇ ਪ੍ਰਧਾਨ ਗੁਰਮੁਖ ਸਿੰਘ ਵਾਈਸ ਪ੍ਰਧਾਨ ਰਾਜ ਵਿਰਕ, ਬਲਵਿੰਦਰ ਸਿੰਘ, ਰਾਜੇਸ਼ ਭੱਲਾ ਜੀ ਰਾਜਿੰਦਰ ਮਾਰਸ਼ਲ ਜੀ ਗੁਰਵਿੰਦਰ ਸਿੰਘ (ਹੈਪੀ ਬੰਬ ) ਸਤਨਾਮ ਸਿੰਘ ਅਮਰੀਕ ਸਿੰਘ ਜੀ ਵਿਕਾਸ ਮਦਾਨ ਇੰਦਰਜੀਤ ਸਿੰਘ ਜਸਤੇਜ ਮਸੀਤੀ ਹਰਮਨ ਸਕਰਾਲਾ ਹਰਪ੍ਰੀਤ ਮਸੀਤੀ ਅਨੁਰਾਧਾ ਮਦਾਨ ਗੁਰਪ੍ਰੀਤ ਕੌਰ ਸੁਖਜੀਤ ਕੌਰ ਹਾਜਰ ਹੋਏ ਅਤੇ ਜਲਦ ਹੀ ਸੰਸਥਾ ਵੱਲੋ ਅੰਬੂਲੈਂਸ ਸੇਵਾ ਸ਼ੁਰੂ ਕੀਤੇ ਜਾਣ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ

# ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਤਲਵੰਡੀ ਡੱਡੀਆਂ ਦਾ ਇਨਾਮ ਵੰਡ ਸਮਾਰੋਹ ਸੰਪਨ

## ਮੁੱਖ ਮਹਿਮਾਨ ਰਸ਼ਪਾਲ ਸਿੰਘ ਬੱਚਾਜੀਵੀ ਤੇ ਚੇਅਰਮੈਨ ਸੁਖਜਿੰਦਰ ਸਿੰਘ ਅਰੋੜਾ ਨੇ ਬੱਚਿਆਂ ਦੀ ਕੀਤੀ ਹੌਸਲਾ ਅਫਜਾਈ




ਇਨਾਮ ਵੰਡ ਸਮਾਰੋਹ ਮੌਕੇ ਮੁੱਖ ਮਹਿਮਾਨ ਰਸ਼ਪਾਲ ਸਿੰਘ ਬੱਚਾਜੀਵੀ ਸੁਖਵਿਦਰ ਸਿੰਘ ਅਰੋੜਾ ਤੇ ਹੋਰ ਅਵਲ ਆਏ ਬੱਚਿਆਂ ਸਨਮਾਨਿਤ ਕਰਦੇ ਹੋਏ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੰਸਥਾ ਵੱਲੋਂ ਚਲਾਏ ਜਾ ਰਹੇ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆ ਵਿਖੇ ਸਕੂਲ ਪ੍ਰਿੰਸੀਪਲ ਅੰਜੂ ਬਾਲਾ ਦੀ ਅਗਵਾਈ ਹੇਠ ਸਲਾਨਾ ਇਨਾਮ ਵੰਡ ਸਮਾਰੋਹ ਦੌਰਾਨ ਪੜ੍ਹਾਈ ਦੇ ਖੇਤਰ ਵਿਚ ਮੱਲਾ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਚੇਅਰਮੈਨ ਸੁਖਵਿੰਦਰ ਸਿੰਘ ਅਰੋੜ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਉਘੇ ਸਮਾਜ ਸੇਵੀ ਆਗੂ ਰਸ਼ਪਾਲ ਸਿੰਘ ਬੱਚਾਜੀਵੀ ਗਵਰਨਰ ਲਾਈਨ ਇੰਟਰਨੈਸ਼ਨਲ 321 ਡੀ ਸ਼ਾਮਿਲ ਹੋਏ। ਉਹਨਾਂ ਤੋਂ ਇਲਾਵਾ ਸੁਖਦੇਵ ਰਾਜ ਜੰਗੀ ਸਮਾਜ ਸੇਵੀ ਆਗੂ ਗੁਰਚਰਨ ਸਿੰਘ ਸਰਪੰਚ ਮੀਰਾਪੁਰ, ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ ਅਤੇ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆ ਉਹਨਾਂ ਨੂੰ ਇਨਾਮ ਵੰਡੇ। ਇਸ ਮੌਕੇ ਸਾਲ 2024-25 ਸਾਲ ਦੌਰਾਨ ਵਿਦਿਅਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਪਹਿਲੀ ਤੋਂ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਧੀਆ ਪੁਜੀਸ਼ਨਾਂ ਹਾਸਿਲ ਕਰਨ ਤੇ ਸਨਮਾਨ ਕੀਤਾ ਗਿਆ। ਇਨਾਮ ਵੰਡ ਸਮਾਰੋਹ ਦੀ ਸ਼ੁਰੂਆਤ ਸਕੂਲ ਦੇ ਬੱਚਿਆਂ ਨੇ ਇੱਕ ਧਾਰਮਿਕ ਸ਼ਬਦ ਗਾਇਨ ਕਰਕੇ ਕੀਤੀ ਉਪਰੰਤ ਗਿੱਧਾ ਭੰਗੜਾ ਪੇਸ਼ ਕਰਕੇ ਇਨਾਮ ਵੰਡ ਸਮਾਰੋਹ ਦੀ ਰੌਣਕ ਨੂੰ ਵਧਾਇਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਅੰਜੂ ਬਾਲਾ ਵੱਲੋਂ ਸਕੂਲ ਦੀ ਪ੍ਰਾਪਤੀਆ ਤੇ ਵਿੱਦਿਅਕ ਖੇਤਰ ਵਿੱਚ ਪਾਏ ਜਾ ਰਹੇ ਅਹਿਮ ਯੋਗਦਾਨ ਪ੍ਰਤੀ ਚਾਨਣਾ ਪਾਉਂਦੇ ਹੋਏ ਕਿਹਾ ਕਿ ਟਾਂਡਾ ਦੇ ਬੇਟ ਇਲਾਕੇ ਵਿੱਚ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੰਸਥਾ ਵੱਲੋਂ ਚਲਾਏ ਜਾ ਰਹੇ ਇਸ ਸਕੂਲ ਵਿੱਚ ਪਿਛਲੇ ਲੰਬੇ ਸਮੇਂ ਤੋਂ ਅਨੇਕਾਂ ਬੱਚੇ ਵਿਦਿਆ ਹਾਸਲ ਕਰਕੇ ਆਪਣੇ ਚੰਗੇ ਭਵਿੱਖ ਦੇ ਲਈ ਦੇਸ਼ ਵਿਦੇਸ਼ ਵਿੱਚ ਸੇਵਾ ਕਰ ਰਹੇ ਹਨ ਅਤੇ ਇਹ ਸਕੂਲ ਲੰਬੇ ਸਮੇਂ ਤੋਂ ਵਿਦਿਅਕ ਖੇਤਰ ਵਿੱਚ ਮੋਹਰੀ ਰਿਹਾ ਹੈ। ਉਹਨਾਂ ਕਿਹਾ ਕਿ ਇਸ ਸਕੂਲ ਵਿੱਚ ਵਧੀਆ ਸਟਾਫ ਅਤੇ ਬੱਚਿਆਂ ਦਾ ਇੱਕੋ ਮਿਸ਼ਨ ਹੈ ਕਿ ਉਹ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦੇ ਸਕਣ ਤਾਂ ਜੋ ਵਿਦਿਆਰਥੀ ਆਪਣੇ ਜੀਵਨ ਵਿੱਚ ਇੱਕ ਵਧੀਆ ਮੁਕਾਮ ਹਾਸਲ ਕਰ ਸਕਣ। ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੰਸਥਾ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਸੰਸਥਾ ਵੱਲੋਂ ਵਿਦਿਅਕ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਪ੍ਰਤੀ ਚਾਨਣਾ ਪਾਉਂਦੇ ਹੋਏ ਕਿਹਾ ਕਿ ਸੇਵਾ ਦੇ ਨਾਲ ਨਾਲ ਜਿੱਥੇ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਉੱਥੇ ਇਨਾਂ ਬੱਚਿਆਂ ਨੂੰ ਗੁਰਮਤਿ ਸਿਖਲਾਈ ਦੇ ਨਾਲ ਨਾਲ ਉਹਨਾਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਵੀ ਜੋੜ ਕੇ ਰੱਖਿਆ ਜਾਦਾ ਹੈ। ਇਸ ਮੌਕੇ ਉਨਾਂ ਨੇ ਆਈਆਂ ਸ਼ਖਸ਼ੀਅਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਉਪਰੰਤ ਰਸਪਾਲ ਸਿੰਘ ਬੱਚਾਜੀਵੀ ਨੇ ਇਸ ਇਨਾਮ ਵੰਡ ਸਮਾਰੋਹ ਦੀ ਭਰਪੂਰ ਸਲਾਗਾ ਕਰਦਿਆ ਕਿਹਾ ਕਿ ਇਲਾਕੇ ਵਿੱਚ ਅਜਿਹੀਆਂ ਸੰਸਥਾਵਾਂ ਵਿਦਿਆ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾ ਕੇ ਜਿੱਥੇ ਆਪਣੀ ਕੌਮ ਦੇ ਭਵਿੱਖ ਨੂੰ ਸਵਾਰ ਰਹੀਆਂ ਹਨ ਉਥੇ ਉਹ ਸਮਾਜ ਲਈ ਇੱਕ ਚਾਨਣਾਰੇ ਦਾ ਕੰਮ ਕਰ ਰਹੀਆਂ ਹਨ। ਅਜਿਹੀਆਂ ਸੰਸਥਾਵਾਂ ਦੇ ਵਿੱਚ ਪੜਦੇ ਬੱਚਿਆਂ ਦੀ ਹੌਸਲਾ ਅਫਜਾਈ ਕਰਨ ਲਈ ਸਾਨੂੰ ਸਾਰਿਆਂ ਨੂੰ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ ਤਾ ਜੋ ਕਿ ਬੱਚੇ ਆਪਣੀ ਪੜ੍ਹਾਈ ਦੇ ਖੇਤਰ ਵਿੱਚ ਮਨ ਲਗਾ ਕੇ ਅਗਾਂਹ ਵੱਧ ਸਕਣ। ਇਸ ਮੌਕੇ ਸਕੂਲ ਸਟਾਫ ਵਿੱਚ ਪਰਮਜੀਤ ਕੌਰ ਜਸਵਿੰਦਰ ਕੌਰ ਜਸਵੀਰ ਕੌਰ ਤਰਨਜੀਤ ਕੌਰ ਰਾਜਵਿੰਦਰ ਕੌਰ ਨੀਰਜ ਕੁਮਾਰ ਦਮਨਜੀਤ ਕੌਰ ਮਨਪ੍ਰੀਤ ਕੌਰ ਡਿੰਪਲ ਸੁਖਵਿੰਦਰ ਕੌਰ ਜੋਤੀ ਰਾਣੀ ਹਾਜਰ ਸਨ।

# ਸੰਤ ਭਿੰਡਰਾਂਵਾਲਿਆ ਤੇਰੀ ਸੋਚ ’ਤੇ ਪਹਿਰਾ ਦਿਆਂਗੇ ਠੋਕ ਕੇ, ਸ੍ਰ. ਸਿਮਰਨਜੀਤ ਸਿੰਘ ਮਾਨ ਤੇਰੀ ਸੋਚ ’ਤੇ ਪਹਿਰਾ ਦਿਆਂਗੇ ਠੋਕ ਕੇ ਦੇ ਨਾਅਰਿਆਂ ਅਤੇ ਖਾਲਿਸਤਾਨ ਜਿੰਦਾਬਾਦ ਦੇ ਜੈਕਾਰਿਆਂ ਨਾਲ ਨਗਰ ਕੀਰਤਨ ਸਟਾਕਟਨ ’ਚ ਅਸਮਾਨ ਗੂੰਜ ਉਠਿਆ



ਸਟਾਕਟਨ/ਕੈਲੀਫੋਰਨੀਆ : ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ 26ਵੇਂ ਮਹਾਨ ਨਗਰ ਕੀਰਤਨ ਉਪਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਵੱਡੀ ਗਿਣਤੀ ’ਚ ਹਾਜ਼ਰੀਆਂ ਭਰਦੇ ਹੋਏ ਆਪਣੇ ਫਲੋਟ ਨਾਲ ਸਿੱਖਾਂ ਦੇ ਆਪਣੇ ਘਰ ਖਾਲਿਸਤਾਨ ਦੇ ਨਾਅਰਿਆਂ ਅਤੇ ਜੈਕਾਰਿਆਂ ਨਾਲ ਜ਼ਮੀਨ ਅਸਮਾਨ ਇਕ ਕਰ ਦਿੱਤਾ। ਜਿਥੇ ਨਾਅਰੇ ਜੈਕਾਰੇ ਚਲ ਰਹੇ ਸੀ, ਉਥੇ ਕੈਲੀਫੋਰਨੀਆ ਦੇ ਪ੍ਰਧਾਨ ਸ੍ਰ. ਤਰਸੇਮ ਸਿੰਘ ਖਾਲਸਾ ਟੂਲੇਗੀ ਨੇ ਕਿਹਾ ਕਿ ਅਸੀਂ ਸ਼ਹੀਦ ਸੰਤ ਭਿੰਡਰਾਂਵਾਲਿਆਂ ਅਤੇ ਸਿੱਖਾਂ ਦੇ ਵਾਹਿਦ ਆਗੂ ਸ੍ਰ. ਸਿਮਰਨਜੀਤ ਸਿੰਘ ਮਾਨ ਦੀ ਸੋਚ ’ਤੇ ਪਹਿਰਾ ਦਿੰਦੇ ਹੋਏ ਆਪਣੇ ਘਰ ਦੀ ਕਾਇਮੀ ਤੱਕ ਚੈਨ ਨਾਲ ਨਹੀਂ ਬੈਠਾਂਗੇ। ਉਨ੍ਹਾਂ ਅੱਜ ਦੇ ਮਹਾਨ ਨਗਰ ਕੀਰਤਨ ਉਪਰ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ।



















ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ

**26ਵੇਂ ਮਹਾਨ ਨਗਰ ਕੀਰਤਨ 'ਤੇ**

ਗੁਰੂ ਕੀਆਂ ਸੰਗਤਾਂ ਦਾ ਮਹਾਨ ਪਵਿੱਤਰ ਇਕੱਠ ਹੋਇਆ ਇਸ ਇਤਿਹਾਸਕ ਨਗਰ ਕੀਰਤਨ ਦੀ

**ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈ ਹੋਵੇ**

ਸ੍ਰ. ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ

ਸ੍ਰ. ਕੁਲਵਿੰਦਰ ਸਿੰਘ ਜੋਸ਼, ਸ੍ਰ. ਗੁਰਕੈਮ ਸਿੰਘ ਅਤੇ ਹੋਰ ਪਰਿਵਾਰਕ ਮੈਂਬਰ


## ਖਾਲਸਾ ਦਿਹਾੜੇ 'ਤੇ ਸਰੀ ਦੇ ਵਿਸ਼ਾਲ ਨਗਰ ਕੀਰਤਨ 'ਚ ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਵਿਸ਼ੇਸ਼ ਸਨਮਾਨ




ਖਾਲਸਾ ਦਿਹਾੜੇ 'ਤੇ ਸਰੀ ਦੇ ਵਿਸ਼ਾਲ ਨਗਰ ਕੀਰਤਨ ਵਿੱਚ ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਵਿੱਚ ਸਿੱਖਾਂ ਦੇ ਹੱਕਾਂ ਲਈ ਡਟਣ ਅਤੇ ਕੈਨੇਡੀਅਨ ਨਾਗਰਿਕ ਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਦੇ ਪ੍ਰਧਾਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਇੰਡੀਅਨ ਸਟੇਟ ਦੁਆਰਾ ਕੀਤੇ ਕਤਲ ਬਾਰੇ ਪਾਰਲੀਮੈਂਟ ਵਿੱਚ ਸੱਚਾਈ ਜਨਤਕ ਕਰਨ ਲਈ, ਇਸ ਵਰੇ ਦਾ ਵਿਸ਼ੇਸ਼ ਸਨਮਾਨ ਦਿੱਤਾ ਗਿਆ, ਜੋ ਕਿ ਜਸਟਿਨ ਟਰੂਡੋ ਦੀ ਗੈਰ-ਮੌਜੂਦਗੀ 'ਚ ਸਰੀ ਨਿਊਟਨ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਸੁਖ ਧਾਲੀਵਾਲ ਨੇ ਲਿਆ। ਇਹ ਪ੍ਰਸ਼ੰਸਾਯੋਗ ਕਦਮ ਹੈ। ਸਰੀ ਨਗਰ ਕੀਰਤਨ ਦੇ ਪ੍ਰਬੰਧਕਾਂ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਜਸਟਿਨ ਟਰੂਡੋ ਦੀ ਸਿੱਖ ਕੌਮ ਸਦਾ ਰਿਣੀ ਹੈ ਅਤੇ ਨਵਾਬ ਮਲੇਰਕੋਟਲਾ ਵਾਂਗ, ਜੋ ਵੀ ਸਿੱਖਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਾ ਹੈ, ਸਿੱਖ ਉਸ ਨੂੰ ਕਦੇ ਨਹੀਂ ਭੁਲਾਉਂਦੇ!

"AWARD OF APPRECIATION PRESENTED TO THE RIGHT HONOURABLE JUSTIN PIERRE JAMES TRUDEAU FOR YOUR DEDICATED SERVICE IN DEFENDING SIKH RIGIITS WITH DEEP GRATITUDE AND IN THE SOVEREIGN SPIRIT OF CHARDI KALA" Conferred by Dashmesh Gurdwara Sahib at Surrey Khalsa Day, April 19, 2025.

## ਪੰਜਾਬ ਦੇ ਕਿਸਾਨਾਂ ਨੇ ਅਮਰੀਕਨ ਵਾਈਸ ਪ੍ਰੈਜ਼ੀਡੈਂਟ JD Vance ਦੇ ਪੁਤਲੇ ਫੂਕੇ

**• ਕੀ ਕਿਸਾਨ ਅਮਰੀਕਾ ਖਿਲਾਫ਼ ਮੁਜ਼ਾਹਰਾ ਕਰਕੇ ਸਿੱਖਾਂ ਦਾ ਜਲੂਸ ਨਹੀਂ ਕੱਢ ਰਹੇ?**

ਚੰਡੀਗੜ੍ਹ : ਕਿਸਾਨ ਜਥੇਬੰਦੀਆਂ ਨੇ ਭਾਰਤ-ਅਮਰੀਕਾ ਵਿਚਾਲੇ ਦੱਧ ਉਤਪਾਦ ਤੇ ਖੇਤੀ ਜਿਣਸਾਂ ਨੂੰ ਬਿਨਾਂ ਟੈਕਸ ਜਾਂ ਘੱਟ ਟੈਕਸ 'ਤੇ ਦਰਾਮਦ ਕਰਨ ਲਈ ਬਣਾਈ ਜਾ ਰਹੀ ਰਣਨੀਤੀ ਦਾ ਵਿਰੋਧ ਕੀਤਾ ਹੈ। ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪੰਜਾਬ ਵਿੱਚ 108 ਥਾਵਾਂ 'ਤੇ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤੇ ਗਏ।

ਜੇ ਭਾਰਤ ਵਿੱਚ ਦੁੱਧ ਉਤਪਾਦ, ਮੀਟ ਅਤੇ ਖੇਤੀ ਜਿਣਸਾਂ ਨੂੰ ਬਿਨਾਂ ਟੈਕਸ ਜਾਂ ਘੱਟ ਟੈਕਸ 'ਤੇ ਦਰਾਮਦ ਕਰਨ ਦੇ ਸਮਝੌਤੇ ਸਿਰੇ ਲਗਦੇ ਹਨ ਤਾਂ ਦੇਸ਼ ਵਾਸੀ ਇਸ ਦਾ ਬਾਜ਼ਾਰ ਵਿੱਚ ਮੁਕਾਬਲਾ ਨਹੀਂ ਕਰ ਸਕਣਗੇ ਅਤੇ ਦੁੱਧ ਉਤਪਾਦਨ, ਖੇਤੀ ਅਤੇ ਮੱਧਮ ਤੇ ਛੋਟੇ ਵਪਾਰ ਤੋਂ ਬਾਹਰ ਹੋ ਜਾਣਗੇ। ਇਸ ਤਰ੍ਹਾਂ ਆਉਂਦੇ ਸਾਲਾਂ ਵਿਚ ਭਾਰਤੀ ਲੋਕਾਂ ਦੀ ਵਿਦੇਸ਼ੀ ਕੰਪਨੀਆਂ ਵੱਲੋਂ ਖੁੱਲ੍ਹੀ ਲੁੱਟ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵੈਂਸ ਇਹ ਸਮਝੌਤਾ ਕਰਨ ਲਈ ਹੀ ਭਾਰਤ ਆਏ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਮੋਦੀ ਸਰਕਾਰ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤੇ ਅਤੇ ਮੁਫ਼ਤ ਦਿੱਤੇ ਜਾਣ ਵਾਲੇ ਅਨਾਜ ਬੰਦ ਕਰਨ ਲਈ ਦਬਾਅ ਬਣਾ ਰਿਹਾ ਹੈ ਤੇ ਕਿਸਾਨਾਂ ਨੂੰ ਦਿੱਤੀ ਜਾ ਰਹੀ ਨਿਗੂਣੀ ਸਬਸਿਡੀ ਵੀ ਬੰਦ ਕਰਨ ਲਈ ਲੰਬੇ ਸਮੇਂ ਤੋਂ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਤੇ ਭਾਰਤੀ ਸਰਕਾਰਾਂ ਰਲ ਕੇ ਸਾਮਰਾਜ ਪੱਖੀ ਨੀਤੀਆਂ ਲਾਗੂ ਕਰ ਰਹੀਆਂ ਹਨ ਤੇ ਡੋਨਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਮਗਰੋਂ ਇਹ ਕੋਸ਼ਿਸ਼ਾਂ ਹੋਰ ਤੇਜ਼ ਹੋ ਗਈਆਂ ਹਨ। ਅਮਰੀਕਾ ਵੱਲੋਂ ਆਪਣੇ ਦੁੱਧ ਉਤਪਾਦਕਾਂ ਅਤੇ ਕਿਸਾਨਾਂ ਨੂੰ ਕਾਫੀ ਸਬਸਿਡੀ ਦਿੱਤੀ ਜਾ ਰਹੀ ਹੈ, ਜਦਕਿ ਭਾਰਤ ਵਿੱਚ ਇਹ ਨਾਂਹ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ, ਟਰੇਡ ਜਥੇਬੰਦੀਆਂ ਅਤੇ ਮਜ਼ਦੂਰ ਜਥੇਬੰਦੀਆਂ ਸਮੇਤ ਛੋਟੇ ਵਪਾਰੀ ਇਕੱਠੇ ਹੋ ਕੇ ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਨਗੇ





# ਪੰਥ ਤੇਰੇ ਦੀਆਂ ਗੂੰਜਾਂ ਦਿਨੋਂ-ਦਿਨ ਪੈਂਦੀਆਂ ਰਹਿਣਗੀਆਂ





ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ 26ਵੇਂ ਮਹਾਨ ਨਗਰ ਕੀਰਤਨ ’ਤੇ ਗੁਰੂ ਕੀਆਂ ਸੰਗਤਾਂ ਦਾ ਮਹਾਨ ਪਵਿੱਤਰ ਇਕੱਠ ਹੋਇਆ। ਇਸ ਇਤਿਹਾਸਕ ਨਗਰ ਕੀਰਤਨ ਦੀ

**ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ ਹੋਵੇ**

**ਸ੍ਰ. ਗੁਰਸ਼ਰਨ ਸਿੰਘ ਮਲਹੋਤਰਾ ਅਤੇ ਸਮੂਹ ਪਰਿਵਾਰਕ ਮੈਂਬਰ**

## ਸ੍ਰੀ ਹੇਮਕੁੰਟ ਸਾਹਿਬ ਯਾਤਰਾ ਸਬੰਧੀ ਬਿੰਦਰਾ ਵੱਲੋਂ ਉੱਤਰਾਖੰਡ ਦੇ ਮੁੱਖ ਮੰਤਰੀ ਨਾਲ ਮੁਲਾਕਾਤ

ਅੰਮ੍ਰਿਤਸਰ : ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਸਮੇਂ ਗੁਰੂ ਘਰ ਵਿਖੇ ਨਤਮਸਤਕ ਹੋਣ ਦੀ ਇੱਛਾ ਪ੍ਰਗਟਾਈ ਹੈ।



ਇਹ ਖੁਲਾਸਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕੀਤਾ ਹੈ। ਸ੍ਰੀ ਬਿੰਦਰਾ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਦੀਆਂ ਤਿਆਰੀਆਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਉਨ੍ਹਾਂ ਨੂੰ ਯਾਤਰਾ ਦੀ ਆਰੰਭਤਾ ਸਮੇਂ ਸ਼ਾਮਿਲ ਹੋਣ ਲਈ ਸੱਦਾ ਪੱਤਰ ਦਿੱਤਾ ਹੈ।

ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਸ੍ਰੀ ਬਿੰਦਰਾ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਯਾਤਰਾ ਸਬੰਧੀ ਤਿਆਰੀਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਾਪਤ ਕੀਤੀ ਅਤੇ ਯਾਤਰਾ ਦੌਰਾਨ ਖੁਦ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਣ ਦੀ ਇੱਛਾ ਪ੍ਰਗਟਾਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਯਾਤਰਾ ਵਾਸਤੇ ਸ਼ਰਧਾਲੂਆਂ ਲਈ ਲੋੜੀਂਦੀਆਂ ਸਹੂਲਤਾਂ, ਯਾਤਰਾ ਨੂੰ ਸਰਲ ਬਣਾਉਣ ਅਤੇ ਸੁਰੱਖਿਆ ਪ੍ਰਬੰਧ ਲਈ ਰਾਜ ਸਰਕਾਰ ਵੱਲੋਂ ਹਰ ਢੁਕਵੀਂ ਮਦਦ ਦਿੱਤੀ ਜਾਵੇਗੀ।

ਇਸ ਦੌਰਾਨ ਗੁਰਦੁਆਰਾ ਗੋਬਿੰਦ ਘਾਟ ਵਿਖੇ ਟੁੱਟ ਗਏ ਪੁਲ ਦੇ ਇਸ ਮਹੀਨੇ ਤੱਕ ਮੁਕੰਮਲ ਹੋਣ ਦੀ ਉਮੀਦ ਪ੍ਰਗਟਾਈ ਗਈ ਹੈ। ਇਸ ਪੁਲ ਦਾ ਨਿਰਮਾਣ ਕਾਰਜ ਜਾਰੀ ਹੈ। ਪੁਲ ਪਿਛਲੇ ਮਹੀਨੇ ਪਹਾੜ ਤੋਂ ਵੱਡੀਆਂ ਢਿੱਗਾਂ ਡਿੱਗਣ ਦੇ ਕਾਰਨ ਕਾਰਨ ਟੁੱਟ ਗਿਆ ਸੀ ਅਤੇ ਆਵਾਜਾਈ ਵਿੱਚ ਵਿਘਨ ਪਿਆ ਸੀ। ਇਸ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਇਹ ਪੁਲ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਮਾਰਗ ਨੂੰ ਜੋੜਦਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਦਿੱਤੇ ਗਏ ਆਦੇਸ਼ ਦੇ ਮੁਤਾਬਕ ਪੁਲ ਤਿਆਰ ਕਰਨ ਦਾ ਕੰਮ ਤੁਰੰਤ ਹੀ ਸ਼ੁਰੂ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਹ ਸਲਾਨਾ ਯਾਤਰਾ 22 ਮਈ ਨੂੰ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ ਆਰੰਭ ਹੋਵੇਗੀ ਅਤੇ 25 ਮਈ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਵਾਸਤੇ ਖੋਲ੍ਹੇ ਜਾਣਗੇ।

ਇਸ ਸਬੰਧ ਵਿੱਚ ਰਾਜ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ, ਟਰਸਟ ਤੇ ਹੋਰ ਵਿਭਾਗਾਂ ਵੱਲੋਂ ਯਾਤਰਾ ਨੂੰ ਸਰਲ ਅਤੇ ਸੁਰੱਖਿਤ ਬਣਾਉਣ ਵਾਸਤੇ ਕੰਮ ਸ਼ੁਰੂ ਕਰ ਦਿੱਤੇ ਗਏ ਹਨ। ਭਾਰਤੀ ਫੌਜ ਵੱਲੋਂ 25 ਮੈਂਬਰੀ ਜਵਾਨਾਂ ਦਾ ਇੱਕ ਦਲ ਬਰਫ ਦੀ ਕਟਾਈ ਅਤੇ ਰਸਤੇ ਤਿਆਰ ਕਰਨ ਲਈ ਭੇਜ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਉਹ ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਗੁਰਮੀਤ ਸਿੰਘ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਵੀ ਇਸ ਯਾਤਰਾ ਦੀ ਆਰੰਭਤਾ ਸਮੇਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਸੀ।

## ਸੰਵਿਧਾਨਕ ਅਹੁਦੇ ’ਤੇ ਬੈਠੇ ਵਿਅਕਤੀ ਦਾ ਹਰ ਸ਼ਬਦ ਕੌਮੀ ਹਿੱਤ ਤੋਂ ਪ੍ਰੇਰਿਤ ਹੁੰਦੈ: ਧਨਖੜ

ਨਵੀਂ ਦਿੱਲੀ : ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਹੈ ਕਿ ਸੰਵਿਧਾਨਕ ਅਹੁਦੇ ’ਤੇ ਬੈਠੇ ਹਰ ਵਿਅਕਤੀ ਵੱਲੋਂ ਆਖਿਆ ਗਿਆ ਹਰੇਕ ਸ਼ਬਦ ਸਰਵਉੱਚ ਕੌਮੀ ਹਿੱਤ ਤੋਂ ਪ੍ਰੇਰਿਤ ਹੁੰਦਾ ਹੈ। ਉਨ੍ਹਾਂ ਹਾਲ ਹੀ ’ਚ ਸੁਪਰੀਮ ਕੋਰਟ ਵੱਲੋਂ ਜਾਰੀ ਹੁਕਮ ਬਾਰੇ ਕੀਤੀ ਗਈ ਆਪਣੀ ਟਿੱਪਣੀ ’ਤੇ ਸਵਾਲ ਚੁੱਕਣ ਵਾਲੇ ਆਲੋਚਕਾਂ ’ਤੇ ਨਿਸ਼ਾਨਾ ਵੀ ਸੇਧਿਆ। ਦਿੱਲੀ ਯੂਨੀਵਰਸਿਟੀ ਦੇ ਸਮਾਗਮ ’ਚ ਸੰਬੋਧਨ ਕਰਦਿਆਂ ਉਪ ਰਾਸ਼ਟਰਪਤੀ ਸ੍ਰੀ ਧਨਖੜ ਨੇ ਕਿਹਾ ਕਿ ਦੇਸ਼ ਖ਼ ?ਲਾਫ਼ ਕੰਮ ਕਰਨ ਵਾਲੀਆਂ ਤਾਕਤਾਂ ਵੱਲੋਂ ਸੰਸਥਾਵਾਂ ਦੀ ਨਿਖੇਧੀ ਕਰਨ ਤੇ ਉਨ੍ਹਾਂ ਨੂੰ ਬਰਬਾਦ ਕਰਨ ਦੇ ਯਤਨਾਂ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਸੰਸਦ ਨੂੰ ਸਰਵਉੱਚ ਦੱਸਦਿਆਂ ਸ੍ਰੀ ਧਨਖੜ ਨੇ ਕਿਹਾ, ‘ਸੰਵਿਧਾਨ ਵਿੱਚ ਸੰਸਦ ਤੋਂ ਉੱਪਰ ਕਿਸੇ ਅਥਾਰਿਟੀ ਦੀ ਕਲਪਨਾ ਨਹੀਂ ਕੀਤੀ ਗਈ ਹੈ। ਸੰਸਦ ਸਭ ਤੋਂ ਉੱਪਰ ਹੈਮੈਂ ਤੁਹਾਨੂੰ ਦੱਸ ਦੇਵਾਂ ਕਿ ਇਹ ਓਨੀ ਹੀ ਸਰਵਉੱਚ ਹੈ ਜਿੰਨੀ ਕਿ ਮੁਲਕ ਦਾ ਹਰ ਵਿਅਕਤੀ।’



ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਹਾਲ ਹੀ ’ਚ ਰਾਜਪਾਲਾਂ ਵੱਲੋਂ ਰੋਕ ਕੇ ਰੱਖੇ ਬਿੱਲਾਂ ’ਤੇ ਰਾਸ਼ਟਰਪਤੀ ਦੀ ਮਨਜ਼ੂਰੀ ਵਾਸਤੇ ਉਨ੍ਹਾਂ ਨੂੰ ਫ਼ੈਸਲਾ ਲੈਣ ਲਈ ਤਿੰਨ ਮਹੀਨੇ ਦੀ ਸਮਾਂ-ਸੀਮਾ ਤੈਅ ਕੀਤੀ ਸੀ, ਜਿਸ ’ਤੇ ਉਪ ਰਾਸ਼ਟਰਪਤੀ ਨੇ ਕਾਫ਼ੀ ਤਿੱਖੀ ਟਿੱਪਣੀ ਕੀਤੀ ਸੀ।

ਇਸ ਦੌਰਾਨ ਏਆਈਐੱਮਆਈਐੱਮ ਮੁਖੀ ਅਸਦੂਦੀਨ ਓਵਾਇਸੀ ਨੇ ਸ੍ਰੀ ਧਨਖੜ ਦੀ ਟਿੱਪਣੀ ’ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਜੇਕਰ ਕੋਈ ਗਲਤ ਕਾਨੂੰਨ ਬਣਦਾ ਹੈ ਤੇ ਸੰਵਿਧਾਨ ਦੀਆਂ ਧਾਰਾਵਾਂ ਦੀ ਗਲਤ ਵਰਤੋਂ ਹੁੰਦੀ ਹੈ ਤਾਂ ਨਿਆਂਪਾਲਿਕਾ ਦਖ਼ਲ ਦੇਵੇਗੀ। ਕਾਂਗਰਸ ਦੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਕਿਹਾ ਕਿ ਸੰਵਿਧਾਨ ਵਿੱਚ ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ’ਚ ਸ਼ਕਤੀਆਂ ਦੀ ਸਪੱਸ਼ਟ ਵੰਡ ਕੀਤੀ ਗਈ ਹੈ।

## ਮਸਕ ਫਾਊਂਡੇਸ਼ਨ ਵਲੋਂ ਭਾਰਤੀ ਕੰਪਨੀ ਨੂੰ 50 ਮਿਲੀਅਨ ਡਾਲਰ ਦਾ ਇਨਾਮ

ਵਾਸ਼ਿੰਗਟਨ : ਇੱਕ ਭਾਰਤੀ ਕੰਪਨੀ ਜੋ ਵਾਯੂਮੰਡਲ ਤੋਂ ਜਲਵਾਯੂ-ਗਰਮ ਕਰਨ ਵਾਲੀ ਕਾਰਬਨ ਡਾਈਆਕਸਾਈਡ ਨੂੰ ਖਿੱਚਣ ਲਈ ਕਿਸਾਨਾਂ ਦੇ ਖੇਤਾਂ ’ਤੇ ਪੱਥਰ ਫੈਲਾਉਂਦੀ ਹੈ, ਨੇ ਐਲੋਨ ਮਸਕ ਦੀ ਫਾਊਂਡੇਸ਼ਨ ਦੁਆਰਾ ਫੰਡ ਕੀਤੇ ਗਏ ਇੱਕ ਵਿਸ਼ਵਵਿਆਪੀ ਮੁਕਾਬਲੇ ਵਿਚ 50 ਮਿਲੀਅਨ ਡਾਲਰ ਦਾ ਸ਼ਾਨਦਾਰ ਇਨਾਮ ਜਿੱਤਿਆ ਹੈ। ਮਾਟੀ ਕਾਰਬਨ 88 ਦੇਸ਼ਾਂ ਦੀਆਂ 1,300 ਤੋਂ ਵੱਧ ਟੀਮਾਂ ਵਿਚੋਂ ਇੱਕ ਸੀ ਜਿਨ੍ਹਾਂ ਨੇ ਚਾਰ ਸਾਲਾ ਐਕਸ ਪ੍ਰਾਈਜ਼ ਕਾਰਬਨ ਰਿਮੂਵਲ ਮੁਕਾਬਲੇ ਵਿਚ ਹਿੱਸਾ ਲਿਆ ਸੀ, ਜੋ ਕਿ 2021 ਵਿਚ ਕਾਰਬਨ-ਰਿਮੂਵਲ ਤਕਨਾਲੋਜੀਆਂ ਦੀ ਤਾਇਨਾਤੀ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤਾ ਗਿਆ ਸੀ। ਬਹੁਤ ਸਾਰੇ ਵਿਗਿਆਨੀ ਮੰਨਦੇ ਹਨ ਕਿ ਗੈਸੋਲੀਨ, ਕੋਲਾ ਤੇ ਤੇਲ ਵਰਗੇ ਜੈਵਿਕ ਇੰਧਨ ਦੇ ਜਲਣ ਕਾਰਨ ਹੋਣ ਵਾਲੀ ਗਲੋਬਲ ਵਾਰਮਿੰਗ ਵਿਰੁੱਧ ਲੜਾਈ ਵਿਚ ਕਾਰਬਨ ਨੂੰ ਹਟਾਉਣਾ ਬਹੁਤ ਜ਼ਰੂਰੀ ਹੈ, ਜੋ ਕਾਰਬਨ ਡਾਈਆਕਸਾਈਡ ਛੱਡਦੇ ਹਨ। ਮੁਕਾਬਲੇ ਦੇ ਤਕਨੀਕੀ ਮੁਖੀ ਮਾਈਕਲ ਲੀਚ ਨੇ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਅਸੀਂ ਨਿਕਾਸ ਘਟਾਉਣ ਦੇ ਬਦਲ ਵਜੋਂ ਕਾਰਬਨ ਡਾਈਆਕਸਾਈਡ ਹਟਾਉਣ ਨੂੰ ਉਤਸ਼ਾਹਿਤ ਨਾ ਕਰੀਏ।



ਮਾਟੀ ਕਾਰਬਨ ਦੇ ਐਕਸ ਪ੍ਰਾਈਜ਼ ਕਾਰਬਨ ਰਿਮੂਵਲ ਜੇਤੂ, ਸੰਸਥਾਪਕ ਤੇ ਸੀ.ਈ.ਓ. ਸ਼ਾਂਤਨੂੰ ਅਗਰਵਾਲ ਤੇ ਮੁੱਖ ਵਿਗਿਆਨ ਅਧਿਕਾਰੀ ਜੇਕ ਜੌਰਡਨ।


# ਸਿੰਘ ਸਭਾ ਲਹਿਰ ਦੇ ਵਿਦਵਾਨ ਆਗੂ 'ਪੰਥ ਰਤਨ' ਭਾਈ ਦਿੱਤ ਸਿੰਘ ਗਿਆਨੀ

**'ਜਿਹਦਾ ਨਾਮ ਲੈਂਦਿਆਂ ਹੀ ਦਿਲ ਵਿਚ ਜੋਸ਼ ਉਠੇ,**
**ਝੁਕ ਜਾਵੇ ਧੌਣ ਵੱਡੇ ਵੱਡੇ ਅਭਿਮਾਨੀ ਦੀ।**
**ਸੁੱਤੀ ਹੋਈ ਘੂਕ ਕੌਮ ਆਣ ਕੇ ਜਗਾਈ ਜੀਹਨੇ,**
**ਅਜ ਤਕ ਧੁੰਮ ਪਈ ਹੋਈ ਜਿਹਦੀ ਕਾਨੀ ਦੀ।**
**ਐਸਾ ਕੌਣ ਬੀਰ ਜੀਹਨੇ ਭਰਮ ਲੀਰ ਲੀਰ ਕੀਤੇ,**
**ਆਈ ਅਜ ਯਾਦ ਉਸ ਸਿੰਘ ਸਭਾ ਬਾਨੀ ਦੀ।**
**ਭਾਵੇਂ ਉਹ ਦੀ ਪਾਈ ਨਾ ਕਦਰ ਪੂਰੀ ਪੰਥ ਨੇ ਹੈ,**
**ਭਾਸੇ ਅਜ ਲੋੜ ਫੇਰ 'ਦਿੱਤ ਸਿੰਘ ਗਿਆਨੀ' ਦੀ।'**

ਸਿੰਘ ਸਭਾ ਲਹਿਰ ਦੀ ਜਿਥੇ ਪੰਜਾਬ ਦੀ ਧਰਤੀ ਕ੍ਰਤੇ ਸਿੱਖੀ ਦੇ ਫੈਲਾਅ ਵਿੱਚ ਵਿਸ਼ੇਸ਼ ਭੂਮਿਕਾ ਹੈ, ਉੱਥੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਸਿੱਖ ਸਿਧਾਂਤਾਂ ਦੇ ਪ੍ਰਸਾਰ ਵਿਚ ਵੀ ਇਸ ਦੀ ਵਡਮੁਲੀ ਦੇਣ ਹੈ। ਮਹਾਨ ਸਿੱਖ ਵਿਦਵਾਨ, ਉੱਚ-ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਉੱਤਮ ਵਿਆਖਿਆਕਾਰ, ਸ੍ਰੇਸ਼ਟ ਟੀਕਾਕਾਰ, ਸੰਪਾਦਕ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਸਿੰਘ ਸਭਾ ਲਹਿਰ ਦੇ ਪ੍ਰਮੁਖ ਪ੍ਰਚਾਰਕ ਸਨ। ਰੋਪੜ ਨਿਵਾਸੀ ਕਵੀਰਾਜ ਗੁਰਬਖਸ਼ ਸਿੰਘ ਦੀਆਂ ਉਪਰੋਕਤ ਕਾਵਿ ਸਤਰਾਂ ਭਾਈ ਸਾਹਿਬ ਦੀ ਕੌਮ ਪ੍ਰਤੀ ਦੇਣ ਨੂੰ ਬਿਆਨਦੀਆਂ ਹਨ।

ਸਿੰਘ ਸਭਾ ਲਹਿਰ ਦੇ ਪ੍ਰਮੁਖ ਪ੍ਰਚਾਰਕ ਗਿਆਨੀ ਦਿੱਤ ਸਿੰਘ ਦਾ ਜਨਮ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਨੰਦਪੁਰ ਕਲੌੜ ਦੇ ਮੂਲਨਿਵਾਸੀ ਦੀਵਾਨ ਸਿੰਘ ਦੇ ਘਰ ਮਾਈ ਰਾਮ ਕੌਰ ਦੀ ਕੁੱਖੋਂ 21 ਅਪ੍ਰੈਲ 1853 ਈ. (ਦੂਜਾ ਸਰੋਤ 1850 ਈ.) ਵਿਚ ਹੋਇਆ। ਨਿੱਕੀ ਉਮਰੇ ਆਪ ਜੀ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖਸ਼ ਦੇ ਡੇਰੇ ਤੋਂ ਸ੍ਵੈ ਅਧਿਐਨ ਸਦਕਾ ਗੁਰਬਾਣੀ ਸਮੇਤ ਹੋਰ ਗਿਆਨ ਹਾਸਲ ਕੀਤਾ। ਭਾਈ ਦਿੱਤ ਸਿੰਘ ਦਾ ਵਿਆਹ 1872 ਵਿੱਚ ਸਿੱਖ ਮਰਿਆਦਾ ਅਨੁਸਾਰ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਕੌਰ ਨਾਲ ਹੋਇਆ। ਬੀਬੀ ਬਿਸ਼ਨ ਕੌਰ ਦੇ ਜਿਮੀਂਦਾਰ ਪਰਿਵਾਰ ਅਤੇ ਗਿਆਨੀ ਦਿੱਤ ਸਿੰਘ ਦਾ ਮੂਲ ਨਿਵਾਸੀ ਪਰਿਵਾਰ ਦਾ, ਵਿਆਹ ਦੇ ਰੂਪ ਵਿੱਚ ਮੇਲ ਇਤਿਹਾਸਕ ਇਨਕਲਾਬ ਸੀ, ਜਿਸ ਦਾ ਉਸ ਵੇਲੇ ਵੀ ਕਾਫੀ ਵਿਰੋਧ ਹੋਇਆ।

ਸਿੰਘ ਸਭਾ ਲਾਹੌਰ ਦੇ ਮੋਢੀ ਅਤੇ ਉੱਘੇ ਵਿਦਵਾਨ ਪ੍ਰੋਫੈਸਰ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਗਿਆਨੀ ਦਿੱਤ ਸਿੰਘ ਅੰਮ੍ਰਿਤ ਛੱਕ ਕੇ ਸਿੰਘ ਸਜੇ। ਇੱਕ ਸਾਲ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤਾ। ਗਿਆਨੀ ਦਿੱਤ ਸਿੰਘ ਅਤੇ ਬੀਬੀ ਬਿਸ਼ਨ ਕੌਰ ਦੇ ਘਰ ਪੁੱਤਰ ਬਲਦੇਵ ਸਿੰਘ ਅਤੇ ਧੀ ਬੀਬਾ ਵਿਦਿਆਵੰਤੀ ਕੌਰ ਨੇ ਜਨਮ ਲਿਆ। ਗਿਆਨੀ ਦਿੱਤ ਸਿੰਘ ਜੀ ਨੇ ਜੀਵਨ ਭਰ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਉਨ੍ਹਾਂ ਸਿੱਖ ਸਿਧਾਂਤਾਂ ਨੂੰ ਬਿਆਨ ਕਰਦਿਆਂ ਬਹੁਤ ਸਾਰੀਆਂ ਵਡਮੁੱਲੀਆਂ ਕਿਤਾਬਾਂ ਲਿਖੀਆਂ।



ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ 10 ਨਵੰਬਰ 1880 ਨੂੰ ਲਾਹੌਰ ਤੋਂ ਹਫ਼ਤਾਵਾਰੀ 'ਗੁਰਮੁਖੀ' ਅਖ਼ਬਾਰ, ਸ਼ੁੱਧ ਪੰਜਾਬੀ 'ਚ ਆਰੰਭ ਕਰਕੇ, ਨਾ ਸਿਰਫ਼ ਧਾਰਮਿਕ ਅਤੇ ਸਮਾਜਿਕ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ, ਸਗੋਂ ਪੰਜਾਬੀ ਦੇ ਵਿਕਾਸ 'ਚ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਆਪ 'ਖ਼ਾਲਸਾ ਅਖ਼ਬਾਰ' ਲਾਹੌਰ ਦੇ ਸੰਪਾਦਕ ਰਹੇ ਅਤੇ ਅਖਬਾਰ ਜ਼ਰੀਏ ਵੀ ਲੋਕਾਂ ਨੂੰ ਜਾਤ ਪਾਤ, ਅੰਧ-ਵਿਸ਼ਵਾਸ, ਜਾਦੂ-ਟੂਣੇ, ਫੋਕਟ ਕਰਮ-ਕਾਂਡ ਤੋਂ ਸੁਚੇਤ ਕੀਤਾ। ਗਿਆਨੀ ਦਿੱਤ ਸਿੰਘ ਜੀ ਦੇ ਜ਼ਿਕਰ ਤੋਂ ਬਗੈਰ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਅਧੂਰਾ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਪੱਤਰਕਾਰੀ ਦੇ ਇਤਿਹਾਸਕਾਰਾਂ ਅਤੇ ਖੋਜੀਆਂ ਵੱਲੋਂ ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ ਦਾ ਜ਼ਿਕਰ ਕਰਨਾ ਵੀ ਮੁਨਾਸਬ ਨਹੀਂ ਸਮਝਿਆ ਜਾਂਦਾ। ਪੰਜਾਬੀ ਪੱਤਰਕਾਰੀ ਦੀ ਇਤਿਹਾਸਕਾਰੀ ਵਿੱਚ ਸਿੰਘ ਸਭਾ ਲਹਿਰ ਨਾਲ ਅਜਿਹਾ ਵਿਤਕਰਾ ਬੌਧਿਕ ਦੀਵਾਲੀਆਪਣ ਅਤੇ ਸਾਹਿਤਕ ਕੰਗਾਲੀ ਦਾ ਪ੍ਰਗਟਾਵਾ ਕਰਦਾ ਹੈ।

ਪੰਥ ਰਤਨ ਗਿਆਨੀ ਦਿੱਤ ਸਿੰਘ ਨੇ 'ਸਿੰਘ ਸਭਾ ਲਹਿਰ' ਰਾਹੀਂ ਸਿੱਖ ਸਮਾਜ ਵਿੱਚ ਫੈਲੇ ਮਨੂਵਾਦੀ ਭਰਮ ਅਤੇ ਪਖੰਡ ਖਤਮ ਕਰਨ ਲਈ ਦ੍ਰਿੜ੍ਹਤਾ ਨਾਲ ਲੰਮਾ ਸੰਘਰਸ਼ ਕੀਤਾ। ਆਪ ਜੀ ਦੇ ਮਹਾਨ ਗੁਣਾਂ ਵਿੱਚ ਇਹ ਅਹਿਮ ਪਹਿਲੂ ਸ਼ਾਮਲ ਹਨ ਕਿ ਇਕਵੰਜਾ ਸਾਲ ਦੀ ਉਮਰ 'ਚ 70 ਤੋਂ ਵੱਧ ਕਿਤਾਬਾਂ ਅਤੇ ਟਰੈਕਟਰ ਲਿਖੇ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਦੇ ਮੋਢੀ ਮੈਂਬਰ ਬਣੇ।

ਇਨ੍ਹਾਂ ਪੱਖਾਂ ਤੋਂ ਇਲਾਵਾ ਹੋਰਨਾਂ ਮਹੱਤਵਪੂਰਨ ਵਿਸ਼ੇਸ਼ਤਾਵਾਂ; ਜਾਤ -ਪਾਤ ਅਤੇ ਊਚ- ਨੀਚ ਦੇ ਸਿੱਖ ਸਮਾਜ 'ਚ ਵੀ ਵਿਤਕਰੇ ਖ਼ ?ਲਾਫ਼ ਜ਼ੋਰਦਾਰ ਆਵਾਜ਼ ਉੱਠਾਉਣ ਸਮੇਤ ਅਨੇਕਾਂ ਖੇਤਰਾਂ ਵਿੱਚ

**ਡਾ. ਗੁਰਵਿੰਦਰ ਸਿੰਘ**
**ਗਿਆਨੀ ਦਿੱਤ ਸਿੰਘ**
**ਸਾਹਿਤ ਸਭਾ, ਕੈਨੇਡਾ**



ਗਿਆਨੀ ਦਿੱਤ ਸਿੰਘ ਜੀ ਦੀ ਇਤਿਹਾਸਕ ਭੂਮਿਕਾ ਰਹੀ। 6 ਸਤੰਬਰ 1901 ਈ. ਨੂੰ ਧਰਮ-ਸੁਧਾਰ ਲਈ ਜੂਝਦਿਆਂ ਗਿਆਨੀ ਦਿੱਤ ਸਿੰਘ ਬੀਮਾਰੀ ਕਾਰਨ ਸਰੀਰਕ ਤੌਰ 'ਤੇ ਸਭ ਨੂੰ ਅਲਵਿਦਾ ਕਹਿ ਗਏ, ਪਰ ਵਿਚਾਰਧਾਰਕ ਪੱਖੋਂ ਉਹ ਹਮੇਸ਼ਾ ਹੀ ਜਿਉਂਦੇ ਹਨ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਜਿੱਥੇ ਇਸਾਈ ਮਿਸ਼ਨਰੀਆਂ ਨੂੰ ਚੁਣੌਤੀ ਦਿੰਦਿਆਂ, ਸਿੱਖੀ ਉੱਤੇ ਉਹਨਾਂ ਦੇ ਪ੍ਰਭਾਵ ਦੇ ਖਾਤਮੇ ਦੇ ਯਤਨ ਕੀਤੇ, ਉੱਥੇ ਆਰੀਆ ਸਮਾਜੀਆਂ ਅਤੇ ਬ੍ਰਾਹਮਣਵਾਦੀਆਂ ਨੂੰ ਵੀ ਖੁੱਲ ਕੇ ਵੰਗਾਰਿਆ। ਸਿੱਖੀ ਦੇ ਵਿਰੋਧੀਆਂ ਨਾਲ ਜ਼ਬਰਦਸਤ ਟੱਕਰ ਲੈਂਦਿਆਂ ਗਿਆਨੀ ਦਿੱਤ ਸਿੰਘ ਜੀ ਨੇ ਦਿਯਾ ਨੰਦ ਨੂੰ ਵੱਖ- ਵੱਖ ਸੰਵਾਦ ਦੌਰਾਨ ਹਾਰ ਦਿੱਤੀ ਅਤੇ ਉਸ ਦੇ ਪਾਖੰਡ ਨੂੰ ਜੱਗ ਜ਼ਾਹਰ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਸਾਧੂ ਦਿਆਨੰਦ ਨੇ ਸਤਿਆਰਥ ਪ੍ਰਕਾਸ਼ ਵਿੱਚ ਅਪਮਾਨਿਤ ਸ਼ਬਦ ਲਿਖੇ ਸਨ; 'ਨਾਨਕ ਸ਼ਾਹ ਫਕੀਰ ਨੇ ਨਿਯਾ ਚਲਾਇਆ ਪੰਥ। ਇਧਰ ਉਧਰ ਸੇ ਜੋੜ ਕਰ ਲਿਖ ਡਾਲਾ ਇੱਕ ਗ੍ਰੰਥ।' ਗਿਆਨੀ ਦਿੱਤ ਸਿੰਘ ਨੇ ਇਸ ਬਾਰੇ 'ਸਾਧੂ ਦਿਆ ਨੰਦ ਨਾਲ ਮੇਰੇ ਸੰਵਾਦ' ਕਿਤਾਬ ਰਾਹੀਂ ਜੋ ਬਖੀਏ ਉਧੇੜੇ, ਉਹ ਭਾਵਪੂਰਤ ਸ਼ਬਦਾਂ ਵਿੱਚ ਦਰਜ ਹਨ ਤੇ ਇਹ ਕਿਤਾਬ ਹਰ ਇੱਕ ਦੇ ਪੜ੍ਹਨ ਲਾਇਕ ਹੈ।

ਅੱਜ ਗਿਆਨੀ ਜੀ ਦਾ ਜਨਮ ਦਿਹਾੜਾ ਮਨਾਉਂਦੇ ਹੋਏ, ਉਨ੍ਹਾਂ ਦੁਆਰਾ ਦਿਆਨੰਦ ਦੇ ਗੁਰੂ ਸਾਹਿਬ ਖਿਲਾਫ ਕੀਤੇ ਭੰਡੀ ਪ੍ਰਚਾਰ ਨੂੰ ਰੱਦ ਕਰਨ ਲਈ ਉੱਦਮ ਨੂੰ ਜਾਰੀ ਰੱਖਦੇ ਹੋਏ, ਅਜਿਹੇ ਅਪਮਾਨਜਨਕ ਸ਼ਬਦ ਹਮੇਸ਼ਾ ਵਾਸਤੇ ਰੱਦ ਕੀਤੇ ਜਾਣ ਲਈ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ। ਸਾਧੂ ਦਿਯਾ ਨੰਦ ਨੇ ਗੁਰੂ ਨਾਨਕ ਸਾਹਿਬ ਸਬੰਧੀ ਜੋ ਸ਼ਬਦ 'ਸਤਿਆਰਥ ਪ੍ਰਕਾਸ਼' ਵਿੱਚ ਲਿਖੇ ਹਨ, ਉਨ੍ਹਾਂ ਨੂੰ ਸਮੁੱਚੀ ਸਿੱਖ ਕੌਮ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕਰਨ ਲਈ ਇੱਕਮੁੱਠ ਹੋਵੇ ਅਤੇ ਅਪਮਾਨਜਨਕ ਟਿੱਪਣੀਆਂ ਨੂੰ ਆਰੀਆ ਸਮਾਜ ਦੀ ਅਖੌਤੀ ਲਿਖਤ ਵਿੱਚੋਂ ਰੱਦ ਕੀਤਾ ਕੀਤਾ ਜਾਏ। ਇਸ ਉੱਦਮ ਲਈ ਆਨਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਜਾਏ ਅਤੇ ਲਿਖਤੀ ਰੂਪ ਦੇ ਵਿੱਚ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਤੋਂ ਵੀ ਜ਼ੋਰਦਾਰ ਕਦਮ ਉਠਾਉਣ ਦੀ ਮੰਗ ਕੀਤੀ ਜਾਵੇ, ਜੋ ਕਿ ਮਨੂੰਵਾਦੀ ਅਤੇ ਸਨਾਤਨੀ ਪ੍ਰਭਾਵ ਹੇਠ ਸਿੱਖ ਵਿਰੋਧੀ ਤਾਕਤਾਂ ਪ੍ਰਤੀ ਕਦਮ ਉਠਾਉਣ ਤੋਂ ਕੰਨੀ ਕਤਰਾਉਂਦੀਆਂ ਆ ਰਹੀਆਂ ਹਨ।

ਮਹਾਨ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਦੁਆਰਾ ਆਰੰਭੀ ਸਿੰਘ ਸਭਾ ਲਹਿਰ ਜਾਰੀ ਰੱਖਣ ਅਤੇ ਸਿੱਖ ਵਿਰੋਧੀ ਤਾਕਤਾਂ ਖਿਲਾਫ਼ ਡਟਣ ਲਈ ਅਜਿਹੇ ਉੱਦਮ ਦੀ ਸਖ਼ਤ ਜ਼ਰੂਰਤ ਹੈ। ਇਸ ਗੱਲ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਵਾਮੀ ਦਯਾਨੰਦ ਦੇ ਨਾਮ 'ਤੇ ਪੰਜਾਬ ਸਮੇਤ ਉੱਤਰੀ ਭਾਰਤ ਵਿਚ ਥਾਂ-ਥਾਂ ਸਕੂਲ, ਕਾਲਜ ਹਨ ਪਰ ਅੱਜ ਇਹ ਸਿੱਖ ਕੌਮ ਲਈ ਬਹੁਤ ਵੱਡੀ ਬੌਧਿਕ ਚੁਣੌਤੀ ਹੈ ਕਿ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੇ ਨਾਂ ਤੇ ਸਕੂਲ, ਕਾਲਜ ਤਾਂ ਕੀ ਹੋਣੇ ਹਨ, ਬਲਕਿ ਬਹੁਤੇ ਸਿੱਖ ਤਾਂ ਉਹਨਾਂ ਬਾਰੇ ਜਾਣਦੇ ਵੀ ਨਹੀਂ ਹਨ। ਦੁੱਖ ਦੀ ਗੱਲ ਇਹ ਹੈ ਕਿ ਜਿਹੜੇ ਸਿੱਖੀ ਦੇ ਅਸਲੀ ਅਨਮੋਲ ਰਤਨ ਸਨ, ਉਨ੍ਹਾਂ ਨੂੰ ਸਿੱਖਾਂ ਨੇ ਹੀ ਭੁਲਾ ਦਿਤਾ। ਸਿੰਘ ਸਭਾ ਲਹਿਰ ਚਲਾ ਕੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦਿਆਂ ਸਿੱਖੀ ਦਾ ਬੇੜਾ ਬਚਾਇਆ ਸੀ, ਉਨ੍ਹਾਂ ਅਣਮੁੱਲੇ ਰਤਨਾਂ ਦੀ ਕੌਮ ਨੇ ਕੋਈ ਕਦਰ ਨਾ ਕੀਤੀ। ਪੰਥ ਰਤਨ ਗਿਆਨੀ ਦਿੱਤ ਸਿੰਘ ਸਮੇਤ ਇਹ ਸਾਰੇ ਉਹ ਯੋਧੇ ਹੋਏ ਨੇ ਜਿਨ੍ਹਾਂ ਨੇ ਸਿੱਖੀ ਨੂੰ ਮਨੂਵਾਦ ਅਤੇ ਬਿਪਰਵਾਦ ਦੇ ਦਲਦਲ ਵਿੱਚ ਧਸਣ ਤੋਂ ਬਚਾਇਆ ਸੀ, ਅੱਜ ਅਸੀਂ ਇਹਨਾਂ ਅਣਮੁਲੇ ਹੀਰਿਆਂ ਨੂੰ ਵਿਸਾਰ ਦਿਤਾ ਹੈ।

ਕਰੀਬ ਡੇਢ ਸੌ ਸਾਲ ਪਹਿਲਾਂ ਪੈਦਾ ਹੋਈ ਸਿੰਘ ਸਭਾ ਲਹਿਰ ਰਾਹੀਂ ਗਿਆਨੀ ਦਿੱਤ ਸਿੰਘ ਨੇ ਆਪਣੇ ਸਮਿਆਂ ਵਿਚ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਆਉ! ਉਹਨਾਂ ਦੇ ਜਨਮ ਦਿਹਾੜੇ 'ਤੇ ਸਿੰਘ ਸਭਾ ਲਹਿਰ ਦੀ ਪੁਨਰ-ਸੁਰਜੀਤੀ ਲਈ ਲਾਮਬੰਦ ਹੋਈਏ ਅਤੇ ਸਿੱਖੀ ਪ੍ਰਚਾਰ ਪ੍ਰਸਾਰ ਪੰਜਾਬੀ ਬੋਲੀ ਦੀ ਤਰੱਕੀ ਲਈ ਵਚਨਬੱਧ ਹੋਈਏ। ਗਿਆਨੀ ਦਿੱਤ ਜੀ ਦੇ ਜਨਮ ਦਿਨ ਦੀਆਂ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਵੱਲੋਂ ਬਹੁਤ ਮੁਬਾਰਕਾਂ। ਇਸ ਤੋਂ ਇਲਾਵਾ ਮਨੂਵਾਦੀ ਵਿਰੋਧੀ ਫਰੰਟ ਕੈਨੇਡਾ ਵੱਲੋਂ ਗਿਆਨੀ ਜੀ ਦੇ ਉੱਚ ਜਾਤੀਆਂ ਦੀ ਨਫਰਤ ਵਿਰੋਧੀ ਸੰਘਰਸ਼ ਨੂੰ ਵਾਰ- ਵਾਰ ਪ੍ਰਣਾਮ। ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਬਾਰੇ ਇਹ ਕਵਿਤਾ ਅੱਜ ਇਸ ਮੌਕੇ 'ਤੇ ਸਾਂਝੀ ਕਰਦੇ ਹਾਂ।

# ਕਬੱਡੀ ਦਾ ਮਹਾਕੁੰਭ ਪਰਥ ਆਸਟਰੇਲੀਆ ਵਿੱਚ 26 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ : ਸਵਰਨ ਸਿੰਘ ਘੋਲੀਆ

## ਇਸ ਕਬੱਡੀ ਮਹਾਕੁੰਭ ਵਿੱਚ ਭਾਰਤ, ਪਾਕਿਸਤਾਨ, ਕਨੇਡਾ, ਅਮਰੀਕਾ, ਨਿਊਜ਼ੀਲੈਂਡ, ਇੰਗਲੈਂਡ ਦੀਆਂ ਲੜਕੀਆਂ ਦੀਆਂ ਟੀਮਾਂ ਭਾਗ ਲੈ ਰਹੀਆਂ ਸਨ/ਡਾਕਟਰ ਅਮਰੀਕ ਸਿੰਘ

ਕਪੂਰਥਲਾ/ਹੁਸ਼ਿਆਰਪੁਰ/ਆਸਟ੍ਰੇਲੀਆ/(ਦਲਜੀਤ ਅਜਨੋਹਾ) : ਪਰਥ ਆਸਟਰੇਲੀਆ ਵਿਖੇ ਤੀਸਰਾ ਕਬੱਡੀ ਮਹਾਂਕੁੰਭ ਗਲੇਡੀਏਟਰ ਕਲੱਬ ਵੱਲੋਂ 26 ਅਪ੍ਰੈਲ ਨੂੰ ਬਹੁਤ ਹੀ ਜੋਸ਼ੋ ਖਰੋਸ਼ ਦੇ ਨਾਲ ਕਰਵਾਇਆ ਜਾ ਰਿਹਾ ਹੈ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰੋਫੈਸਰ ਡਾਕਟਰ ਅਮਰੀਕ ਸਿੰਘ ਵਾਈਸ ਪ੍ਰਿੰਸੀਪਲ ਲਾਇਲ ਪੁਰ ਖਾਲਸਾ ਕਾਲਜ ਕਪੂਰਥਲਾ ਨੇ ਦੱਸਿਆ ਕਿ ਇਹ ਤੀਸਰਾ ਕਬੱਡੀ ਮਹਾਕੁੰਭ ਪਰਥ ਅਸਟ੍ਰੇਲੀਆ ਵਿਖੇ ਸਵਰਨ ਸਿੰਘ ਘੋਲੀਆਂ ਵੱਲੋਂ ਮਾਂ ਖੇਡ ਕਬੱਡੀ ਨੂੰ ਪ੍ਰਵਾਸੀ ਭਾਰਤੀ ਵੀਰਾਂ ਦੇ ਵਿਸ਼ੇਸ਼ ਸਹਿਯੋਗ ਨਾਲ 26 ਅਪਰੈਲ ਨੂੰ ਕਰਵਾਇਆ ਜਾ ਰਿਹਾ ਹੈ ਇਸ ਮਹਾਕੁੰਭ ਵਿੱਚ ਛੇ ਦੇਸ਼ਾਂ ਦੀਆਂ ਲੜਕੀਆਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ,







ਨਿਊਜ਼ੀਲੈਂਡ, ਇੰਗਲੈਂਡ ਸ਼ਾਮਲ ਹਨ। ਇਸ ਕਬੱਡੀ ਦੇ ਵਿਸ਼ਵ ਕੱਪ ਵਿੱਚ ਪਹਿਲਾ ਇਨਾਮ ਮਨਿੰਦਰ ਸੰਧੂ ਅਤੇ ਮਨਿੰਦਰ ਗਿੱਲ ਵਲੋਂ 31000 ਡਾਲਰ ਅਤੇ ਦੂਸਰਾ ਇਨਾਮ ਸੁਖਵੀਰ ਟਿਵਾਣਾ ਅਤੇ ਕੁਲਵਿੰਦਰ ਮੁਧੀ ਵੱਲੋਂ 25000 ਡਾਲਰ ਦਿੱਤਾ ਜਾਣਾ ਹੈ। ਹਰੇਕ ਭਾਗ ਲੈਣ ਵਾਲੀ ਟੀਮ ਨੂੰ 21000 ਅਤੇ ਬੈਸਟ ਰੇਡਰ ਅਤੇ ਜਾਫੀ ਨੂੰ 21000 ਡਾਲਰ ਦੇ ਨਗਦ ਇਨਾਮ ਦਿੱਤੇ ਜਾਣੇ ਹਨ। ਸਵਰਨ ਸਿੰਘ ਘੋਲੀਆਂ ਵੱਲੋਂ ਮਾਂ ਖੇਡ ਕਬੱਡੀ ਨੂੰ NRI ਵੀਰਾਂ ਦੇ ਵਿਸ਼ੇਸ਼ ਸਹਿਯੋਗ ਨਾਲ ਵਿਦੇਸ਼ਾਂ ਵਿੱਚ ਹਮੇਸ਼ਾ ਜਿੰਦਾ ਰੱਖਣ ਦਾ ਪ੍ਰਣ ਕੀਤਾ ਹੈ। ਇਸ ਕਬੱਡੀ ਦੇ ਮਹਾਕੁੰਭ ਵਿੱਚ ਔਰਤਾਂ ਦੇ ਬੈਠਣ ਦਾ ਪਰਿਵਾਰਾਂ ਸਮੇਤ ਖਾਸ ਪ੍ਰਬੰਧ ਕੀਤਾ ਗਿਆ ਹੈ ਹਰ ਇੱਕ ਟੀਮ ਦੇ ਰਹਿਣ ਲਈ ਹੋਟਲ ਅਤੇ ਇੰਸ਼ੋਰੈਂਸ ਦੀ ਸੁਵਿਧਾ ਵੀ ਹੈ। ਅੰਤਰਰਾਸ਼ਟਰੀ ਰੈਫਰੀ ਡਾਕਟਰ ਅਮਰੀਕ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚ ਕੇ ਕਬੱਡੀ ਦੇ ਨਿਯਮਾਂ ਅਨੁਸਾਰ ਇਹ ਮੈਚ ਖਿਡਵਾਉਣਗੇ। ਇਸ ਮੌਕੇ ਵਿਸ਼ੇਸ਼ ਰੰਗਾ ਰੰਗ ਪ੍ਰੋਗਰਾਮ ਗਿੱਧਾ ਭੰਗੜਾ ਪੇਸ਼ ਕੀਤਾ ਜਾਵੇਗਾ। ਬੱਚਿਆਂ ਦਾ ਸੋ ਮੈਚ, ਖਾਣੇ ਦੇ ਸਟਾਲ ਅਤੇ ਵਾਲੀਬਾਲ ਮੈਚ ਵੀ ਦਰਸ਼ਕਾਂ ਦੇ ਦਿਲੋਂ ਖਿੱਚਣ ਯੋਗ ਹੋਵੇਗਾ। ਮਨੋਰੰਜਨ ਦੇ ਕਈ ਨਵੇਂ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ ਪੰਜਾਬੀ ਲੋਕ ਨਾਚ ਦੀਆਂ ਖੂਬਸੂਰਤ ਪੇਸ਼ਕਾਰੀਆਂ ਆਦਿ ਵਿਸ਼ੇਸ਼ ਤੌਰ ਤੇ ਲੋਕਾਂ ਦੇ ਮਨੋਰੰਜਨ ਲਈ ਪੇਸ਼ ਕੀਤੀਆਂ ਜਾਣਗੀਆਂ 3103 ਤੋਂ ਕਬੱਡੀ ਦੇ ਅਰਜਨਾ ਐਵਾਰਡ ਬਲਵਿੰਦਰ ਸਿੰਘ ਫਿਡੋ ਸਿੰਘ ਵੱਜੋਂ ਸਾਰੇ ਪ੍ਰਬੰਧਕਾਂ ਨੂੰ ਵਧਾਈ ਦੇ ਸੰਦੇਸ਼ ਭੇਜੇ ਜਾ ਰਹੇ ਹਨ।



# ਸੰਗ ਕਿਤਾਬਾਂ ਦੋਸਤੀ

ਜਗਜੀਤ ਸਿੰਘ ਲੋਹਟਬੱਦੀ

ਕਿਤਾਬ ਸਹਿਜ ਹੈ, ਸੁਹਜ ਹੈ, ਸਲੀਕਾ ਹੈ...ਜ਼ਿੰਦਗੀ ਜਿਊਣ? ਜੀਵਨ ਜਾਚ ਦਾ। ਉਂਗਲੀ ਫੜ ਕੇ ਚੱਲਣਾ ਸਿਖਾਉਂਦੀ ਹੈ, ਸਾਰਥਿਕਤਾ ਦਾ ਪੱਲਾ ਫੜਾਉਂਦੀ ਹੈ। ਰਾਹ ਰੁਸ਼ਨਾਉਂਦੀ ਹੈ.....ਹਨੇਰੇ ਤੋਂ ਉਜਾਲੇ ਵੱਲ ਦਾ। ਮਨੁੱਖਤਾ ਦਾ ਚਾਨਣ ਮੁਨਾਰਾ ਬਣਦੀ ਐ। ਵਿਦਵਤਾ ਦਾ ਪ੍ਰਕਾਸ਼ ਕਰਦੀ ਐ। ਗਿਆਨਬੋਧ ਦੇ ਝਰੋਖੇ ਖੋਲ੍ਹਦੀ ਐ। ਜਗਦਾ ਚਿਰਾਗ਼ ਹੈ...ਦੀਵਿਆਂ ਦਾ ਸੰਗਮ। ਡਾ. ਸੁਤਿੰਦਰ ਸਿੰਘ ਨੂਰ ਕਹਿੰਦੇ ਨੇ, ਪਿਆਰ ਕਰਨ ਤੇ ਕਿਤਾਬ ਪੜ੍ਹਨ ਵਿਚ ਕੋਈ ਫਰਕ ਨਹੀਂ ਹੁੰਦਾ? ਇੱਕ ਸੁਖਦ ਅਹਿਸਾਸ ਹੁੰਦੈ।

ਲਿਖਣ ਕਲਾ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣੈ। ਪ੍ਰਾਚੀਨ ਮਨੁੱਖ ਵਰ੍ਹਿਆਂ ਬੱਧੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਯਤਨਸ਼ੀਲ ਰਿਹੈ। ਅੱਗ ਦੀ ਖੋਜ, ਹਥਿਆਰਾਂ ਦੀ ਖੋਜ, ਪਹੀਏ ਦੀ ਖੋਜ ਕ੍ਰਾਂਤੀਕਾਰੀ ਕਦਮ ਸਨ, ਜਿਨ੍ਹਾਂ ਨੇ ਉਸਨੂੰ ਜ਼ਿੰਦਗੀ ਦੀ ਪਗ-ਡੰਡੀ 'ਤੇ ਤੋਰਿਆ ਅਤੇ ਉਸਨੇ 'ਸੱਭਿਆ' ਹੋਣ ਵੱਲ ਉਡਾਰੀ ਭਰੀ। ਇਸੇ ਤਰ੍ਹਾਂ ਮੰਨਿਆ ਜਾਂਦੈ ਕਿ ਲਿਖਣ ਕਲਾ ਦਾ ਮੁੱਢ ਬਾਈ ਹਜ਼ਾਰ ਸਾਲ ਪਹਿਲਾਂ ਪ੍ਰਾਚੀਨ ਗੁਫਾਵਾਂ ਵਿਚ ਪੱਥਰਾਂ ਉੱਤੇ ਚਿੱਤਰਕਾਰੀ ਨਾਲ ਬੱਝ ਗਿਆ ਸੀ। 3100 ਸਾਲ ਈਸਾ ਪੂਰਵ ਸੁਮੇਰ (ਮੈਸੋਪੋਟਾਮੀਆ) ਵਿਚ ਲਿਖਣ ਪ੍ਰਣਾਲੀ ਵਿਕਸਿਤ ਹੋਈ ਅਤੇ ਤਕਰੀਬਨ ਤਿੰਨ ਹਜ਼ਾਰ ਸਾਲ ਪਹਿਲਾਂ ਵਰਨ-ਮਾਲਾ ਦੀ ਖੋਜ ਲਿਖਤ ਕਲਾ ਦਾ ਰੁਮਾਂਚਿਕ ਕਦਮ ਸੀ। ਪੱਤਿਆਂ 'ਤੇ ਲਿਖੀ ਇਬਾਰਤ ਵੀ ਮੁੱਢਲੀਆਂ ਕਿਤਾਬਾਂ ਦੀ ਸ਼ਾਨਦਾਰ ਪੇਸ਼ਕਾਰੀ ਸੀ। ਸਾਡੀਆਂ ਪਵਿੱਤਰ ਪੋਥੀਆਂ ਵੀ ਪੁਰਾਤਨ ਲਿਖਣ ਕਲਾ ਦਾ ਹੀ ਜਿਊਂਦਾ ਜਾਗਦਾ ਹਸਤਾਖਰ ਹਨ।

ਕਦੇ ਸੋਚਿਐ ਕਿ ਕਿਤਾਬ ਵਿਹੂਣੀ ਜ਼ਿੰਦਗੀ ਕਿਵੇਂ ਦੀ ਹੋਵੇਗੀ? ਕੌਣ ਸਾਨੂੰ ਬੀਤੇ ਦੀਆਂ ਬਾਤਾਂ ਸੁਣਾਵੇਗਾ ਅਤੇ ਕੌਣ ਸਾਨੂੰ ਜੰਗਲੀ ਜੀਵਾਂ ਤੋਂ ਨਿਖੇੜੇਗਾ? ਇਸ ਬ੍ਰਹਿਮੰਡ ਵਿਚ ਸੂਖਮਤਾ ਕਿੱਥੋਂ ਆਵੇਗੀ? ਫੁੱਲਾਂ ਵਰਗੀ ਕੋਮਲਤਾ ਦਾ ਅਹਿਸਾਸ ਕਿਵੇਂ ਉਪਜੇਗਾ? ਕਿਤਾਬ ਦੇ ਪੰਨਿਆਂ ਵਿਚੋਂ ਅਤੀਤ ਝਾਕਦੈ, ਵਰਤਮਾਨ ਦਿਖਾਈ ਦਿੰਦੈ, ਭਵਿੱਖੀ ਤਸਵੀਰ ਨਜ਼ਰ ਆਉਂਦੀ ਐ। ਵਿਸ਼ਵ ਪ੍ਰਸਿੱਧ ਤਾਰਾ ਵਿਗਿਆਨੀ ਅਤੇ ਲੇਖਕ ਕਾਹਲ ਸੈਗਨ ਕਿਤਾਬਾਂ ਵਿਚਲਾ ਰਾਜ਼ ਖੋਲ੍ਹਦੈ, ਕਿਤਾਬ ਇੱਕ ਜ਼ਿੰਦਾ ਸਬੂਤ ਹੈ ਕਿ ਮਨੁੱਖ ਜਾਦੂ ਕਰਨ ਦੇ ਯੋਗ ਹੈ। ਕਿਤਾਬ ਅਜੀਬ ਸ਼ੈਅ ਹੈ। ਇਹ ਦਰਖ਼ਤ ਤੋਂ ਬਣਦੀ ਹੈ ਅਤੇ ਲਚਕਦਾਰ ਹਿੱਸਿਆਂ ਵਾਲੀ ਵਸਤ ਹੈ, ਜਿਸ ਉੱਤੇ ਰੰਗ ਕੇ ਬਣੀਆਂ ਗੂੜੀਆਂ ਰੇਖਾਵਾਂ ਵਿਚ ਅਜੀਬੋ-ਗਰੀਬ ਰਹੱਸ ਹੈ। ਇੱਕ ਨਜ਼ਰ ਮਾਰਦੇ ਹੀ ਤੁਸੀਂ ਇੱਕ ਦੂਸਰੇ ਵਿਅਕਤੀ ਦੇ ਦਿਮਾਗ ਵਿਚ ਚਲੇ ਜਾਂਦੇ ਹੋ, ਭਾਵੇਂ ਉਹ ਹਜ਼ਾਰਾਂ ਸਾਲ ਪਹਿਲਾਂ ਮਰ ਚੁੱਕਾ ਹੋਵੇ। ਸ਼ਤਾਬਦੀਆਂ ਬੀਤ ਜਾਣ 'ਤੇ ਵੀ ਲੇਖਕ ਆਪਣੇ ਮਨ ਮਸਤਕ ਤੋਂ ਸਪਸ਼ਟ ਅਤੇ ਚੁੱਪ-ਚਾਪ ਗੱਲਾਂ ਕਰ ਰਿਹਾ ਹੁੰਦਾ ਹੈ। ਉਹ ਸਿੱਧਾ ਤੁਹਾਡੇ ਨਾਲ ਵਾਰਤਾਲਾਪ ਕਰਦਾ ਹੈ। ਲਿਖਣ ਕਲਾ, ਮਨੁੱਖ ਦੀ ਸਭ ਤੋਂ ਮਹਾਨ ਖੋਜ ਹੈ, ਜੋ ਇੱਕ ਦੂਜੇ ਤੋਂ ਅਣਜਾਣ ਦੋ ਵੱਖਰੇ ਯੁੱਗਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਇੱਕ ਡੋਰ ਵਿਚ ਪਰੋ ਦਿੰਦੀ ਹੈ। ਕਿਤਾਬਾਂ ਸਮੇਂ ਦੀਆਂ ਜ਼ੰਜੀਰਾਂ/ ਬੇੜੀਆਂ ਨੂੰ ਤੋੜ ਦਿੰਦੀਆਂ ਹਨ?

ਕਿਤਾਬ ਇੱਕ ਸੁਹਿਰਦ ਦੋਸਤ ਵੀ ਹੈ...ਰੂਹ ਦੀ ਅਮੀਰੀ...ਨਿੱਘ ਦਾ ਅਹਿਸਾਸ। ਅੰਗਰੇਜ਼ੀ ਦਾ ਅਜ਼ੀਮ ਨਾਵਲਕਾਰ ਚਾਰਲਸ ਡਿਕਨਜ਼ ਲਿਖਦੈ, ਇੱਕ ਵਧੀਆ ਕਿਤਾਬ ਹਜ਼ਾਰ ਦੋਸਤਾਂ ਦੇ ਬਰਾਬਰ ਹੁੰਦੀ ਐ? ਕਿਤਾਬਾਂ ਦੀ ਬਗ਼ੀਚੀ ਮੁਹੱਬਤ ਦਾ ਪਾਣੀ ਮੰਗਦੀ ਐ। ਕਿਤਾਬਾਂ ਪ੍ਰਤੀ ਤੁਹਾਡਾ ਆਪਣਾ ਨਜ਼ਰੀਆ ਤੁਹਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਸੇਧ ਦਿੰਦੈ। ਸਫ਼ਰ ਕਰਦੀ ਇੱਕ ਔਰਤ ਕਿਤਾਬ ਪੜ੍ਹ ਰਹੀ ਸੀ। ਕੋਲ ਬੈਠਾ ਛੋਟਾ ਬੱਚਾ ਵੀ ਪੜ੍ਹ ਰਿਹਾ ਸੀ। ਕਿਸੇ ਨੇ ਪੁੱਛਿਆ, ਤੁਸੀਂ ਸਮਾਰਟ ਫ਼ੋਨ ਦੀ ਥਾਂ ਬੱਚੇ ਦੇ ਹੱਥ 'ਚ ਕਿਤਾਬ ਕਿਵੇਂ ਦੇ ਦਿੱਤੀ, ਜਦੋਂ ਕਿ ਬੱਚਿਆਂ ਨੂੰ ਅੱਜ ਕੱਲ੍ਹ ਹਰ ਸਮੇਂ ਸਮਾਰਟ ਫ਼ੋਨ ਚਾਹੀਦਾ ਹੈ? ਉਸ ਔਰਤ ਨੇ ਸਰਲਤਾ ਨਾਲ ਜਵਾਬ ਦਿੱਤਾ, ਬੱਚੇ ਸਾਡੀ ਸੁਣਦੇ ਨਹੀਂ, ਸਗੋਂ ਸਾਡੀ ਨਕਲ ਕਰਦੇ ਨੇ! ਜਿੰਨਾ ਗੁੜ ਪਾਵਾਂਗੇ, ਉਨਾ ਮਿੱਠਾ ਹੋਵੇਗਾ!

ਕਿਤਾਬਾਂ ਪੜ੍ਹੀਆਂ ਵੀ ਜਾਂਦੀਆਂ ਨੇ ਅਤੇ ਮਾਣੀਆਂ ਵੀ ਜਾਂਦੀਆਂ ਨੇ। ਪ੍ਰਸਿੱਧ ਚਿੰਤਕ ਡਾ. ਨਰਿੰਦਰ ਸਿੰਘ ਕਪੂਰ ਦੱਸਦੇ ਹਨ, ਪੁਸਤਕਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਛਪੀਆਂ ਤੇ ਅਣਛਪੀਆਂ। ਛਪੀਆਂ ਪੁਸਤਕਾਂ ਪੜ੍ਹੀਆਂ ਜਾਂਦੀਆਂ ਹਨ। ਪੰਛੀਆਂ ਦੀਆਂ ਆਵਾਜ਼ਾਂ, ਝਰਨੇ ਦਾ ਸੰਗੀਤ, ਫੁੱਲਾਂ ਦਾ ਸਨੇਹ, ਪ੍ਰੇਮਿਕਾ ਦੀ ਮੁਸਕਰਾਹਟ, ਮਾਂ ਦੀ ਲੋਰੀ- ਸਭ ਅਣਛਪੀਆਂ ਪੁਸਤਕਾਂ ਹਨ, ਜੋ ਸਿਰਫ ਮਾਣੀਆਂ ਜਾ ਸਕਦੀਆਂ ਹਨ। ਕਿਹਾ ਜਾਂਦੈ ਕਿ ਚੰਗੀਆਂ ਕਿਤਾਬਾਂ ਤੇ ਚੰਗੇ ਲੋਕ ਛੇਤੀ ਸਮਝ ਨਹੀਂ ਆਉਂਦੇ, ਉਨ੍ਹਾਂ ਨੂੰ ਪੜ੍ਹਨਾ ਪੈਂਦਾ ਹੈ। ਮਨ ਗੁੰਝਲਾਂ ਵਿਚ ਘਿਰਿਆ ਹੋਵੇ, ਨੀਂਦ ਨਾ ਪੈਂਦੀ ਹੋਵੇ, ਆਲੇ ਦੁਆਲੇ ਕਾਲੇ ਬੱਦਲਾਂ ਦੇ ਗ਼ੁਬਾਰ ਹੋਣ, ਕਿਤਾਬ ਉਠਾਉ, ਰੌਸ਼ਨੀ ਦਿਖਾਈ ਦੇਵੇਗੀ। ਸੁਖਦ ਅਨੁਭਵ ਹੋਵੇਗਾ।

ਰਾਣਾ ਰਣਬੀਰ 'ਜ਼ਿੰਦਗੀ ਜ਼ਿੰਦਾਬਾਦ' ਰਾਹੀਂ ਸੁਨੇਹਾ ਦਿੰਦੈ ਕਿ ਕਿਤਾਬਾਂ ਦੀ ਤਾਕਤ ਨੇ ਹੀ ਮਨੁੱਖ ਨੂੰ ਨਵੇਂ ਰਾਹਾਂ ਉੱਤੇ ਤੁਰਨ ਦਾ ਹੌਸਲਾ ਦਿੱਤਾ ਹੈ। ਪੁਸਤਕਾਂ ਦਾ ਜਨੂੰਨ ਹਰ ਕਿਸੇ ਨੂੰ ਪੋਂਹਦਾ ਵੀ ਨਹੀਂ। ਕਿਹਾ ਜਾਂਦੈ ਕਿ ਆਮ ਲੋਕ ਵੱਡੇ ਵੱਡੇ ਟੀ. ਵੀ. ਰੱਖਦੇ ਨੇ ਅਤੇ ਖ਼ਾਸ ਲੋਕ ਵੱਡੀਆਂ ਲਾਇਬ੍ਰੇਰੀਆਂ। ਕਿਤਾਬਾਂ ਸਾਨੂੰ ਅਸਲੀਅਤ ਦੇ ਰੂਬਰੂ ਕਰਦੀਆਂ ਹਨ। ਪਾਬਲੋ ਨੈਰੂਦਾ ਲਿਖਦੈ, ਜਦ ਕਿਤਾਬ ਪੜ੍ਹ ਕੇ ਹਟਦਾ ਹਾਂ, ਤਾਂ ਜ਼ਿੰਦਗੀ ਦੇ ਵਰਕੇ ਖੁੱਲ੍ਹਣੇ ਸ਼ੁਰੂ ਹੋ ਜਾਂਦੇ ਨੇ? ਸੱਭਿਆ ਸਮਾਜ ਤੇ ਅਗਾਂਹਵਧੂ ਮੁਲਕ ਲਾਇਬ੍ਰੇਰੀਆਂ ਦੀ ਮਹੱਤਤਾ ਜਾਣਦੇ ਨੇ। ਆਉਣ ਵਾਲੀਆਂ ਪੀੜ੍ਹੀਆਂ ਲਈ ਮਜ਼ਬੂਤ ਨੀਂਹਾਂ ਦਾ ਕੰਮ ਕਰਦੀਆਂ ਨੇ ਪੁਸਤਕਾਂ। ਨਾਰਵੇ ਵਿਚ ਜਦੋਂ ਤੁਸੀਂ ਕੋਈ ਕਿਤਾਬ ਪ੍ਰਕਾਸ਼ਿਤ ਕਰਦੇ ਹੋ, ਤਾਂ ਸਰਕਾਰ ਉਸਦੀਆਂ ਇੱਕ ਹਜ਼ਾਰ ਕਾਪੀਆਂ ਖਰੀਦ ਕੇ ਉਨ੍ਹਾਂ ਨੂੰ ਲਾਇਬ੍ਰੇਰੀਆਂ ਵਿਚ ਭੇਜ ਦਿੰਦੀ ਹੈ। ਇਹ ਨੇ ਸਮਾਜ ਦੇ ਉਸਰੱਈਏ!

ਤਾਨਾਸ਼ਾਹਾਂ ਅਤੇ ਜ਼ਾਲਮ ਹਾਕਮਾਂ ਦਾ ਹਮੇਸ਼ਾ ਤੋਂ ਰੁਝਾਨ ਰਿਹੈ ਕਿ ਲੋਕਾਂ ਨੂੰ ਕਿਤਾਬਾਂ ਤੋਂ ਦੂਰ ਰੱਖਿਆ ਜਾਵੇ। ਕਿਤਾਬਾਂ ਵਿਚੋਂ ਉਨ੍ਹਾਂ ਨੂੰ ਵਿਦਰੋਹ ਦੀ ਝਲਕ ਪੈਂਦੀ ਆ। ਇੱਕ ਵਾਰ ਜਰਮਨ ਦੇ ਇੱਕ ਯਹੂਦੀ ਕਵੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕਵੀ ਦੀ ਤਿੰਨ ਸਾਲ ਦੀ ਧੀ ਨੇ ਆਪਣੀ ਮਾਂ ਨੂੰ ਪੁੱਛਿਆ, ਪਾਪਾ ਨੂੰ ਕਿਉਂ ਫੜ ਕੇ ਲੈ ਗਏ? ਮਾਂ ਨੇ ਦੱਸਿਆ ਕਿ ਪਾਪਾ ਨੇ ਹਿਟਲਰ ਦੇ ਖਿਲਾਫ਼ ਕਵਿਤਾ ਲਿਖੀ ਸੀ ਤਾਂ ਕਰਕੇ। ਬੱਚੀ ਬੋਲੀ, ਉਹ ਵੀ ਪਾਪਾ ਦੇ ਖ਼ਿਲਾਫ਼ ਕਵਿਤਾ ਲਿਖ ਦਿੰਦਾ। ਮਾਂ ਕਹਿੰਦੀ, ਉਹ ਲਿਖ ਸਕਦਾ ਤਾਂ ਏਨਾ ਖ਼ੂਨ ਖ਼ਰਾਬਾ ਕਿਉਂ ਹੁੰਦਾ! ਸ਼ਹੀਦ ਭਗਤ ਸਿੰਘ ਕਿਤਾਬਾਂ ਦਾ ਸ਼ੈਦਾਈ ਸੀ। ਦੱਸਦੇ ਨੇ, ਫਾਂਸੀ ਚੜ੍ਹਨ ਤੋਂ ਪਹਿਲਾਂ ਉਸਦੇ ਚਿਹਰੇ 'ਤੇ ਕੋਈ ਡਰ ਨਹੀਂ ਸੀ, ਪਰ ਹੱਥ ਵਿਚ ਕਿਤਾਬ ਜ਼ਰੂਰ ਸੀ। ਲਿਖਿਆ, ਮੈਂ ਇੱਕ ਪੁਸਤਕ ਦਾ ਸਫ਼ਾ ਮੋੜ ਕੇ ਰੱਖਿਆ। ਮੇਰਾ ਸੁਪਨਾ ਹੈ ਕਿ ਤੁਸੀਂ ਉਸ ਤੋਂ ਅੱਗੇ ਤੁਰੋਂ....।

**ਮੰਨਿਆ ਕਿ ਖ਼ੌਫ਼ ਖਾਂਦਾ ਤਲਵਾਰ ਤੋਂ ਵੀ ਲੇਕਿਨ,**
**ਹਾਕਮ ਤਾਂ ਡਰ ਰਿਹਾ ਏ,**
**ਖੁੱਲ੍ਹੀ ਕਿਤਾਬ ਕਰਕੇ** (ਮਨਜੀਤ ਪੁਰੀ)

ਇਤਿਹਾਸ ਦੱਸਦੈ ਕਿ ਹੁਕਮਰਾਨਾਂ ਅਤੇ ਰੂੜੀਵਾਦੀਆਂ ਨੂੰ ਕਿਤਾਬਾਂ ਭੈਭੀਤ ਕਰਦੀਆਂ ਨੇ। ਇਸੇ ਕਰਕੇ ਉਹ ਇਨ੍ਹਾਂ ਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕਰਦੇ ਨੇ। ਅੱਜ ਦੀਆਂ ਬਹੁਤ ਸਾਰੀਆਂ ਸ਼ਾਹਕਾਰ ਰਚਨਾਵਾਂ ਨੂੰ ਸਮੇਂ ਸਮੇਂ ਹਾਕਮਾਂ ਦੇ ਪ੍ਰਤਿਬੰਧ ਅਤੇ ਸੈਂਸਰਸ਼ਿਪ ਦਾ ਸ਼ਿਕਾਰ ਹੋਣਾ ਪਿਐ। ਸਲਮਾਨ ਰੁਸ਼ਦੀ ਦੀ 'ਸੈਟਿਨਿਕ ਵਰਸਜ਼' ਨੂੰ 'ਇਸਲਾਮ ਵਿਰੁੱਧ ਕੁਫ਼ਰ' ਦੇ ਦੋਸ਼ ਹੇਠ ਭਾਰਤ ਸਣੇ ਕਈ ਦੇਸ਼ਾਂ ਵਿਚ ਬੈਨ ਕੀਤਾ ਗਿਆ। ਨੋਬਲ ਪੁਰਸਕਾਰ ਜੇਤੂ 'ਡਾਕਟਰ ਜ਼ਿਵਾਗੋ', ਜਾਰਜ ਔਰਵੈੱਲ ਦੀ 'ਐਨੀਮਲ ਫਾਰਮ' ਅਤੇ '1984' ਨੂੰ ਇਸੇ ਅਗਨੀ ਪ੍ਰੀਖਿਆ ਵਿਚੋਂ ਗੁਜ਼ਰਨਾ ਪਿਐ। ਸਾਡੇ ਆਪਣੇ ਮਹਾਤਮਾ ਗਾਂਧੀ ਦੀ 'ਇੰਡੀਅਨ ਹੋਮ ਰੂਲ' ਨੂੰ ਅੰਗਰੇਜ਼ਾਂ ਨੇ ਇਸੇ ਸ਼੍ਰੇਣੀ ਵਿਚ ਪਾਇਆ ਹੋਇਆ ਸੀ। ਨੋਬਲ ਇਨਾਮ ਜੇਤੂ, ਭਾਰਤੀ ਮੂਲ ਦੇ ਵੀ. ਐਸ. ਨਾਇਪਾਲ ਦੀ ਪੁਸਤਕ 'ਐਨ ਏਰੀਆ ਆਫ ਡਾਰਕਨੈੱਸ' ਨੂੰ ਵੀ ਭਾਰਤ ਦੀ 'ਨਾਂਹ ਪੱਖੀ ਤਸਵੀਰ' ਦਿਖਾਉਣ ਬਦਲੇ ਰੋਕ ਦਿੱਤਾ ਗਿਆ। ਸਿਤਮ ਜ਼ਰੀਫੀ ਦੀ ਹੱਦ ਤਾਂ ਉਦੋਂ ਦੇਖਣ ਨੂੰ ਮਿਲੀ, ਜਦੋਂ ਹਾਈਕੋਰਟ ਦੇ ਜੱਜ ਨੇ ਇੱਕ ਬੁੱਧੀਜੀਵੀ ਦੀ ਜ਼ਮਾਨਤ ਦੀ ਅਰਜ਼ੀ ਇਸ ਕਰਕੇ ਰੱਦ ਕਰ ਦਿੱਤੀ ਕਿ ਉਸ ਕੋਲੋਂ ਦੁਨੀਆਂ ਦੇ ਸ਼ਾਹਕਾਰ ਨਾਵਲ ਟਾਲਸਟਾਏ ਦੇ 'ਜੰਗ ਅਤੇ ਅਮਨ' ਦੀ ਕਾਪੀ 'ਬਰਾਮਦ' ਹੋਈ ਸੀ! ਜੱਜ ਸਾਹਿਬ ਅਤੇ ਪੁਲੀਸ ਨੂੰ 'ਜੰਗ' ਸ਼ਬਦ ਵਿਚੋਂ ਵਿਦਰੋਹ ਦੀ ਝਲਕ ਦਿਸੀ ਸੀ। ਇਹੀ ਨਹੀਂ, ਕਈ ਵਾਰੀ ਹਾਕਮ ਜੁੰਡਲੀ ਆਪਣੀਆਂ 'ਵਿਰੋਧੀ' ਕਿਤਾਬਾਂ ਨੂੰ ਬਦਨਾਮ ਕਰਨ ਲਈ ਦੰਗਿਆਂ ਦਾ ਸਹਾਰਾ ਵੀ ਲੈਂਦੀ ਰਹੀ ਹੈ। ਇਹ ਵੀ ਸਚਾਈ ਐ ਕਿ ਇਸ ਮਾਰ-ਧਾੜ ਵਿਚ ਪਹਿਲਾਂ ਕਿਤਾਬਾਂ ਸੜਦੀਆਂ ਹਨ ਤੇ ਪਿੱਛੋਂ ਮਨੁੱਖ!

ਅਫ਼ਸੋਸ! ਕਿਤਾਬਾਂ ਪੜ੍ਹਨ ਦੀ ਰੁਚੀ ਅਲੋਪ ਹੋ ਰਹੀ ਐ। ਕਿਹਾ ਜਾਂਦੈ, ਕਿ ਜਿੱਥੇ ਜੁੱਤੀਆਂ ਸ਼ੀਸ਼ੇ ਦੀਆਂ ਅਲਮਾਰੀਆਂ ਵਿਚ ਰੱਖੀਆਂ ਜਾਂਦੀਆਂ ਹੋਣ ਅਤੇ ਕਿਤਾਬਾਂ ਸੜਕਾਂ ਤੇ, ਤਾਂ ਲੋਕਾਂ ਦੇ ਬੌਧਿਕ ਪੱਧਰ ਦਾ ਸਹਿਜੇ ਹੀ ਅੰਦਾਜ਼ਾ ਲੱਗ ਜਾਂਦੈ। ਪੰਜਾਬੀਆਂ ਵਿਚ ਤਾਂ ਇਹ ਰੁਝਾਨ ਆਮ ਪ੍ਰਚੱਲਿਤ ਐ। ਹਰਮਿੰਦਰ ਕੁਹਾਰਵਾਲਾ ਸੱਚ ਹੀ ਤਾਂ ਕਹਿੰਦੈ:

ਪੜ੍ਹਨ ਲਿਖਣ ਦੇ ਵੈਲ ਤੋਂ ਬਚਿਆ ਅਜੇ ਪੰਜਾਬ,
ਚਿਣ ਚਿਣ ਰੱਖੀਆਂ ਬੋਤਲਾਂ, ਘਰੋਂ ਨਾ ਮਿਲੇ ਕਿਤਾਬ।

ਕੰਪਿਊਟਰ ਅਤੇ ਮੋਬਾਈਲ ਫ਼ੋਨ ਨੇ ਡੂੰਘੀ ਸੱਟ ਮਾਰੀ ਐ। ਫ਼ੈਸ਼ਨ ਮੇਲਿਆਂ, ਰਿਐਲਟੀ ਸ਼ੋਆਂ ਅਤੇ ਫ਼ਿਲਮਾਂ ਨੇ ਵਕਤ ਹੀ ਨਹੀਂ ਛੱਡਿਆ ਕਿ ਕੋਈ ਕਿਤਾਬ ਪੜ੍ਹੀ ਜਾ ਸਕੇ। ਤਸਵੀਰ ਸਾਫ਼ ਐ:

ਕਾਗ਼ਜ਼ ਕੀ ਯੇ ਮਹਿਕ... ਯੇ ਨਸ਼ਾ ਰੂਠਨੇ ਕੋ ਹੈ
ਯੇ ਆਖਰੀ ਸਦੀ ਹੈ...ਕਿਤਾਬੋਂ ਸੇ ਇਸ਼ਕ ਕੀ!

ਲੱਗਣ ਲੱਗ ਪਿਐ, ਕਿ ਕਿਤਾਬਾਂ ਪੜ੍ਹਨ ਵਾਲੀ ਸਾਡੀ ਅਖੀਰਲੀ ਪੀੜ੍ਹੀ ਹੈ।

ਵਿਸ਼ਵਾਸ ਰੱਖੋ! ਕਿਤੋਂ ਕਿਤੋਂ ਤਾਜ਼ੀ ਪੌਣ ਰੁਮਕਦੀ ਐ। ਜਵਾਨੀ ਜਾਗੀ ਆ। 'ਟਰਾਲੀ ਟਾਈਮਜ਼' ਦੀ ਚਿਣਗ ਲੱਗੀ ਐ। ਪਿੰਡਾਂ ਵਿਚ ਕਿਤਾਬ ਘਰ ਖੁੱਲ੍ਹਣ ਦੀਆਂ ਕਨਸੋਆਂ ਨੇ। ਕਿਸਾਨ ਮੋਰਚੇ ਨੇ ਇਨਕਲਾਬੀ ਰੰਗ ਚਾੜ੍ਹਿਐ। 'ਉੱਡਦਾ ਪੰਜਾਬ', 'ਪੜ੍ਹਦਾ ਪੰਜਾਬ' ਵੱਲ ਡਿੰਘ ਪੁੱਟਣ ਲੱਗਿਐ। ਪੱਥਰ 'ਤੇ ਲਕੀਰ ਐ ਕਿ ਕਿਤਾਬ ਹਮੇਸ਼ਾ ਜਾਗਦੀ ਤੇ ਜਗਾਉਂਦੀ ਰਹੇਗੀ। ਸਭਨਾਂ ਦੀ ਦੁਆ ਹੈ ਅਤੇ ਸਾਡੇ ਕਲਾਕਾਰ ਕਵੀ ਸਵਰਨਜੀਤ ਸਵੀ ਦਾ ਦਿਲ ਵੀ ਇਹੀ ਕਹਿੰਦੈ-

ਖਰੀਦੋ-ਰੱਖੋ
ਪੜ੍ਹੋ, ਨਾ ਪੜ੍ਹੋ
ਘਰ ਦੇ ਰੈਕ 'ਚ ਰੱਖੋ
ਰੱਖੋ ਤੇ ਭੁੱਲ ਜਾਓ।
ਜੇ ਤੁਸੀਂ ਪੜ੍ਹ ਨਹੀਂ ਸਕਦੇ
ਯਾਦ ਰੱਖ ਨਹੀਂ ਸਕਦੇ
ਸੌਣ ਦਿਓ ਕਿਤਾਬ ਨੂੰ
ਮਹੀਨੇ, ਸਾਲ, ਪੀੜ੍ਹੀ ਦਰ ਪੀੜ੍ਹੀ
ਉਡੀਕ ਕਰੋ
ਜਾਗੇਗੀ ਕਿਤਾਬ
ਕਿਸੇ ਦਿਨ, ਕਿਸੇ ਪਲ
ਪੜ੍ਹੇਗਾ ਕੋਈ
ਜਿਸਨੇ ਨਹੀਂ ਖਰੀਦਣੀ ਸੀ
ਇਹ ਕਿਤਾਬ!!!



# ਡਾ. ਅੰਬੇਡਕਰ ਦੀ ਸ਼ਖਸੀਅਤ ਦੇ ਕ੍ਰਾਂਤੀਕਾਰੀ ਪਹਿਲੂ ਨੂੰ ਸਮਝਣ ਦੀ ਲੋੜ

ਇਕ ਹੋਰ ਅੰਬੇਡਕਰ ਜੈਅੰਤੀ। ਇਸ ਵਾਰ 2024 ਦੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੇ ਨਾਂਅ ਤੇ ਉਨ੍ਹਾਂ ਦੀ ਵਿਰਾਸਤ ਨੂੰ ਹਾਸਿਲ ਕਰਨ ਲਈ ਬਹੁਤ ਮੁਕਾਬਲਾ ਹੋਇਆ। ਹਿਸਾਰ ਦੇ ਮਹਾਰਾਜਾ ਅਗਰਸੇਨ ਹਵਾਈ ਅੱਡੇ ਤੋਂ ਹਵਾਈ ਸੇਵਾਵਾਂ ਦੀ ਸ਼ੁਰੂਆਤ, ਲਖਨਊ ਵਿਚ ਇਕ ਮੈਰਾਥਨ, ਇਕ ਪਾਰਟੀ ਨੇ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਤਾਂ ਦੂਜੀ ਪਾਰਟੀ ਨੇ 'ਸਵਾਭਿਮਾਨ ਸਨਮਾਨ ਸਮਾਰੋਹ' ਕੀਤਾ। ਰੈਪਰ ਤੇ ਵਿਦਵਾਨ ਸੁਮਿਤ ਸਮੋਸ ਨੇ (14 ਅਪ੍ਰੈਲ 'ਇਕ ਯਾਦ ਤੇ ਇਕ ਵਾਅਦਾ') ਵਿਚ ਲਿਖਿਆ 'ਇਤਿਹਾਸ ਨੇ ਕਿਸਮਤ ਦਾ ਕਿੰਨਾ ਜ਼ਿਕਰਯੋਗ ਉਲਟਫੇਰ ਕੀਤਾ ਹੈ'। ਇਸ ਵਿਚ ਇਕ ਗੰਭੀਰ ਖ਼ਤਰਾ ਹੈ। ਉਨ੍ਹਾਂ ਦੇ ਪ੍ਰਤੀਕੀਕਰਨ ਦੇ ਪੂਰਾ ਹੋਣ ਨਾਲ ਅੰਬੇਡਕਰ ਨੂੰ ਇਸ ਤਰ੍ਹਾਂ ਯਾਦ ਕਰਨਾ, ਆਜ਼ਾਦੀ ਤੋਂ ਬਾਅਦ ਗਾਂਧੀ ਵਾਂਗ ਹੀ ਹੋ ਸਕਦਾ ਹੈ। ਉਨ੍ਹਾਂ ਨੂੰ ਇਕ ਖਾਲੀ ਪ੍ਰਤੀਕ ਤੱਕ ਸੀਮਤ ਕੀਤਾ ਜਾ ਸਕਦਾ ਹੈ, ਜਿਸ ਦੀ ਵਰਤੋਂ ਕੋਈ ਵੀ ਕੁਝ ਪਾਉਣ ਲਈ ਕਰ ਸਕਦਾ ਹੈ। ਇਹ ਹੁਣ ਉਨ੍ਹਾਂ ਲੋਕਾਂ 'ਤੇ ਜ਼ਿੰਮੇਵਾਰੀ ਪਾਉਂਦਾ ਹੈ, ਜੋ ਸ਼ਾਸਕਾਂ ਲਈ ਸਤਿਕਾਰਯੋਗ ਬਣਨ ਤੋਂ ਪਹਿਲਾਂ ਬਾਬਾ ਸਾਹਿਬ ਦੇ ਮਿਸ਼ਨ ਨਾਲ ਜੁੜੇ ਹੋਏ ਸਨ। ਉਨ੍ਹਾਂ ਨੂੰ ਅੰਬੇਡਕਰ ਦੇ ਅੰਦਰ ਦੇ ਕ੍ਰਾਂਤੀਕਾਰੀ (ਰੈਡੀਕਲ) ਤੱਤ ਨੂੰ ਮੁੜ ਪ੍ਰਾਪਤ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਵਿਰਾਸਤ ਨੂੰ ਕੋਈ ਆਪਣੇ ਕਬਜ਼ੇ ਵਿਚ ਨਾ ਲੈ ਸਕੇ, ਉਨ੍ਹਾਂ ਨੂੰ ਆਪਣੇ ਵਿਚ ਸਮੋਅ ਲੈਣਾ ਓਨਾ ਹੀ ਮੁਸ਼ਕਿਲ ਬਣਿਆ ਰਹੇ, ਜਿੰਨਾ ਉਨ੍ਹਾਂ ਦੇ ਜੀਵਨ ਵਿਚ ਸੀ।

ਇਸ ਦਲੇਰਾਨਾ ਪ੍ਰੋਜੈਕਟ ਦੀ ਸ਼ੁਰੂਆਤ ਸੂਰਜ ਯੇਂਗੜੇ ਅਤੇ ਆਨੰਦ ਤੇਲਤੁੰਬੜੇ ਦੁਆਰਾ ਦੁਨੀਆ ਭਰ ਦੇ ਵਿਦਵਾਨਾਂ ਦੇ ਲੇਖਾਂ ਦੇ ਇਕ ਸ਼ਾਨਦਾਰ ਸੰਗ੍ਰਹਿ 'ਦ ਰੈਡੀਕਲ ਇਨ ਅੰਬੇਡਕਰ: ਕ੍ਰਿਟੀਕਲ ਰਿਫਲੈਕਸ਼ਨਜ਼' ਵਿਚ ਕੀਤੀ ਸੀ। ਜਾਣ-ਪਛਾਣ ਵਿਚ ਅੰਬੇਡਕਰ ਬਾਰੇ ਜ਼ਿਆਦਾਤਰ ਵਿਦਵਾਨਾਂ ਦੀਆਂ ਸਮੱਸਿਆਵਾਂ 'ਤੇ ਧਿਆਨ ਦਿੱਤਾ ਗਿਆ ਹੈ। ਜੇਕਰ ਅੰਬੇਡਕਰ ਦੀ ਗਲਤ ਕਾਰਨਾਂ ਕਰਕੇ ਪ੍ਰਸ਼ੰਸਾ ਕਰਦਿਆਂ ਕਦੇ ਉਨ੍ਹਾਂ ਨੂੰ ਅਛੂਤਾਂ ਦੇ ਮਸੀਹਾ, ਸੰਵਿਧਾਨ ਨਿਰਮਾਤਾ, ਇਕ ਬੋਧੀਸਤੰਭ, ਇਕ ਨਵ-ਉਦਾਰਵਾਦੀ ਮੁਕਤ-ਬਾਜ਼ਾਰ ਦੇ ਨਾਇਕ, ਇਕ ਮੁਦਰਾਵਾਦੀ ਦੱਸਿਆ ਜਾਂਦਾ ਹੈ, ਇਸੇ ਤਰ੍ਹਾਂ ਉਨ੍ਹਾਂ ਨੂੰ ਇਕ ਜਾਤੀਵਾਦੀ, ਇਕ ਬ੍ਰਿਟਿਸ਼ ਕੱਠਪੁਤਲੀ ਅਤੇ ਇਕ ਕਮਿਊਨਿਸਟ ਵਿਰੋਧੀ ਦੇ ਰੂਪ ਵਿਚ ਵੀ ਗ਼ਲਤ ਢੰਗ ਨਾਲ ਬਦਨਾਮ ਕੀਤਾ ਜਾਂਦਾ ਹੈ, ਪਰ ਇਹ ਕਿਤਾਬ ਇਸ ਤੱਥ ਤੱਕ ਸੀਮਤ ਸੀ ਕਿ ਇਹ ਇਕ ਮੋਹਰੀ ਯਤਨ ਸੀ ਤੇ ਇਸ ਦੇ ਨਾਲ ਹੀ 'ਅੰਬੇਡਕਰ ਦੇ ਕ੍ਰਾਂਤੀਕਾਰੀ ਰੂਪ' ਨੂੰ ਰਵਾਇਤੀ ਖੱਬੇ ਜਾਂ ਕਮਿਊਨਿਸਟ ਅਰਥਾਂ ਵਿਚ ਸਮਝਣ ਦੀ ਇਸ ਦੀ ਪ੍ਰਵਿਰਤੀ ਵੀ ਸੀ।

ਇਕ ਹੋਰ ਕੀਮਤੀ ਪੁਨਰ-ਵਿਚਾਰ ਦੀ ਸ਼ੁਰੂਆਤ ਡੀ. ਆਰ. ਨਾਗਰਾਜ (ਫਲੇਮਿੰਗ ਫੀਟ ਐਂਡ ਅਦਰ ਐਸ਼ੇਜ਼) ਦੁਆਰਾ ਲਿਖੇ ਗਏ ਇਕ ਮਹੱਤਵਪੂਰਨ ਲੇਖ 'ਆਤਮ-ਸ਼ੁੱਧੀ ਬਨਾਮ ਸਵੈ-ਮਾਣ: ਦਲਿਤ ਅੰਦੋਲਨ ਦੀਆਂ ਜੜ੍ਹਾਂ 'ਤੇ' ਨਾਲ ਹੋਈ, ਜਿਸ ਵਿਚ ਉਸ ਨੇ ਇਕ ਤਾਜ਼ਾ ਪਾਠ ਪੇਸ਼ ਕੀਤਾ ਕਿ ਕਿਵੇਂ ਗਾਂਧੀ ਤੇ ਅੰਬੇਡਕਰ ਨੇ ਇਕ ਦੂਜੇ ਨੂੰ ਬਦਲਿਆ। ਇਸ ਧਾਰਾ (ਸਟ੍ਰੈਂਡ) ਨੂੰ ਦੇਵਨੂਰ ਮਹਾਦੇਵਾ ਦੁਆਰਾ ਰਾਜਨੀਤਿਕ ਤੌਰ 'ਤੇ ਵਿਕਸਤ ਕੀਤਾ ਗਿਆ ਅਤੇ ਨਿਸ਼ੀਕਾਂਤ ਕੋਲਗੇ (ਗਾਂਧੀ ਅਗੇਂਸਟ ਕਾਸਟ) ਨੇ ਅਕਾਦਮਿਕ ਲਿਖਤਾਂ ਵਿਚ ਵਿਕਸਿਤ ਕੀਤਾ, ਪਰ ਇਸ ਦੇ ਰਾਜਨੀਤਿਕ ਪ੍ਰਭਾਵ 'ਤੇ ਅਜੇ ਵੀ ਕੰਮ ਕੀਤਾ ਜਾਣਾ ਬਾਕੀ ਹੈ। ਇਸ ਨੂੰ ਅੰਬੇਡਕਰ ਅਧਿਐਨ ਦੇ ਵਧਦੇ ਅਕਾਦਮਿਕ ਉਦਯੋਗ 'ਤੇ ਨਹੀਂ ਛੱਡਿਆ ਜਾ ਸਕਦਾ। ਬੀਤੇ ਸਮੇਂ ਦੇ ਗਾਂਧੀਵਾਦੀ ਅਧਿਐਨਾਂ ਵਾਂਗ, ਕੁਝ ਸਤਿਕਾਰਯੋਗ ਅਪਵਾਦਾਂ ਨੂੰ ਛੱਡ ਕੇ ਵਿਦਵਤਾਵਾਦ ਅਸਲ ਅਤੇ ਵੱਡੇ ਮੁੱਦਿਆਂ ਨੂੰ ਦਰਕਿਨਾਰ ਕਰ ਦਿੰਦਾ ਹੈ। ਅੰਬੇਡਕਰ ਦੇ ਕ੍ਰਾਂਤੀਕਾਰੀ/ਰੈਡੀਕਲ ਨੂੰ ਮੁੜ ਪ੍ਰਾਪਤ ਕਰਨਾ ਕੋਈ ਅਕਾਦਮਿਕ ਪ੍ਰੋਜੈਕਟ ਨਹੀਂ ਹੈ। ਇਹ ਸਾਡੇ ਸਮੇਂ ਦੇ ਸਭ ਤੋਂ ਮਹੱਤਵਪੂਰਨ ਬੌਧਿਕ ਤੇ ਰਾਜਸੀ ਪ੍ਰੋਜੈਕਟਾਂ 'ਚੋਂ ਇਕ ਹੈ। ਇਹ ਸਾਡੇ ਸੰਵਿਧਾਨਕ ਲੋਕਤੰਤਰ ਨੂੰ ਮੁੜ ਪ੍ਰਾਪਤ ਕਰਨ ਦੇ ਮਿਸ਼ਨ ਨਾਲ ਹੀ ਨਹੀਂ , ਦਰਅਸਲ ਸਾਡੇ ਖ਼ਤਰੇ 'ਚ ਪਏ ਗਣਰਾਜ ਨੂੰ ਬਚਾਉਣ ਦੇ ਮਿਸ਼ਨ ਨਾਲ ਜੁੜਿਆ ਹੋਇਆ ਹੈ।



ਇਸ ਦੇ ਲਈ ਇਕ ਚੰਗਾ ਸ਼ੁਰੂਆਤੀ ਬਿੰਦੂ ਇਹ ਹੋਵੇਗਾ ਕਿ ਅਸੀਂ ਆਪਣਾ ਧਿਆਨ ਜਾਤੀ ਵਿਵਸਥਾ ਦੀ ਅੰਬੇਡਕਰ ਦੀ ਆਲੋਚਨਾ ਤੋਂ ਹਟਾ ਕੇ ਲੋਕਤੰਤਰ ਦੇ ਸਿਧਾਂਤਕਾਰ ਦੇ ਰੂਪ ਵਿਚ ਉਨਾਂ ਦੀ ਵਿਰਾਸਤ 'ਤੇ ਕੇਂਦ੍ਰਿਤ ਕਰੀਏ। ਜਿਵੇਂ ਸਕਾਟ ਸਟਰਾਉਡ ਨੇ ਦਲੀਲ ਦਿੱਤੀ ਹੈ (ਭਾਰਤ ਵਿਚ ਵਿਵਹਾਰਵਾਦ ਦਾ ਵਿਕਾਸ), ਲੋਕਤੰਤਰ ਬਾਰੇ ਅੰਬੇਡਕਰ ਦੀ ਸੋਚ ਉਨ੍ਹਾਂ ਦੇ ਅਧਿਆਪਕ ਜੌਨ ਡਿਵੀ ਦੇ ਲੋਕਤੰਤਰਿਕ ਜੀਵਨ ਢੰਗ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸੀ। ਉਸੇ ਸਮੇਂ ਉਸ ਨੇ ਹੇਠਾਂ ਤੋਂ ਇਕ ਦ੍ਰਿਸ਼ਟੀਕੋਣ ਦੁਆਰਾ ਪ੍ਰਾਪਤ ਕੀਤੇ ਕਿਸੇ ਵੀ ਸਿਧਾਂਤ ਜਾਂ ਵਿਚਾਰਾਂ ਨੂੰ ਸੋਧਿਆ। ਕਈ ਤਰੀਕਿਆਂ ਨਾਲ ਉਹ 20ਵੀਂ ਸਦੀ ਦੇ ਭਾਰਤ ਦੇ ਪਹਿਲੇ ਅਤੇ ਸ਼ਾਇਦ

**ਯੋਗੇਂਦਰ ਯਾਦਵ**

ਇਕਲੌਤੇ ਲੋਕਤੰਤਰੀ ਸਿਧਾਂਤਕਾਰ ਸਨ। ਉਸ ਸਮੇਂ ਦੇ ਜ਼ਿਆਦਾਤਰ ਹੋਰ ਭਾਰਤੀ ਰਾਜਨੀਤਿਕ ਚਿੰਤਕਾਂ ਲਈ, ਲੋਕਤੰਤਰ ਰਾਸ਼ਟਰੀ ਆਜ਼ਾਦੀ ਨੂੰ ਸੁਰੱਖਿਅਤ ਕਰਨ ਜਾਂ ਸਮਾਜਵਾਦ ਸਥਾਪਿਤ ਕਰਨ ਦੇ ਉਨ੍ਹਾਂ ਦੇ ਮੁੱਖ ਵਿਚਾਰਧਾਰਕ ਪ੍ਰੋਜੈਕਟ ਦਾ ਇਕ ਜ਼ਰੂਰੀ ਉਪ-ਉਤਪਾਦ ਜਾਂ ਬੋਨਸ ਸੀ। ਜਦਕਿ ਜੈਪ੍ਰਕਾਸ਼ ਨਾਰਾਇਣ ਅਤੇ ਐਮ.ਐਨ. ਰਾਏ ਵਰਗੇ ਚਿੰਤਕਾਂ ਨੇ ਪਾਰਟੀ ਰਾਜਨੀਤੀ ਦੇ ਆਧਾਰ 'ਤੇ ਪ੍ਰਤੀਨਿਧੀ ਲੋਕਤੰਤਰ ਦੀ ਵਿਸਤ੍ਰਿਤ ਆਲੋਚਨਾ ਪੇਸ਼ ਕੀਤੀ, ਜਦਕਿ ਅੰਬੇਡਕਰ ਲਈ ਲੋਕਤੰਤਰ ਉਨ੍ਹਾਂ ਦੀ ਸੋਚ ਦੇ ਕੇਂਦਰ 'ਚ ਸੀ। ਉਸ ਨੇ ਪ੍ਰਤੀਨਿਧੀ ਲੋਕਤੰਤਰ ਦੇ ਰਾਜਨੀਤਿਕ ਡਿਜ਼ਾਈਨ ਦੇ ਗੁੰਝਲਦਾਰ ਮੁੱਦੇ 'ਤੇ ਵੱਖ-ਵੱਖ ਕਿਸਮਾਂ ਦੇ ਸੰਸਥਾਗਤ ਡਿਜ਼ਾਈਨਾਂ ਦੇ ਰਾਜਨੀਤਿਕ ਤੇ ਸਮਾਜਿਕ ਨਤੀਜਿਆਂ ਬਾਰੇ ਸੋਚਿਆ।

ਅੰਬੇਡਕਰ ਨੇ ਲੋਕਤੰਤਰ ਦੀ ਉਦਾਰਵਾਦੀ ਪਰਿਭਾਸ਼ਾ ਤੋਂ ਲੈ ਕੇ ਵਾਸਤਵਿਕ ਪਰਿਭਾਸ਼ਾ ਵਿਚ ਤਬਦੀਲੀ ਕਰਕੇ ਲੋਕਤੰਤਰ ਦੇ ਉਦਾਰਵਾਦੀ ਵਿਚਾਰ ਨੂੰ ਕ੍ਰਾਂਤੀਕਾਰੀ ਬਣਾਇਆ। ਉਨ੍ਹਾਂ ਲਈ ਕਾਨੂੰਨੀ ਸੰਵਿਧਾਨਕ ਵਿਧੀਆਂ ਦਾ ਨੁਕਤਾ 'ਲੋਕਾਂ ਦੀ ਭਲਾਈ ਕਰਨਾ' ਸੀ। ਉਨ੍ਹਾਂ ਨੇ ਲੋਕਤੰਤਰ ਦੀ ਇਕ ਨਵੀਂ ਪਰਿਭਾਸ਼ਾ ਪੇਸ਼ ਕੀਤੀ: 'ਸਰਕਾਰ ਦਾ ਇਕ ਰੂਪ ਤੇ ਇਕ ਤਰੀਕਾ, ਜਿਸ ਵਿਚ ਲੋਕਾਂ ਦੇ ਆਰਥਿਕ ਤੇ ਸਮਾਜਿਕ ਜੀਵਨ ਵਿਚ ਖ਼ੂਨ-ਖਰਾਬੇ ਤੋਂ ਬਿਨਾਂ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਜਾਂਦੀਆਂ ਹਨ'। (ਲੋਕਤੰਤਰ ਦੇ ਸਫਲ ਕੰਮਕਾਜ ਲਈ ਪੂਰਵ ਸ਼ਰਤਾਂ, 1952)। ਜੋ ਉਨ੍ਹਾਂ ਨੂੰ ਭਾਰਤ ਤੇ ਪੱਛਮ ਵਿਚ ਆਪਣੇ ਸਮਕਾਲੀ ਲੋਕਾਂ ਤੋਂ ਵੱਖਰਾ ਕਰਦਾ ਹੈ। ਡੇਵੀ ਦੇ ਉਲਟ ਲੋਕਤੰਤਰ ਬਾਰੇ ਉਨ੍ਹਾਂ ਦਾ ਕਥਨ ਸਿਰਫ਼ 'ਸਮਾਜਿਕ ਲੋਕਤੰਤਰ' ਨਹੀਂ ਹੈ। ਉਨ੍ਹਾਂ ਲੋਕਤੰਤਰ ਦੇ ਇਕ ਕੱਟੜਪੰਥੀ ਗਣਤੰਤਰਵਾਦੀ ਸਿਧਾਂਤ ਦੀ ਉਮੀਦ ਕੀਤੀ।

ਅੰਬੇਡਕਰ ਦਾ ਲੋਕਤੰਤਰ ਸਿਰਫ਼ ਆਜ਼ਾਦੀ ਦੇ ਉਦਾਰਵਾਦੀ ਵਿਚਾਰ 'ਤੇ ਆਧਾਰਿਤ ਨਹੀਂ ਸੀ। ਉਨ੍ਹਾਂ ਲਈ ਲੋਕਤੰਤਰ ਦਾ ਬੁਨਿਆਦੀ ਵਿਚਾਰ ਭਾਈਚਾਰਾ ਸੀ, ਜੋ ਆਜ਼ਾਦੀ ਤੇ ਸਮਾਨਤਾ ਦੋਹਾਂ ਦੀ ਪ੍ਰਾਪਤੀ ਲਈ ਇਕ ਪੂਰਬਲੀ ਸ਼ਰਤ ਸੀ। ਅੰਬੇਡਕਰ ਨੇ ਸਾਰੇ ਬਾਲਗਾਂ ਦੇ ਵੋਟ ਅਧਿਕਾਰ ਲਈ ਇਕ ਡੂੰਘੀ ਦਲੀਲ ਪੇਸ਼ ਕੀਤੀ, ਜਿਨ੍ਹਾਂ ਵਿਚ ਉਸ ਸਮੇਂ ਦੇ ਅਨਪੜ੍ਹ ਵੀ ਸ਼ਾਮਿਲ ਸਨ। ਉਨ੍ਹਾਂ ਦੀਆਂ ਦਲੀਲਾਂ ਸਨ ਕਿ ਦਲਿਤਾਂ ਦੀ ਨੁਮਾਇੰਦਗੀ ਹਿੰਦੂਆਂ ਦੁਆਰਾ ਨਹੀਂ ਕੀਤੀ ਜਾ ਸਕਦੀ। ਜੋ ਨਾਰੀਵਾਦੀਆਂ ਦੁਆਰਾ 'ਸ਼ਮੂਲੀਅਤ ਦੀ ਰਾਜਨੀਤੀ' ਸੰਬੰਧੀ ਹਾਲ ਹੀ ਵਿਚ ਦਿੱਤੀਆਂ ਦਲੀਲਾਂ ਦਾ ਪੂਰਵ ਅਨੁਮਾਨ ਲਗਾਉਂਦੀਆਂ ਹਨ।

ਅੰਬੇਡਕਰ ਨੇ ਸਾਨੂੰ ਯਾਦ ਦਿਵਾਇਆ ਕਿ 'ਲੋਕਤੰਤਰ ਇਕ ਪੌਦਾ ਨਹੀਂ ਹੈ, ਜੋ ਹਰ ਜਗ੍ਹਾ ਉਗਦਾ ਹੋਵੇ। ਉਨ੍ਹਾਂ ਲਈ ਲੋਕਤੰਤਰ ਦੀ ਪਹਿਲੀ ਤੇ ਸਭ ਤੋਂ ਮਹੱਤਵਪੂਰਨ ਸ਼ਰਤ ਇਹ ਸੀ ਕਿ ਹਰ ਨਾਗਰਿਕ ਰੋਜ਼ਾਨਾ ਦੀ ਜ਼ਿੰਦਗੀ ਵਿਚ ਪ੍ਰਸ਼ਾਸਨ ਤੇ ਸ਼ਾਸਨ ਦੀ ਬਰਾਬਰੀ ਦੇ ਵਿਵਹਾਰ ਦਾ ਅਨੰਦ ਮਾਣੇ, ਸੰਵਿਧਾਨਕ ਨੈਤਿਕਤਾ ਦੀ ਹਰਮਨ ਪਿਆਰਤਾ ਸਮਾਜ 'ਚ ਨੈਤਿਕ ਵਿਵਸਥਾ ਨੂੰ ਕਾਇਮ ਰੱਖੇ। ਵਿਰੋਧੀ ਧਿਰ ਦੀ ਹੋਂਦ ਤੇ ਸਤਿਕਾਰ ਤੋਂ ਬਿਨਾਂ ਕੋਈ ਲੋਕਤੰਤਰ ਨਹੀਂ ਹੈ: ਬਹੁਗਿਣਤੀ ਦਾ ਜ਼ੁਲਮ ਲੋਕਤੰਤਰ ਵਿਰੋਧੀ ਹੈ। ਅਜਿਹਾ ਪਾਠ ਉਨ੍ਹਾਂ ਦੀ ਵਿਰਾਸਤ ਨੂੰ ਉਨ੍ਹਾਂ ਕਮੀਆਂ ਤੋਂ ਬਚਾਏਗਾ, ਜਿਨ੍ਹਾਂ ਦਾ ਉਹ ਸ਼ਿਕਾਰ ਹੁੰਦੇ ਹਨ, ਭਾਵੇਂ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੋਵੇ। ਅੰਬੇਡਕਰ ਨੂੰ ਇਕ ਦਲਿਤ ਦੇ ਰੂਪ ਵਿਚ ਉਨ੍ਹਾਂ ਦੀ ਆਪਣੀ ਸਮਾਜਿਕ ਸਥਿਤੀ ਤੱਕ ਸੀਮਤ ਕਰ ਦਿੱਤਾ ਗਿਆ ਹੈ, ਜਦੋਂ ਕਿ ਉਨ੍ਹਾਂ ਨੂੰ ਸਮਾਜਿਕ ਨਿਆਂ ਅਤੇ ਭਾਰਤ ਦੇ ਅੰਦਰ ਤੇ ਬਾਹਰ ਬੇਇਨਸਾਫ਼ੀ ਝੱਲਣ ਵਾਲੇ ਹਰ ਸਮਾਜਿਕ ਸਮੂਹ ਦੀ ਆਵਾਜ਼ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਲਈ ਜਾਤੀਗਤ ਬੇਇਨਸਾਫ਼ੀ ਇਕ ਗੂੜ੍ਹਾ ਰੰਗਦਾਰ ਸ਼ੀਸ਼ਾ (ਪ੍ਰਿਜ਼ਮ) ਸੀ, ਜਿਸ ਦੇ ਮਾਧਿਅਮ ਨਾਲ ਉਹ ਸਾਡੇ ਸਮੇਂ ਦੇ ਕਈ ਮੁੱਦਿਆਂ 'ਤੇ ਵਿਚਾਰ ਕਰਦੇ ਸਨ। ਸਮਕਾਲੀ ਵਿਵਾਦਾਂ ਵਿਚ, ਉਹ ਕਾਂਗਰਸ ਦੀ ਅਗਵਾਈ ਵਾਲੇ ਰਾਸ਼ਟਰੀ ਅੰਦੋਲਨ ਅਤੇ ਬ੍ਰਿਟਿਸ਼ ਬਸਤੀਵਾਦੀ ਰਾਜ ਦੇ ਮੁਕਾਬਲੇ ਆਪਣੇ ਸਮੇਂ ਦੇ ਪੱਖਪਾਤੀ ਵਿਵਾਦਾਂ ਤੱਕ ਸੀਮਤ ਰਹਿ ਗਏ ਹਨ। ਅਸੀਂ ਇਨ੍ਹਾਂ ਵਿਵਾਦਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਿਧਾਂਤਾਂ ਨੂੰ ਮੁੜ ਪ੍ਰਾਪਤ ਕਰ ਕੇ ਅਤੇ ਸਮਕਾਲੀ ਰਾਜਨੀਤਿਕ ਸੰਦਰਭ ਵਿਚ ਉਨ੍ਹਾਂ ਸਿਧਾਂਤਾਂ ਨੂੰ ਦੁਬਾਰਾ ਲਾਗੂ ਕਰ ਕੇ ਇਕ ਕ੍ਰਾਂਤੀਕਾਰੀ ਅੰਬੇਡਕਰ ਦੀ ਖੋਜ ਕਰ ਸਕਦੇ ਹਾਂ । ਅੰਬੇਡਕਰ ਆਪਣੇ ਸਮੇਂ ਤੋਂ ਅੱਗੇ ਦੇ ਚਿੰਤਕ ਸਨ, ਜਦਕਿ ਉਨ੍ਹਾਂ ਦੇ ਨਾਂਅ 'ਤੇ ਕੀਤੀ ਜਾਣ ਵਾਲੀ ਜ਼ਿਆਦਾਤਰ ਰਾਜਨੀਤੀ ਆਪਣੇ ਸਮੇਂ ਤੋਂ ਪਿੱਛੇ ਦੀ ਹੈ।

# .ਫਰਜ਼ ਨਿਭਾਉਣ 'ਚ ਲਾਪਰਵਾਹੀ ਦਾ ਨਤੀਜਾ



ਸੁਪਰੀਮ ਕੋਰਟ ਨੇ ਦਲ ਬਦਲੀ ਦੀਆਂ ਪਟੀਸ਼ਨਾਂ ਦਾ ਨਿਪਟਾਰਾ ਕਰਦੇ ਹੋਏ ਕਿਹਾ ਹੈ ਕਿ ਇਸ ਨਾਲ ਜੁੜੇ ਫ਼ੈਸਲੇ 'ਚ ਦੇਰੀ ਨਾਲ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ ਟੀਚੇ ਨਾਕਾਮ ਹੋ ਸਕਦੇ ਹਨ। ਅਦਾਲਤ ਨੇ ਕਿਹਾ ਕਿ ਕੋਰਟ ਨੂੰ ਸੁਣਵਾਈ ਦੀ ਸਮਾਂ ਹੱਦ ਤੈਅ ਕਰਨ ਦਾ ਹੱਕ ਹੈ, ਪਰ ਅਦਾਲਤ ਪਟੀਸ਼ਨਾਂ ਦੇ ਨਤੀਜੇ ਨਹੀਂ ਤੈਅ ਕਰ ਸਕਦੀ। ਇਹ ਸਦਨ ਦੇ ਚੇਅਰਮੈਨ ਤੈਅ ਕਰਦੇ ਹਨ। ਕੋਰਟ ਨੇ ਮਨੀਪੁਰ ਵਿਧਾਨ ਸਭਾ ਮਾਮਲੇ (2020) ਸਮੇਤ ਕਈ ਮਾਲਿਆਂ 'ਚ ਫ਼ੈਸਲੇ ਦੀ ਸਮਾਂ ਹੱਦ ਤੈਅ ਕਰਨ। ਇਕ ਮਾਮਲੇ (1992) 'ਚ ਕਿਹਾ ਕਿ ਕਾਰਵਾਈ 'ਚ ਦੇਰੀ ਦੀ ਸਥਿਤੀ 'ਚ ਅਦਾਲਤ ਨੂੰ ਦਖ਼ਲ ਦਾ ਹੱਕ ਹੈ। 1994 'ਚ ਰਵੀ ਐੱਸ ਨਾਇਕ ਬਨਾਮ ਭਾਰਤ ਸੰਘ ਮਾਮਲੇ 'ਚ ਚੇਅਰਮੈਨ ਦੀ ਨਿਰਪੱਖਤਾ 'ਤੇ ਵੀ ਟਿੱਪਣੀ ਕੀਤੀ ਗਈ ਸੀ। ਇਸੇ ਤਰ੍ਹਾਂ ਕੋਰਟ ਨੇ ਤਾਮਿਲਨਾਡੂ ਦੇ ਮਾਮਲੇ 'ਚ 10 ਬਿੱਲਾਂ ਨੂੰ ਲੰਬੇ ਸਮੇਂ ਤੱਕ ਵਿਚਾਰ ਅਧੀਨ ਰੱਖਣ ਸੰਬੰਧੀ ਰਾਜਪਾਲ 'ਤੇ ਤਿੱਖੀ ਟਿੱਪਣੀ ਕੀਤੀ। ਕੋਰਟ ਨੇ ਕਿਹਾ ਕਿ ਆਰਟੀਕਲ 201 'ਚ ਰਾਸ਼ਟਰਪਤੀ ਦੇ ਫ਼ੈਸਲੇ ਦੀ ਕੋਈ ਸਮਾਂ ਹੱਦ ਨਹੀਂ ਹੈ, ਪਰ ਕੋਰਟ ਨੇ ਬਿੱਲਾਂ ਨੂੰ ਸਿੱਧਾ ਮਨਜ਼ੂਰ ਕਰਨ ਬਾਰੇ ਫ਼ੈਸਲਾ ਆਰਟੀਕਲ 142 ਦੀਆਂ ਵਿਸ਼ੇਸ਼ ਸ਼ਕਤੀਆਂ ਦੇ ਅੰਤਰਗਤ ਕਰ ਦਿੱਤਾ। ਕੋਰਟ ਨੇ ਰਾਸ਼ਟਰਪਤੀ ਦੀਆਂ ਅਤੇ ਆਪਣੀਆਂ ਸ਼ਕਤੀਆਂ ਦਾ ਵੱਖ-ਵੱਖ ਜ਼ਿਕਰ ਕੀਤਾ ਹੈ। ਦੋਵੇਂ ਸਨਮਾਨਯੋਗ ਹਨ, ਪਰ ਅਧਿਕਾਰਾਂ ਦੀ ਤੁਲਨਾ ਵਿਚਾਰਯੋਗ ਹੈ। ਪਹਿਲੀ ਨਜ਼ਰੇ ਸੰਵਿਧਾਨ ਦੀਆਂ ਦੋਵਾਂ ਵਿਵਸਥਾਵਾਂ 'ਚ ਟਕਰਾਅ ਦਿਖਾਈ ਦੇ ਰਿਹਾ ਹੈ। ਇਹ ਠੀਕ ਨਹੀਂ ਹੈ। ਜੇ ਸੰਵਿਧਾਨਕ ਸੰਸਥਾਵਾਂ ਠੀਕ ਤਰ੍ਹਾਂ ਫ਼ਰਜ਼ਾਂ ਦੀ ਪਾਲਣਾ ਕਰਨ ਤਾਂ ਸੰਵਿਧਾਨਕ ਰਾਜ ਵਿਵਸਥਾ ਵੀ ਠੀਕ ਚਲਦੀ ਹੈ। ਫ਼ਰਜ਼ਾਂ ਦੀ ਪਾਲਣਾ ਨਾ ਕਰੀਏ ਤਾਂ ਮੁਸ਼ਕਲਾਂ ਪੈਦਾ ਹੁੰਦੀਆਂ ਹਨ।

ਸੰਸਦ ਤੇ ਵਿਧਾਨ ਮੰਡਲਾਂ ਦੀ ਪਵਿੱਤਰਤਾ ਬਣਾਈ ਰੱਖਣ ਲਈ ਆਰਟੀਕਲ 102 ਅਤੇ 191 'ਚ ਮੈਂਬਰਾਂ ਲਈ ਅਨੇਕਾਂ ਅਯੋਗਤਾਵਾਂ ਤੈਅ ਹਨ। ਸੰਸਦ ਨੇ ਦਲ ਬਦਲੀ ਵਿਰੋਧੀ ਐਕਟ ਬਣਾਇਆ ਸੀ। ਪਿਛਲੀ ਸਦੀ ਦੇ ਸੱਤਵੇਂ ਦਹਾਕੇ 'ਚ ਥੋਕ ਦੇ ਭਾਅ 'ਚ ਦਲ ਬਦਲੀਆਂ ਹੋ ਰਹੀਆਂ ਸਨ। ਹਰਿਆਣਾ ਦੇ ਇਕ ਆਗੂ ਨੇ 1967 'ਚ ਇਕ ਦਿਨ 'ਚ ਤਿੰਨ ਵਾਰ ਦਲ ਬਦਲੀ ਕੀਤੀ ਸੀ। ਤਦ 'ਆਇਆ ਰਾਮ ਗਿਆ ਰਾਮ' ਦਾ ਮੁਹਾਵਰਾ ਆਇਆ। ਇਸ ਤੋਂ ਬਾਅਦ ਕਈ ਸੂਬਿਆਂ 'ਚ ਪਾਰਟੀਆਂ ਟੁੱਟ ਕੇ ਸਰਕਾਰਾਂ ਬਣੀਆਂ। ਲੋਕਤੰਤਰ 'ਚ ਪਾਰਟੀਆਂ ਵਿਚਾਰਾਂ ਦੇ ਆਧਾਰ 'ਤੇ

**ਹਿਰਦੇ ਨਾਰਾਇਣ ਦੀਕਸ਼ਿਤ**

ਬਣਦੀਆਂ ਹਨ। ਵਿਚਾਰ ਨਿਸ਼ਠਾ ਹਰਮਨਪਿਆਰਾ ਬਣਾਉਂਦੀ ਹੈ। ਸਿਆਸੀ ਪਾਰਟੀਆਂ ਵਿਅਕਤੀ ਨੂੰ ਚੋਣ ਲੜਾਉਂਦੀਆਂ ਹਨ।

ਉਹ ਜਿਸ ਪਾਰਟੀ ਤੋਂ ਚੁਣਿਆ ਜਾਂਦਾ ਹੈ ਉਸ ਨੂੰ ਛੱਡ ਦੇਣਾ ਵੋਟਰ ਦੇ ਨਾਲ ਧੋਖਾਧੜੀ ਅਤੇ ਅਨੈਤਿਕਤਾ ਹੈ। 1985 'ਚ ਰਾਜੀਵ ਗਾਂਧੀ ਦੀ ਅਗਵਾਈ 'ਚ 404 ਕਾਂਗਰਸੀ ਸੰਸਦ ਮੈਂਬਰ ਸਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਦਲ ਬਦਲੀ ਦੇ ਡਰ ਨਾਲ 52ਵੀਂ ਸੰਵਿਧਾਨਕ ਸੋਧ ਪਾਸ ਕੀਤੀ ਸੀ। ਇਹੀ ਸੰਵਿਧਾਨ ਦੀ ਦਸਵੀਂ ਅਨੁਸੂਚੀ ਹੈ। ਇਸ 'ਚ ਪਾਰਟੀ ਮੈਂਬਰਾਂ ਦੇ ਇਕ ਤਿਹਾਈ ਮੈਂਬਰਾਂ ਦੇ ਇਕੱਠੇ ਦਲ ਬਦਲੀ ਕਰਨ ਨੂੰ ਪਾਰਟੀਆਂ ਦਾ ਰਲੇਵਾਂ ਮੰਨਿਆ ਗਿਆ ਸੀ। ਅਜੀਬ ਹੈ ਕਿ ਜੋ ਕੰਮ ਇਕ ਵਿਅਕਤੀ ਕਰੇ ਤਾਂ ਪਾਪ ਹੈ। ਇਕ ਤਿਹਾਈ ਕਰਨ ਤਾਂ ਪੁੰਨ। ਅਨੇਕਾਂ ਸੂਬਿਆਂ 'ਚ ਦਲ ਬਦਲੂਆਂ ਨੂੰ ਫ਼ਾਇਦਾ ਹੋਇਆ। ਉਹ ਰਾਤੋ-ਰਾਤ ਮੰਤਰੀ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਪੁੱਜ ਗਏ। 91ਵੀਂ ਸੰਵਿਧਾਨਕ ਸੋਧ ਨਾਲ ਰਲੇਵੇਂ ਦੀ ਸਹੂਲਤ 'ਚ ਸਖਤੀ ਆਈ। ਇਕ ਤਿਹਾਈ ਦੀ ਥਾਂ ਦੋ ਤਿਹਾਈ ਮੈਂਬਰਾਂ ਦੀ ਵਿਵਸਥਾ ਕੀਤੀ ਗਈ। ਦੋ ਤਿਹਾਈ ਮੈਂਬਰਾਂ ਦੀ ਇਕੱਠੇ ਦਲ ਬਦਲੀ ਸੌਖੀ ਨਹੀਂ ਸੀ। ਕੁਝ ਸੂਬਿਆਂ 'ਚ ਹੌਲੀ-ਹੌਲੀ ਇਕ ਦੋ ਮੈਂਬਰ ਕਿਸ਼ਤਾਂ 'ਚ ਆਉਂਦੇ ਗਏ ਤੇ ਦਲ ਬਦਲੀ ਨੂੰ ਰਲੇਵਾਂ ਮੰਨਿਆ ਜਾਂਦਾ ਰਿਹਾ। ਪਾਰਟੀ ਅਨੁਸ਼ਾਸਨ ਵੀ ਦਲ ਬਦਲੀ ਦਾ ਮੁੱਖ ਤੱਤ ਬਣਿਆ। ਮੈਂਬਰ ਵੱਲੋਂ ਵਿਧਾਨਕ ਪਾਰਟੀ ਦੇ ਅਧਿਕਾਰੀ ਦੇ ਜਾਰੀ ਨਿਰਦੇਸ਼ਾਂ ਨੂੰ ਨਾ ਮੰਨਣਾ ਜਾਂ ਅਧਿਕਾਰੀ ਦੇ ਨਿਰਦੇਸ਼ ਮੁਤਾਬਕ ਵੋਟ ਨਾ ਕਰਨਾ ਜਾਂ ਵੋਟਿੰਗ ਤੋਂ ਦੂਰ ਰਹਿਣਾ ਵੀ ਦਲ ਬਦਲੀ ਕਾਨੂੰਨ ਦੇ ਅਧੀਨ ਸਜ਼ਾਯੋਗ ਹੈ। ਵਿਅਕਤੀ ਜਾਂ ਸਮੂਹ ਵੱਲੋਂ ਜਾਣਬੁੱਝ ਕੇ ਪਾਰਟੀ ਦਾ ਤਿਆਗ ਵੀ ਸੰਭਵ ਹੈ।

ਕਈ ਵਾਰ ਪਾਰਟੀ ਆਪਣੀ ਵਿਚਾਰਧਾਰਾ ਬਦਲਦੀ ਹੈ। ਕੁਝ ਮੈਂਬਰਾਂ ਨੂੰ ਇਹ ਨਾਸਹਿਣਯੋਗ ਲਗਦਾ ਹੈ। ਉਹ ਸਦਨ 'ਚ ਆਪਣੀ ਪਾਰਟੀ ਖ਼ਿਲਾਫ਼ ਬੋਲਦੇ ਹਨ। ਵਿਚਾਰਾਂ ਦੇ ਪ੍ਰਗਟਾਵੇ ਦਾ ਮੌਲਿਕ ਅਧਿਕਾਰ ਵੀ ਪਾਰਟੀ ਅਨੁਸ਼ਾਸਨ 'ਚ ਨਹੀਂ ਮਿਲਦਾ। ਜਦਕਿ ਆਰਟੀਕਲ 105 ਅਤੇ ਆਰਟੀਕਲ 194 'ਚ ਮੈਂਬਰਾਂ ਨੂੰ ਵਿਚਾਰਾ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ। ਕਈ ਵਾਰ ਮੈਂਬਰ ਨੂੰ ਆਪਣੇ ਜਾਂ ਪਾਰਟੀ ਦੇ ਵਿਚਾਰ ਬਦਲ ਜਾਣ ਦੇ ਕਾਰਨ ਵੀ ਮੁਸ਼ਕਲ ਆਉਂਦੀ ਹੈ। ਤਦ ਪਾਰਟੀ ਅਨੁਸ਼ਾਸਨ ਤਾਨਾਸ਼ਾਹੀ ਵਾਲਾ ਹੋ ਜਾਂਦਾ ਹੈ। ਸਿਆਸੀ ਸਥਿਰਤਾ ਲਈ ਦਲ ਬਦਲੀ 'ਤੇ ਰੋਕ ਵੀ ਜ਼ਰੂਰੀ ਹੈ, ਪਰ ਇਸ ਨੂੰ ਸਾਲਾਨਾ ਬਜਟ ਜਾਂ ਬੇਭਰੋਸਗੀ ਮਤੇ ਵਰਗੇ ਮਹੱਤਵਪੂਰਨ ਮੌਕਿਆਂ ਤੱਕ ਸੀਮਤ ਰੱਖਣਾ ਪਵੇਗਾ।

ਅਸਹਿਮਤ ਹੋਣ ਦਾ ਹੱਕ ਪ੍ਰਗਟਾਵੇ ਦੇ ਹੱਕ ਦਾ ਹਿੱਸਾ ਹੈ। ਇਸ ਕਾਨੂੰਨ ਨੇ ਰਾਸ਼ਟਰੀ ਵਿਚਾਰ ਆਧਾਰਿਤ ਜਮਹੂਰੀਅਤ ਦੀ ਥਾਂ ਪਾਰਟੀ ਤੇ ਮੈਂਬਰਾਂ ਦੀ ਗਿਣਤੀ ਦਾ ਲੋਕਤੰਤਰ ਬਣਾ ਦਿੱਤਾ ਹੈ। ਇਹ ਵੀ ਯਾਦ ਰਹੇ ਕਿ ਅਸਹਿਮਤੀ ਤੇ ਦਲ ਬਦਲੀ ਇਕ ਨਹੀਂ ਹਨ। ਅਸਹਿਮਤੀ ਮੌਲਿਕ ਅਧਿਕਾਰ ਹੈ ਤੇ ਦਲ ਬਦਲੀ ਅਨੈਤਿਕ। ਸੰਵਿਧਾਨ ਨੇ ਦਲ ਬਦਲੀ ਦੇ ਮਾਮਲਿਆਂ ਦੀ ਸੁਣਵਾਈ ਦਾ ਹੱਕ ਸਦਨਾਂ ਦੇ ਸਪੀਕਰਾਂ/ਚੇਅਰਮੈਨਾਂ ਨੂੰ ਦਿੱਤਾ ਹੈ।

ਉਨ੍ਹਾਂ 'ਤੇ ਦੋਸ਼ ਹੈ ਕਿ ਉਹ ਵਾਜਬ ਫ਼ਰਜ਼ ਦੀ ਪਾਲਣਾ ਨਹੀਂ ਕਰਦੇ। ਚੋਣ ਕਮਿਸ਼ਨ ਦਾ ਸੁਝਾਅ ਹੈ ਕਿ ਇਸ 'ਤੇ ਵਿਚਾਰ ਲਈ ਆਜ਼ਾਦ ਕਮਿਸ਼ਨ ਬਣਾਉਣਾ ਚਾਹੀਦਾ ਹੈ। ਸੁਝਾਅ ਇਹ ਵੀ ਹੈ ਕਿ ਰਾਸ਼ਟਰਪਤੀ ਤੇ ਰਾਜਪਾਲਾਂ ਨੂੰ ਹੀ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਕਰਨੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਨਿਰਪੱਖਤਾ ਲਈ ਨਿਆਪਾਲਿਕਾ ਦੇ ਸੇਵਾ ਮੁਕਤ ਜੱਜ ਦੀ ਪ੍ਰਧਾਨਗੀ 'ਚ ਆਜ਼ਾਦ ਟ੍ਰਿਬਿਊਨਲ ਦਾ ਗਠਨ ਕਰਨਾ ਚਾਹੀਦਾ ਹੈ। ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦਾ ਕਹਿਣਾ ਸੀ ਕਿ ਇਹ ਬੇਭਰੋਸਗੀ ਮਤੇ ਦੇ ਮਾਮਲੇ 'ਚ ਸਰਕਾਰਾਂ ਨੂੰ ਬਚਾਉਣ ਲਈ ਲਾਗੂ ਹੁੰਦਾ ਹੈ। ਭਾਰਤੀ ਸੰਵਿਧਾਨਕ ਵਿਵਸਥਾ 'ਚ ਵਿਧਾਨਪਾਲਿਕਾ ਮਹੱਤਵਪੂਰਨ ਹੈ। ਉਸ ਨੂੰ ਸੰਵਿਧਾਨਕ ਤੇ ਕਾਨੂੰਨੀ ਹੱਕ ਵੀ ਹਨ। ਇਸ ਲਈ ਦਸਵੀਂ ਅਨੁਸੂਚੀ ਦੇ ਵਿਚਾਰ 'ਚ ਸਪੀਕਰਾਂ/ਚੇਅਰਮੈਨਾਂ ਦੇ ਹੱਕਾਂ 'ਤੇ ਹਮਲਾ ਨਹੀਂ ਹੋਣਾ ਚਾਹੀਦਾ ਹੈ। ਦਸਵੀਂ ਅਨੁਸੂਚੀ 'ਚ ਵੀ ਸਪੀਕਰ/ਚੇਅਰਮੈਨ ਨੂੰ ਹੀ ਮਰਜ਼ੀ ਨਾਲ ਪਾਰਟੀ ਦਾ ਤਿਆਗ ਕਰਨ ਦਾ ਹੱਕ ਹੈ। ਇਹ ਪਾਰਟੀ ਤਿਆਗ ਸਕਦੇ ਹਨ, ਬਾਕੀ ਮੈਂਬਰ ਨਹੀਂ। ਜ਼ਰੂਰਤ ਇਸ ਦੀ ਹੈ ਕਿ ਸੰਵਿਧਾਨਕ ਸੰਸਥਾਵਾਂ ਆਪਣੇ ਸਾਰੇ ਫ਼ਰਜ਼ਾਂ ਦੀ ਪਾਲਣਾ ਕਰਨ। ਕਿਸੇ ਦੇ ਅਸਰ ਜਾਂ ਦਬਾਅ 'ਚ ਨਹੀਂ। ਫ਼ਰਜ਼ਾਂ ਦੀ ਪਾਲਣਾ 'ਚ ਢਿੱਲ ਕਾਰਨ ਹੀ ਵਿਧਾਨਕ ਸੰਸਥਾਵਾਂ ਦੇ ਪ੍ਰੀਜ਼ਾਈਡਿੰਗ ਅਫ਼ਸਰਾਂ 'ਤੇ ਟਿੱਪਣੀਆਂ ਹੋ ਰਹੀਆਂ ਹਨ ਤੇ ਰਾਜਪਾਲਾਂ 'ਤੇ ਵੀ। ਕੇਰਲ ਦੇ ਰਾਜਪਾਲ ਆਰਲੇਕਰ ਨੇ ਤਾਮਿਲਨਾਡੂ ਦੇ ਰਾਜਪਾਲ ਦੇ ਮਾਮਲੇ 'ਚ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਕਿਹਾ ਕਿ ਕੋਰਟ ਨੂੰ ਇਹ ਮਾਮਲਾ ਵੱਡੇ ਬੈਂਚ ਨੂੰ ਸੌਂਪਣਾ ਚਾਹੀਦਾ ਸੀ। ਰਾਸ਼ਟਰਪਤੀ ਸਰਬਉੱਚ ਸੰਵਿਧਾਨਕ ਸੰਸਥਾ ਹੈ। ਸੁਪਰੀਮ ਕੋਰਟ ਦੇਸ਼ ਦੇ ਸਰਬਉੱਚ ਆਸਨ ਨੂੰ ਟਿੱਪਣੀ ਦੇ ਘੇਰ 'ਚ ਨਾ ਲਿਆਉਂਦੀ ਤਾਂ ਚੰਗਾ ਹੁੰਦਾ।ਇਸ ਫ਼ੈਸਲੇ 'ਤੇ ਹੋਰ ਵੀ ਸਵਾਲ ਉੱਠੇ ਹਨ। ਵਾਜਬ ਇਹੀ ਹੈ ਕਿ ਸੰਸਥਾਵਾਂ ਆਪਣਾ ਫ਼ਰਜ਼ ਚੰਗੀ ਤਰ੍ਹਾਂ ਨਿਭਾਉਣ।

# ਸਾਈਬਰ ਅਪਰਾਧੀਆਂ ਦਾ ਫੈਲਦਾ ਜਾਲ



ਜੇ ਗੱਲ ਕੀਤੀ ਜਾਵੇ ਸਾਡੇ ਵਿਗਿਆਨ ਜਾਂ ਤਕਨਾਲੋਜੀ ਦੀ ਤਾਂ ਸਾਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਦੁਨੀਆ 'ਤੇ ਹੁਣ ਕੁਝ ਵੀ ਅਸੰਭਵ ਨਹੀਂ ਰਿਹਾ, ਹਰ ਸਵਾਲ ਦਾ ਉੱਤਰ ਸਮਾਂ ਪਾ ਕੇ ਲੱਭ ਲਿਆ ਜਾਂਦਾ ਹੈ। ਇਕ-ਦੂਜੇ ਤੋਂ ਵਿਕਾਸ ਵਿਚ ਮੋਢੀ ਹੋਣ ਦੀ ਹੋੜ ਨੇ ਦੁਨੀਆ ਨੂੰ ਅਜਿਹੇ ਮੋੜ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ, ਜਿੱਥੇ ਮਾਨਵ ਆਪਣਿਆਂ ਨਾਲ ਹੀ ਦੋ ਚਾਰ ਹੋ ਰਿਹਾ ਹੈ। ਜੇ ਗੱਲ ਕੀਤੀ ਜਾਵੇ ਯੁੱਧਾਂ ਦੀ ਤਾਂ ਪਹਿਲਾਂ ਤਾਂ ਯੁੱਧ ਮਨਾਂ ਵਿਚ ਲੜੇ ਜਾਂਦੇ ਹਨ। ਫਿਰ ਇਨ੍ਹਾਂ ਨੂੰ ਅਮਲੀ ਰੂਪ ਦੁਨੀਆ ਦੀਆਂ ਤਿੰਨ ਆਰਮੀ ਯੂਨਿਟਾਂ ਦੇ ਰੂਪ ਵਿਚ ਦਿੱਤਾ ਜਾਂਦਾ ਹੈ ਭਾਵ ਹਵਾਈ ਸੈਨਾ, ਜਲ ਸੈਨਾ ਅਤੇ ਥਲ ਸੈਨਾ ਪਰ ਇਨ੍ਹਾਂ ਤੋਂ ਦੁਨੀਆ ਨੂੰ ਜਿੱਤ ਨਾ ਸਕਣ ਵਾਲੇ ਦੇਸ਼ਾਂ ਨੇ ਇਕ ਨਵੀਂ ਯੂਨਿਟ ਤਿਆਰ ਕਰ ਲਈ ਹੈ, ਜਿਸ ਨੂੰ ਅਸੀਂ ਹੈਕਰਾਂ ਦੀ ਸੈਨਾ ਕਹਿ ਸਕਦੇ ਹਾਂ। ਹੈਕਰ ਪੂਰੀ ਦੁਨੀਆ ਵਿਚ ਇਕ ਸੈਨਾ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਹੇ ਹਨ ਜੇਕਿ ਛੋਟੀ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਖੋਰਾ ਲਾਉਣ ਦੀ ਤਾਕਤ ਰੱਖਦੇ ਹਨ। ਦੁਨੀਆ ਭਰ ਵਿਚ ਸਾਈਬਰ ਅਪਰਾਧ ਵਧ ਰਹੇ ਹਨ ਅਤੇ ਦੁਨੀਆ ਭਰ ਦੇ ਦੇਸ਼ ਸਾਈਬਰ ਤਾਕਤਾਂ ਨੂੰ ਮਜ਼ਬੂਤ ਕਰਨ ਲਈ ਹਰ ਹੀਲੇ ਵਸੀਲੇ ਅਪਣਾ ਰਹੇ ਹਨ। ਹੁਣ ਯੁੱਧ ਸਾਈਬਰ ਸਪੇਸ 'ਤੇ ਲੜੇ ਜਾ ਰਹੇ ਹਨ, ਜੋ ਕਿ ਆਮ ਲੋਕਾਂ ਦੀ ਜਾਣਕਾਰੀ ਤੋਂ ਪਰ੍ਹੇ ਹਨ। ਇੰਟਰਨੈਟ ਦੀ ਦੁਨੀਆ ਸਾਡੀ ਆਮ ਦੁਨੀਆ ਤੋਂ ਪਰੇ ਦੀ ਰਹੱਸਮਈ ਦੁਨੀਆ ਹੈ ਕਿਉਂਕਿ ਅਜੋਕੇ ਸਮੇਂ ਵਿਚ ਮਨੁੱਖ ਦਾ ਪੂਰੀ ਤਰ੍ਹਾਂ ਕੰਪਿਊਟਰੀਕਰਨ ਹੋ ਚੁੱਕਾ ਹੈ। ਇੰਟਰਨੈੱਟ ਦੀ ਵਰਤੋਂ ਨੇ ਹਰ ਇਨਸਾਨ ਦੀ ਅਸਲੀ ਜ਼ਿੰਦਗੀ ਨੂੰ ਆਪਣੇ-ਆਪ ਵਿਚ ਇਕ ਤਰ੍ਹਾਂ ਦਾ ਡਾਟਾ ਬਣਾ ਕੇ ਸਾਂਭ ਕੇ ਰੱਖ ਲਿਆ ਹੈ, ਜੋ ਕਿ ਕਦੀ ਵੀ ਕੋਈ ਤੀਜਾ ਬੰਦਾ ਤਕਨਾਲੋਜੀ ਦੀ ਗ਼ਲਤ ਵਰਤੋਂ ਕਰਕੇ ਚੋਰੀ ਕਰ ਸਕਦਾ ਹੈ ਅਤੇ ਹਰ ਇਨਸਾਨ ਦੇ ਜਾਂ ਦੇਸ਼ ਜਾਂ ਕੰਪਨੀ ਜਾਂ ਸੰਸਥਾ ਦੇ ਚਰਿੱਤਰ ਦੀ ਜਾਣਕਾਰੀ ਲੈ ਸਕਦਾ ਹੈ। ਕੁਝ ਸਮਾਂ ਪਹਿਲਾਂ ਸਾਈਬਰ ਸਕਿਊਰਿਟੀ ਨੂੰ ਲੈ ਕੇ ਕੋਈ ਵੀ ਜ਼ਿਆਦਾ ਸੰਵੇਦਨਸ਼ੀਲਤਾ ਜਾਂ ਚੌਕਸ ਨਹੀਂ ਸੀ। ਪਰ ਸਮੇਂ ਨਾਲ ਸਾਈਬਰ ਕਰਾਈਮ ਵਧ ਰਹੇ ਹਨ, ਜਿਸ ਕਾਰਨ ਦੇਸ਼ਾਂ ਦੀ ਸਾਈਬਰ ਸੁਰੱਖਿਆ ਨੂੰ ਲੈ ਕੇ ਕਾਫੀ ਚਿੰਤਾਵਾਂ ਵਧ ਰਹੀਆਂ ਹਨ। ਜੇਕਰ ਸੂਤਰਾਂ ਦੇ ਹਵਾਲੇ ਦੀ ਗੱਲ ਕਰੀਏ ਤਾਂ ਨੱਬੇ ਦੇ ਦਹਾਕੇ ਵਿਚ ਹੈਕਰਾਂ ਦੇ ਦੌਰ ਦੀ ਸ਼ੁਰੂਆਤ ਹੋਈ ਰੂਸ ਵਿਚ, ਉਸ ਸਮੇਂ ਵਿਚ ਕਾਫੀ ਉੱਚ ਸਿੱਖਿਅਤ ਨੌਜਵਾਨਾਂ ਨੇ ਇੰਟਰਨੈੱਟ ਰਾਹੀਂ ਅਜਿਹੇ ਜਾਲ ਬਣਾਉਣੇ ਸ਼ੁਰੂ ਕੀਤੇ, ਜਿਸ ਨਾਲ ਉਹ ਵੱਡੀਆਂ ਕੰਪਨੀਆਂ ਜਾਂ ਦੇਸ਼ਾਂ ਦਾ ਡਾਟਾ ਮਿਟਾ ਦਿੰਦੇ ਸਨ ਜਾਂ ਚੋਰੀ ਕਰਕੇ ਪੈਸੇ ਕਮਾਉਂਦੇ ਸਨ। ਜੇਕਰ ਹੈਕਿੰਗ ਦੀ ਸਲਤਨਤ ਦੀ ਗੱਲ ਕੀਤੀ ਜਾਵੇ ਤਾਂ ਇਸ ਵਿਚ ਜ਼ਿਆਦਾਤਰ ਬੇਰੁਜ਼ਗਾਰ ਹੁਨਰਮੰਦ ਨੌਜਵਾਨ ਆਪਣੀ ਕਿਸਮਤ ਅਜਮਾਉਂਦੇ ਹਨ ਅਤੇ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਦੀਆਂ ਸਾਈਟਾਂ ਹੈਕ ਕਰਕੇ ਪੈਸਾ ਵੱਟਦੇ ਹਨ। ਸਾਰੀ ਦੁਨੀਆ ਵਿਚ ਫ ?ਰੀਲਾਂਸ ਹੈਕਰ ਮੌਜੂਦ ਹਨ ਕਈ ਦੇਸ਼ਾਂ ਦੀਆਂ ਸਰਕਾਰਾਂ ਇਨ੍ਹਾਂ ਦੀ ਮਦਦ

**ਭੁਪਿੰਦਰਵੀਰ ਸਿੰਘ**

ਦੂਜੇ ਮੁਲਕਾਂ ਦੀਆਂ ਸਾਈਟਾਂ ਹੈਕ ਕਰਕੇ ਉਨ੍ਹਾਂ ਦਾ ਡਾਟਾ ਚੋਰੀ ਕਰਨ ਅਤੇ ਹੋਰ ਵਿੱਤੀ ਨੁਕਸਾਨ ਲਈ ਕਰਨ ਲਈ ਲੈਂਦੀਆਂ ਹਨ। ਪਰ ਸਰਕਾਰੀ ਤੌਰ 'ਤੇ ਕੋਈ ਵੀ ਦੇਸ਼ ਇਹ ਮੰਨਣ ਲਈ ਤਿਆਰ ਨਹੀਂ ਕਿ ਸਾਡੇ ਵਲੋਂ ਕੋਈ ਸਰਕਾਰੀ ਹੈਕਰਜ਼ ਦੀ ਆਰਮੀ ਤਿਆਰ ਕੀਤੀ ਜਾ ਰਹੀ ਹੈ। ਜੇ ਰੂਸ ਦੀ ਗੱਲ ਕਰੀਏ ਤਾਂ ਰੂਸ ਹੈਕਰਾਂ ਦਾ ਗੜ੍ਹ ਮੰਨਿਆ ਜਾਂਦਾ ਹੈ ਰੂਸ ਦੇ ਹੈਕਰਾਂ ਉੱਪਰ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀਆਂ ਸਾਈਟਾਂ 'ਤੇ ਹੋਰ ਸਾਈਬਰ ਦਖਲਅੰਦਾਜ਼ੀਆਂ ਕਰਨ ਦੇ ਦੋਸ਼ ਅਕਸਰ ਲੱਗਦੇ ਰਹਿੰਦੇ ਹਨ। ਸਾਲ 2007 ਵਿਚ ਰੂਸ ਦੇ ਹੈਕਰਾਂ ਨੇ ਐਸਟੋਨੀਆਂ 'ਤੇ ਸਾਈਬਰ ਹਮਲਾ ਕੀਤਾ ਅਤੇ ਕੁਝ ਸਮੇਂ ਬਾਅਦ ਗੁਆਂਢੀ ਦੇਸ਼ ਜਾਰਜ਼ੀਆ 'ਤੇ ਵੀ ਸਾਈਬਰ ਅਟੈਕ ਕੀਤਾ ਸੀ। ਜੋ ਵੀ ਹੈਕਿੰਗ ਦੀ ਦੁਨੀਆ ਦੇ ਬਾਦਸ਼ਾਹ ਬਣ ਬੈਠੇ ਹਨ ਉਹ ਭਾਵੇਂ ਫਰੀਲਾਂਸ ਹੈਕਰ ਹਨ ਜਾਂ ਫਿਰ ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਦੇ ਸਭ ਆਪਣੇ ਆਪ ਵਿਚ ਹੀਰੋ ਵਾਲਾ ਮਾਣ ਮਹਿਸੂਸ ਕਰਦੇ ਹਨ। ਇਸ ਦੀ ਗਵਾਹੀ ਰੂਸ ਵਿਚ ਛਪਦੀ ਹੈਕਰਸ ਨਾਂਅ ਦੀ ਇਕ ਪੱਤ੍ਰਿਕਾ ਦਿੰਦੀ ਸੀ, ਜਿਸ ਵਿਚ ਹੈਕਰਜ਼ ਆਪਣੇ ਕਿੱਸੇ ਸੁਣਾਉਂਦੇ ਸਨ।

ਜੇ ਈਰਾਨ ਦੀ ਗੱਲ ਕੀਤੀ ਜਾਵੇ ਤਾਂ ਇਸ ਨੂੰ ਵੀ ਹੈਕਿੰਗ ਦਾ ਰਾਜਾ ਕਿਹਾ ਜਾਂਦਾ ਹੈ। ਇੱਥੋਂ ਦੇ ਲੋਕ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਚੁਣ ਕੇ ਸਾਈਬਰ ਸਿੱਖਿਆ ਲਈ ਤਿਆਰ ਕਰਦੇ ਹਨ। ਸਾਈਬਰ ਸਪੇਸ ਵਿਚ ਅਮਰੀਕਾ, ਭਾਰਤ, ਈਰਾਨ, ਚੀਨ, ਰੂਸ, ਉੱਤਰੀ ਕੋਰੀਆ ਅਤੇ ਹੋਰ ਦੇਸ਼ਾਂ ਵਿਚ ਕਾਫੀ ਸਾਈਬਰ ਕਰਾਈਮ ਅਤੇ ਸਾਈਬਰ ਹੈਕਿੰਗ ਜਿਹੇ ਯੁੱਧ ਚਲਦੇ ਰਹਿੰਦੇ ਹਨ। ਸਮਾਰਟਫੋਨ ਤੇ ਇੰਟਰਨੈੱਟ ਨੇ ਦੁਨੀਆ ਨੂੰ ਸਾਡੀ ਮੁੱਠੀ ਵਿਚ ਤਾਂ ਕਰ ਦਿੱਤਾ ਹੈ ਪਰ ਇਹ ਕਿੰਨਾ ਖ਼ਤਰਨਾਕ ਸਾਬਤ ਹੋ ਰਿਹਾ ਹੈ ਇਹ ਅਸੀਂ ਸੋਚ ਵੀ ਨਹੀਂ ਸਕਦੇ। ਅਜੋਕੇ ਸਮੇਂ ਵਿਚ ਦੁਨੀਆ ਭਰ ਦੇ ਹੈਕਰਾਂ ਵਲੋਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ, ਵੱਡੇ ਰਾਜਸੀ ਨੇਤਾਵਾਂ, ਐਕਟਰਾਂ, ਅਤੇ ਹੋਰ ਅਮੀਰਾਂ ਦੇ ਟਵਿੱਟਰ ਅਕਾਊਂਟ, ਫੇਸਬੁੱਕ ਅਕਾਊਂਟ ਅਤੇ ਹੋਰ ਈਮੇਲਜ਼ ਨੂੰ ਹੈਕ ਕਰਕੇ ਪੈਸਿਆਂ ਦੀ ਮੰਗ ਅਕਸਰ ਕੀਤੀ ਜਾਂਦੀ ਹੈ ਜਾਂ ਉਨ੍ਹਾਂ ਦਾ ਗ਼ਲਤ ਇਸਤੇਮਾਲ ਕੀਤਾ ਜਾਂਦਾ ਹੈ। ਆਨਲਾਈਨ ਧੋਖੇਬਾਜ਼ੀਆਂ ਜਾਂ ਜਾਲਸਾਜ਼ੀਆਂ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਹਨ। ਹੁਣ ਸਭ ਕੰਮ ਆਨਲਾਈਨ ਹੋ ਰਹੇ ਹਨ ਤਾਂ ਧੋਖੇ ਵੀ ਸਾਨੂੰ ਆਨਲਾਈਨ ਹੀ ਦਿੱਤੇ ਜਾ ਰਹੇ ਹਨ। ਸਾਡਾ ਇੰਟਰਨੈੱਟ ਜਾਂ ਸਮਾਰਟਫੋਨ ਹੈਕਰਜ਼ ਨੂੰ ਇਹ ਦੱਸ ਦਿੰਦਾ ਹੈ ਕਿ ਸਾਡਾ ਸ਼ਡਿਊਲ ਕੀ ਹੈ, ਸਾਡੀ ਪਸੰਦ ਅਤੇ ਨਾ ਪਸੰਦ ਕੀ ਹੈ ਅਸੀ ਆਰਥਿਕ ਤੌਰ 'ਤੇ ਕਿੰਨੇ ਕੁ ਮਜ਼ਬੂਤ ਹਾਂ, ਚੌਵੀ ਘੰਟਿਆਂ ਵਿਚ ਅਸੀਂ ਕੀ ਕਰਦੇ ਹਾਂ, ਕਿੱਥੇ ਜਾਂਦੇ ਹਾਂ, ਇੰਟਰਨੈੱਟ ਦੇ ਜ਼ਰੀਏ ਇਹ ਸਭ ਦਰਜ ਕੀਤਾ ਜਾ ਰਿਹਾ ਹੈ ਅਤੇ ਉੱਚ ਸਿੱਖਿਅਤ ਹੈਕਰਜ਼ ਇਸ ਨੂੰ ਬਹੁਤ ਹੀ ਆਸਾਨੀ ਨਾਲ ਘਾਤ ਲਗਾ ਕੇ ਆਪਣੇ ਕਬਜ਼ੇ ਵਿਚ ਕਰ ਲੈਂਦੇ ਹਨ। ਪਲਕ ਛਪਕਦਿਆਂ ਹੀ ਆਨਲਾਈਨ ਧੋਖਾ ਹੋ ਜਾਂਦਾ ਹੈ ਪਰ ਸਾਨੂੰ ਪਤਾ ਨਹੀਂ ਲਗਦਾ। ਸਾਡੇ ਪਾਸਵਰਡ ਯੂਜ਼ਰ ਨਾਂਅ ਅਤੇ ਹੋਰ ਡਾਟਾ ਚੋਰੀ ਕਰਨਾ ਬਹੁਤ ਹੀ ਆਸਾਨ ਹੋ ਗਿਆ ਹੈ। ਕੁਝ ਸੰਸਥਾਵਾਂ ਫ ?ਰੀਲਾਂਸ ਹੈਕਰਾਂ ਨੂੰ ਹਾਇਰ ਕਰਕੇ ਆਨਲਾਈਨ ਧੋਖੇ ਕਰਵਾਉਂਦੀਆਂ ਹਨ। ਸਾਡੇ ਵਲੋਂ ਜੋ ਵੀ ਡਾਟਾ ਆਪਣੇ ਸਮਾਰਟਫੋਨ ਵਿਚ ਦਰਜ ਕੀਤਾ ਜਾਂਦਾ ਹੈ ਭਾਵ ਅਸੀਂ ਕਿੱਥੇ ਜਾ ਰਹੇ ਹਾਂ, ਕਿਹੜਾ ਮੋਬਾਈਲ ਜਾਂ ਸਿਮ ਵਰਤ ਰਹੇ ਹਾਂ ਜਾ ਕਿਸ ਜ਼ਰੀਏ ਖਰੀਦ ਕਰ ਰਹੇ ਹਾਂ, ਕਿਹੜੀਆਂ ਸਾਈਟਾਂ 'ਤੇ ਅਸੀਂ ਵਿਜ਼ਿਟ ਕਰ ਰਹੇ ਹਾਂ। ਕਿਹੜੇ ਸਾਡੇ ਦੋਸਤ-ਮਿੱਤਰ ਹਨ, ਇਹ ਸਭ ਹੈਕਰਜ਼ ਨੂੰ ਅਸੀਂ ਹੀ ਦੱਸ ਰਹੇ ਹਾਂ ਰੋਜ਼ਾਨਾ ਆਪਣੇ ਫੇਸਬੁੱਕ ਜਾ ਟਵਿੱਟਰ ਅਕਾਊਂਟਜ਼ ਜਾਂ ਹੋਰ ਸੋਸ਼ਲ ਸਾਈਟਜ਼ ਦੀ ਵਰਤੋਂ ਕਰਕੇ। ਇੰਟਰਨੈੱਟ ਸੁੱਖਾਂ ਨਾਲ ਭਰਪੂਰ ਤਾਂ ਹੈ ਪਰ ਹੈਕਰਜ਼ ਲਈ ਇਹ ਸਭ ਤੋਂ ਵਧੀਆ ਤੇ ਆਸਾਨ ਤਰੀਕਾ ਹੁੰਦਾ ਹੈ ਕਿਸੇ ਵੀ ਦੇਸ਼, ਵਿਅਕਤੀ, ਜਾਂ ਸੰਸਥਾ ਦੀ ਨਿੱਜੀ ਜਾਣਕਾਰੀ ਪ੍ਰਾਪਤ ਕਰਨ ਉਸ ਵਿਚ ਦਖਲਅੰਦਾਜ਼ੀ ਕਰਨ ਜਾਂ ਡਾਟਾ ਚੋਰੀ ਕਰਨ ਲਈ। ਹਰ ਮਿੰਟ ਲੱਖਾਂ ਕਰੋੜਾਂ ਸਾਈਬਰ ਅਟੈਕ ਹੋ ਰਹੇ ਹਨ, ਜਿਸ ਦਾ ਸਾਨੂੰ ਪਤਾ ਵੀ ਲੱਗਦਾ। ਕਿਉਂਕਿ ਆਨਲਾਈਨ ਅਪਰਾਧਾਂ ਦੇ ਮਾਮਲੇ ਵਧਣ ਨਾਲ ਪੁਲਿਸ ਹਰਕਤ ਵਿਚ ਤਾਂ ਆਈ ਹੈ ਪਰ ਪੁਲਿਸ ਕੋਲ ਤਕਨਾਲੋਜੀ ਦੀ ਕਮੀ ਹੋਣ ਕਾਰਨ ਇਨ੍ਹਾਂ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ। ਆਫ਼ ਲਾਈਨ ਅਪਰਾਧ ਜਲਦੀ ਪਕੜ ਵਿਚ ਆ ਜਾਂਦਾ ਪਰ ਆਨਲਾਈਨ ਅਪਰਾਧ ਹਜ਼ਾਰਾਂ ਕਿਲੋਮੀਟਰ ਦੂਰੋਂ ਕੀਤੇ ਜਾਂਦੇ ਹਨ। ਜੇ ਇਸ ਦਾ ਪਤਾ ਵੀ ਲੱਗ ਜਾਵੇ ਤਾਂ ਚੋਰੀ ਹੋਏ ਪੈਸੇ ਤੋਂ ਜ਼ਿਆਦਾ ਪੈਸਾ ਉਸ ਨੂੰ ਰਿਕਵਰ ਕਰਨ ਵਿਚ ਲੱਗ ਜਾਂਦਾ ਹੈ ਇਸ ਲਈ ਲੋਕ ਇਸ ਨੂੰ ਸਹਿਣ ਵਿਚ ਹੀ ਸਬਰ ਰੱਖਦੇ ਹਨ। ਗੱਲ ਵਿਚਾਰਨਯੋਗ ਹੈ ਕਿ ਆਨਲਾਈਨ ਧੋਖਿਆਂ ਵਿਚ ਕਰੋੜਾਂ ਰੁਪਿਆਂ ਦਾ ਚੂਨਾ ਰੋਜ਼ਾਨਾ ਲੱਗ ਰਿਹਾ ਹੈ ਪਰ ਇਹ ਕਰੋੜਾ ਅਰਬਾਂ ਕਿਹੜੇ ਖਾਤਿਆਂ ਵਿਚ ਜਾਂ ਕਿਹੜੇ ਲੋਕਾਂ ਕੋਲ ਜਾ ਰਿਹਾ ਹੈ ਇਸ ਦਾ ਕੋਈ ਵੀ ਉੱਤਰ ਨਹੀਂ ਹੈ। ਕਿਉਂਕਿ ਵੱਡੀਆਂ ਕੰਪਨੀਆਂ ਜਾਂ ਏਜੰਸੀਆਂ ਨੂੰ ਸਮੁੰਦਰੋਂ ਪਾਰ ਕੋਈ ਇਕੋ ਬੰਦਾ ਇਕ ਕੁਰਸੀ ਅਤੇ ਟੇਬਲ 'ਤੇ ਬੈਠ ਕੇ ਕਰੋੜਾਂ ਦੀ ਠੱਗੀ ਲਗਾ ਜਾਂਦਾ ਹੈ, ਪਰ ਉਸ ਨੂੰ ਪਕੜ ਵਿਚ ਲਿਆਉਣ ਦੀ ਸਮਰੱਥਾ ਪੁਲਿਸ ਨਹੀਂ ਰੱਖਦੀ, ਕਿਉਂਕਿ ਅਜਿਹੇ ਅਪਰਾਧੀ ਇਕ ਥਾਂ ਤੋਂ ਦੂਜੀ ਥਾਂ ਪਲਾਇਨ ਕਰਦੇ ਰਹਿੰਦੇ ਹਨ ਅਤੇ ਸੁਰੱਖਿਅਤ ਰਹਿੰਦੇ ਹਨ। ਜੇਕਰ ਇਕ ਬੈਂਕ ਨੂੰ ਲੁੱਟਣਾ ਹੈ ਤਾਂ ਕਈ ਵਿਅਕਤੀ ਹਥਿਆਰਾਂ ਸਮੇਤ ਚਾਹੀਦੇ ਹਨ ਅਤੇ ਜਾਨ ਜਾਣ ਦਾ ਖ਼ਤਰਾ ਵੀ ਬਰਾਬਰ ਹੁੰਦਾ ਹੈ ਪਰ ਆਨਲਾਈਨ ਠੱਗੀ ਵਿਚ ਇਕੋ ਵਿਅਕਤੀ ਬਿਨਾਂ ਹਥਿਆਰ ਦੇ ਕਰੋੜਾਂ ਹੜੱਪ ਲੈਂਦਾ ਹੈ, ਇਹੋ ਕਾਰਨ ਹੈ ਕਿ ਬੇਰੁਜ਼ਗਾਰ ਇੰਜੀਨੀਅਰ ਜਾਂ ਹੋਰ ਕੰਪਿਊਟਰ ਸਿੱਖਿਅਤ ਹੈਕਿੰਗ ਦੀ ਦੁਨੀਆ ਦਾ ਹਿੱਸਾ ਬਣ ਰਹੇ ਹਨ। ਸਾਈਬਰ ਗਰਾਫ 'ਤੇ ਜਿਵੇਂ ਜ਼ਿਆਦਾ ਮੋਬਾਈਲ ਹੋ ਰਹੇ ਹਨ ਇੰਟਰਨੈੱਟ ਫ ?ਰੀ ਵਾਂਗ ਵੰਡਿਆ ਜਾ ਰਿਹਾ ਹੈ ਓਨਾ ਹੀ ਸਾਈਬਰ ਅਪਰਾਧ ਵੀ ਵਧ ਰਿਹਾ ਹੈ। ਸਮਾਰਟਫੋਨ 'ਤੇ ਜ਼ਿਆਦਾ ਸਮਾਂ ਖਰਚ ਕਰਨ ਵਾਲੇ ਉਹ ਲੋਕ ਵੀ ਹੁਣ ਹੈਕਰਾਂ ਦਾ ਸ਼ਿਕਾਰ ਹੋ ਰਹੇ ਹਨ, ਜੋ ਕਿ ਕਦੀ ਇਸ ਬਾਰੇ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ। ਡਿਜੀਟਲ ਦੁਨੀਆ ਵਿਚ 60 ਪ੍ਰਤੀਸ਼ਤ ਸ਼ਿਕਾਰ ਲੋਕਲ ਲੋਕ ਹੁੰਦੇ ਹਨ, ਕਿਉਂਕਿ ਸਾਨੂੰ ਤਕਨਾਲੋਜੀ ਦੀ ਜ਼ਿਆਦਾ ਜਾਣਕਾਰੀ ਨਹੀਂ ਹੁੰਦੀ। ਹੈਕਰਜ਼ ਆਪਣੇ ਸ਼ਿਕਾਰ ਨੂੰ ਲਾਟਰੀ, ਸੈਕਸ, ਜਾਅਲੀ ਈਮੇਲ ਜਾਂ ਮੈਸਜ਼ ਜਾਂ ਹੋਰ ਸੁਨੇਹਿਆਂ ਨਾਲ ਲਲਚਾ ਕੇ ਕਾਬੂ ਕਰ ਲੈਂਦੇ ਹਨ ਅਤੇ ਲੁੱਟ ਦਾ ਸ਼ਿਕਾਰ ਬਣਾ ਲੈਂਦੇ ਹਨ। ਗੱਲ, ਖ਼ਤਮ ਕਰਾਂਗੇ ਕਿ ਜੇਕਰ ਅਸੀਂ ਇੰਟਰਨੈੱਟ ਦੀ ਵਰਤੋਂ ਕਰ ਰਹੇ ਹਾਂ ਤਾਂ ਸੋਚ ਸਮਝ ਕੇ ਕਰੋ ਸਾਡੀ ਗ਼ਲਤੀ ਹੀ ਹੈਕਰਜ਼ ਨੂੰ ਸਾਡੀ ਲੁੱਟ ਕਰਨ ਦਾ ਸੱਦਾ ਦਿੰਦੀ ਹੈ। ਸਭ ਨੂੰ ਆਨਲਾਈਨ ਕੰਮ ਦੀ ਜਾਣਕਾਰੀ ਲੈ ਕੇ ਹੀ ਉਸ ਨੂੰ ਸ਼ੁਰੂ ਕਰਨਾ ਚਾਹੀਦਾ ਹੈ, ਤਾਂ ਜੋ ਅਪਰਾਧਾਂ ਤੋਂ ਬਚਿਆ ਜਾ ਸਕੇ।



# ਔਰਤਾਂ ਦੇ ਸੰਵੇਦਨਸ਼ੀਲ ਮਾਮਲੇ ਅਤੇ ਨਿਆਂਪਾਲਿਕਾ



ਯੂਐਨ ਕਮਿਸ਼ਨ ਦੇ ਐਲਾਨਨਾਮੇ 1993 ਦੇ ਆਰਟੀਕਲ (1) ਵਿੱਚ ਔਰਤ ਉੱਪਰ ਕਿਸੇ ਵੀ ਪ੍ਰਕਾਰ ਦੀ ਹਿੰਸਾ ਨੂੰ ਔਰਤ ਦੇ ਮੁੱਢਲੇ ਅਧਿਕਾਰਾਂ ਦੀ ਉਲੰਘਣਾ ਬਰਾਬਰ ਮੰਨਿਆ ਗਿਆ ਹੈ। ਨੈਸ਼ਨਲ ਕ੍ਰਾਈਮ ਬਰਾਂਚ ਦੀ ਰਿਪੋਰਟ (2022-23) ਅਨੁਸਾਰ, ਭਾਰਤ ਵਿੱਚ ਰੋਜ਼ਾਨਾ 86 ਦੇ ਕਰੀਬ ਔਰਤਾਂ ਵਿਰੁੱਧ ਹਿੰਸਕ ਵਾਰਦਾਤਾਂ ਹੁੰਦੀਆਂ ਹਨ। ਔਸਤਨ 51 ਤੋਂ ਵਧੇਰੇ ਐੱਫਆਈਆਰ ਦਰਜ ਹੁੰਦੀਆਂ ਹਨ। 2023 ਦੇ ਮੁਕਾਬਲੇ 2024 ਵਿੱਚ ਔਰਤਾਂ ਨਾਲ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਿੱਚ 4% ਦਾ ਵਾਧਾ ਦਰਜ ਹੋਇਆ ਹੈ। ਬਲਾਤਕਾਰ/ਜਿਨਸੀ ਸ਼ੋਸ਼ਣ/ਔਰਤਾਂ ਵਿਰੁੱਧ ਹਿੰਸਕ ਘਟਨਾਵਾਂ ਵਿੱਚੋਂ ਚੌਥੇ ਨੰਬਰ 'ਤੇ ਸਭ ਤੋਂ ਵੱਧ ਹੋਣ ਵਾਲਾ ਅਪਰਾਧ ਹੈ ਜਿਹੜਾ ਆਮ ਤੌਰ 'ਤੇ ਪੀੜਤ ਦੇ ਜਾਣਕਾਰ, ਦੂਰ ਨੇੜੇ ਦੀ ਰਿਸ਼ਤੇਦਾਰੀ ਵਿੱਚੋਂ ਕਿਸੇ ਮਰਦ ਜਾਂ ਪਤੀ/ਭਰਾ ਦੇ ਦੋਸਤ ਵੱਲੋਂ ਕੀਤਾ ਜਾਂਦਾ ਹੈ। ਇਸ ਅਪਰਾਧ ਨਾਲ ਜੁੜੀਆਂ ਸਮਾਜਿਕ ਬੰਦਿਸ਼ਾਂ, ਭਾਈਚਾਰਕ ਅਤੇ ਪਰਿਵਾਰਕ ਨਮੋਸ਼ੀ ਦੀਆਂ ਸੰਭਾਵਨਾਵਾਂ ਪੀੜਤ ਔਰਤ ਨੂੰ ਆਪਣੇ ਨਾਲ ਹੋਈ ਭਿਆਨਕ ਵਾਰਦਾਤ ਬਾਰੇ ਖੁੱਲ੍ਹ ਕੇ ਦੱਸਣ ਜਾਂ ਰਿਪੋਰਟ ਕਰਨ ਤੋਂ ਵਰਜਦੀਆਂ ਹਨ। ਨਤੀਜੇ ਵਜੋਂ ਇਸ ਸਰੀਰਕ ਅਤੇ ਮਾਨਸਿਕ ਪੀੜ ਨੂੰ ਆਪਣੇ ਜ਼ਿਹਨ ਅੰਦਰ ਸਮੋਈ ਉਹ ਉਮਰ ਭਰ ਲਈ ਮਨੋਵਿਗਿਆਨਕ ਤੌਰ 'ਤੇ ਰੋਗੀ ਹੋ ਜਾਂਦੀ ਹੈ।

ਜਿਨਸੀ ਸ਼ੋਸ਼ਣ ਜਾਂ ਬਲਾਤਕਾਰ ਮਨੁੱਖਤਾ ਵਿਰੁੱਧ ਅਪਰਾਧ ਹੈ ਜਿਹੜਾ ਸਾਡੇ ਮਰਦ-ਔਰਤ ਨਾ-ਬਰਾਬਰੀ ਵਾਲੇ ਸਮਾਜ ਦੀ ਪਿਤਰੀ ਸੋਚ ਵਿੱਚੋਂ ਉਪਜਦਾ ਹੈ। ਆਮ ਤੌਰ 'ਤੇ ਅਜਿਹੇ ਕੇਸ ਰਿਪੋਰਟ ਹੀ ਨਹੀਂ ਹੁੰਦੇ। ਜੇ ਕੋਈ ਔਰਤ ਹੌਸਲਾ ਕਰ ਕੇ ਥਾਣੇ ਰਿਪੋਰਟ ਦਰਜ ਕਰਵਾਉਣ ਜਾਂਦੀ ਹੈ ਤਾਂ ਉਸ ਨੂੰ ਅਨੇਕ ਬੇਹੂਦਾ ਸਵਾਲਾਂ ਅਤੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ; ਖਾਸ ਕਰ ਕੇ ਜਦੋਂ ਔਰਤ ਦਾ ਸਬੰਧ ਕਿਸੇ ਗਰੀਬ ਤਬਕੇ, ਅਨੁਸੂਚਿਤ ਜਾਤੀ, ਜਨਜਾਤੀ ਜਾਂ ਘੱਟਗਿਣਤੀ ਭਾਈਚਾਰੇ ਨਾਲ ਹੋਵੇ। ਭਾਰਤੀ ਜਮਹੂਰੀਅਤ ਦੇ ਚਾਰ ਮੁੱਢਲੇ ਥੰਮ੍ਹ ਹਨ-ਪਾਰਲੀਮੈਂਟ, ਸੁਚੱਜਾ ਪ੍ਰਸ਼ਾਸਨ, ਨਿਆਂਪਾਲਿਕਾ ਅਤੇ ਮੀਡੀਆ। ਪਰ ਔਰਤਾਂ ਨਾਲ ਹਿੰਸਕ ਵਾਰਦਾਤਾਂ ਅਤੇ ਸੁਣਵਾਈ ਉਪਰੰਤ ਕੀਤੇ ਜਾਂਦੇ ਬੇਤੁਕੇ ਫੈਸਲਿਆਂ ਨੇ ਨਿਆਂਪਾਲਿਕਾ ਅਤੇ ਨਿਆਂਪ੍ਰਣਾਲੀ ਵਿੱਚ ਵਿਸ਼ਵਾਸ ਉੱਪਰ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਕਿਸੇ ਵੀ ਅਪਰਾਧ ਵਿਰੁੱਧ ਕੀਤੇ ਫੈਸਲੇ ਅਤੇ ਨਿਆਂ ਦੇਣ ਵਿੱਚ ਦੇਰੀ ਨੂੰ ਪੀੜਤ ਨੂੰ ਨਿਆਂ ਦੇਣ ਤੋਂ ਵਾਂਝੇ ਰੱਖਣ ਬਰਾਬਰ ਹੀ ਮੰਨਿਆ ਜਾਂਦਾ ਹੈ। ਅੱਜ ਦੀ ਔਰਤ ਭਾਵੇਂ ਕੰਮਕਾਜ ਵਿੱਚ ਮਰਦ ਦੇ ਬਰਾਬਰ ਸ਼ਿਰਕਤ ਕਰਨ ਲੱਗੀ ਹੈ, ਸਮਾਜ ਦੇ ਹਰ ਖੇਤਰ ਵਿੱਚ ਉਸ ਦੀ ਖਾਸ ਭੂਮਿਕਾ ਹੈ ਪਰ ਸਮਾਜ ਵਿੱਚ ਉਸ ਨੂੰ ਮਰਦ ਦੇ ਬਰਾਬਰ ਨਹੀਂ ਸਮਝਿਆ ਗਿਆ। ਨੌਕਰੀ ਪੇਸ਼ਾ ਔਰਤ ਨੂੰ ਕਦੀ ਵੀ ਰੋਜ਼ੀ-ਰੋਟੀ ਕਮਾਉਣ ਵਾਲੀ ਦਾ ਦਰਜਾ ਨਹੀਂ ਦਿੱਤਾ ਜਾਂਦਾ। ਇਸ ਦੇ ਉਲਟ, ਜ਼ਿੰਦਗੀ ਦੇ ਹਰ ਪਹਿਲੂ ਅਤੇ ਹਰ ਘੜੀ ਔਰਤ ਨੂੰ ਅਸੁਰੱਖਿਅਤ ਮਾਹੌਲ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਿਛਲੇ ਸਾਢੇ ਤਿੰਨ ਸਾਲਾਂ ਤੋਂ (10 ਨਵੰਬਰ 2021 ਤੋਂ) ਬਲਾਤਕਾਰ ਨਾਲ ਸਬੰਧਿਤ ਤਿੰਨ ਅਪਰਾਧੀਆਂ ਵਿਰੁੱਧ ਅਲਾਹਾਬਾਦ ਹਾਈ ਕੋਰਟ ਵਿੱਚ ਕੇਸ ਚੱਲ ਰਿਹਾ ਸੀ। 17 ਮਾਰਚ 2025 ਨੂੰ ਫੈਸਲਾ ਦਿੱਤਾ ਗਿਆ ਕਿ ਛਾਤੀਆਂ ਨੂੰ ਛੂਹਣਾ ਅਤੇ ਨਿਰਵਸਤਰ ਕਰਨ ਦੀ ਕੋਸ਼ਿਸ਼ ਕਰਨਾ ਬਲਾਤਕਾਰ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ। ਦਲੀਲ ਇਹ ਦਿੱਤੀ ਕਿ ਬਲਾਤਕਾਰ ਦੀ ਤਿਆਰੀ ਕਰਨਾ ਅਤੇ ਬਲਾਤਕਾਰ ਕਰਨ ਵਿੱਚ ਅੰਤਰ ਹੈ ਤੇ ਇਨ੍ਹਾਂ ਦੀ ਸਜ਼ਾ ਵੀ ਵੱਖ-ਵੱਖ ਹੁੰਦੀ ਹੈ, ਇਸ ਲਈ ਤਿੰਨਾਂ ਦੋਸ਼ੀਆਂ ਨੂੰ ਔਰਤ ਦੇ ਜਿਨਸੀ ਸ਼ੋਸ਼ਣ ਵਿਰੁੱਧ ਐਕਟ-2013 ਅਨੁਸਾਰ, ਬਲਾਤਕਾਰ ਕਰਨ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਵੀ ਕਿਹਾ ਗਿਆ ਕਿ ਇਸ (ਘਿਨਾਉਣੀ) ਕਾਰਵਾਈ ਲਈ ਤਿਆਰੀ ਕਰ ਲੈਣਾ ਇੰਨਾ ਵੱਡਾ ਜੁਰਮ ਨਹੀਂ। ਹਾਈ ਕੋਰਟ ਦੇ ਇਸ ਫੈਸਲੇ ਦਾ ਵਿਸ਼ਾਲ ਪੱਧਰ 'ਤੇ ਵਿਰੋਧ ਹੋਇਆ ਅਤੇ ਨਿਆਂਇਕ ਕਾਬਲੀਅਤ ਤੇ ਪੁਲੀਸ ਦੀ ਪੁਖ਼ਤਾ ਜਾਂਚ ਬਾਰੇ ਬਹਿਸ ਭਖ ਗਈ। ਨਤੀਜੇ ਵਜੋਂ ਸੁਪਰੀਮ ਕੋਰਟ ਨੇ 26 ਮਾਰਚ 2025 ਨੂੰ ਇਸ ਫ਼ੈਸਲੇ ਉੱਪਰ ਰੋਕ ਲਗਾ ਦਿੱਤੀ। ਸੁਪਰੀਮ ਕੋਰਟ ਅਨੁਸਾਰ, ਇਹ ਫੈਸਲਾ ਸਬੰਧਿਤ ਜੱਜ, ਜਸਟਿਸ ਰਾਮ ਮਨੋਹਰ ਨਰਾਇਣ ਮਿਸ਼ਰਾ ਦੀ ਸੰਗੀਨ ਅਪਰਾਧ ਪ੍ਰਤੀ ਸੰਵੇਦਨਹੀਣਤਾ ਦਰਸਾਉਂਦਾ ਹੈ। ਜਸਟਿਸ ਮਿਸ਼ਰਾ ਦੇ ਆਦੇਸ਼ ਵਿੱਚ ਦਿੱਤੀਆਂ ਦਲੀਲਾਂ ਵਿੱਚੋਂ ਉੱਚ ਦਰਜੇ ਦੀ ਲਾਪਰਵਾਹੀ ਅਤੇ ਔਰਤ ਪ੍ਰਤੀ ਨਫ਼ਰਤ ਝਲਕਦੀ ਹੈ। ਸੀਨੀਅਰ ਐਡਵੋਕੇਟ ਸ਼ੋਭਾ ਗੁਪਤਾ ਜੋ 'ਅਸੀਂ ਭਾਰਤ ਦੀਆਂ ਔਰਤਾਂ' ਸੰਸਥਾ ਦੀ ਮੋਢੀ ਮੈਂਬਰ ਹੈ, ਨੇ ਕਿਹਾ ਕਿ ਜਸਟਿਸ ਮਿਸ਼ਰਾ ਨੇ ਕਾਨੂੰਨ ਵਿੱਚ ਲਿਖੇ ਸ਼ਬਦਾਂ ਦੇ ਭਾਵ ਅਰਥਾਂ ਦੀ ਗ਼ਲਤ ਤਰਜਮਾਨੀ ਕੀਤੀ ਹੈ। ਅਜਿਹੇ ਜੁਰਮ ਪ੍ਰਤੀ ਜੱਜ ਦਾ ਰਵੱਈਆ ਗ਼ੈਰ-ਜ਼ਿੰਮੇਵਾਰ ਅਤੇ ਸੰਵੇਦਨਹੀਣ ਹੈ। ਗਿਆਰਾਂ ਸਾਲ ਦੀ ਬੱਚੀ ਨੂੰ ਧੋਖੇ ਨਾਲ ਪੁਲੀ ਹੇਠਾਂ ਲਿਜਾਣਾ ਅਤੇ ਉਸ ਨਾਲ ਜ਼ਬਰਦਸਤੀ ਕਰਨ ਨੂੰ ਉੱਤਰ ਪ੍ਰਦੇਸ਼ ਦੀ ਪੁਲੀਸ ਵੀ ਮਾਮੂਲੀ ਛੇੜਛਾੜ ਹੀ ਕਰਾਰ ਦਿੰਦੀ ਰਹੀ। ਬੱਚਿਆਂ ਦੀ ਸੁਰੱਖਿਆ ਲਈ ਪੋਕਸੋ ਕਾਨੂੰਨ (2012) ਤਹਿਤ ਵੀ ਇਸ ਕੇਸ ਵਿੱਚ ਅਮਲ ਨਹੀਂ ਕੀਤਾ ਗਿਆ। ਪੂਰੇ ਸਮਾਜ ਵਿੱਚ ਇਸ ਦਾ ਗ਼ਲਤ ਸੰਦੇਸ਼ ਗਿਆ ਹੈ। ਸਾਡਾ ਸਮਾਜ ਪਹਿਲਾਂ ਹੀ ਹਰ ਉਮਰ ਦੀਆਂ ਔਰਤਾਂ, ਬੱਚੀਆਂ ਨਾਲ ਹੁੰਦੇ ਜਿਨਸੀ ਸ਼ੋਸ਼ਣ ਜਿਹੇ ਅਪਰਾਧਾਂ ਦੀ ਮਾਰ ਝੱਲ ਰਿਹਾ ਹੈ।

ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਜੱਜ ਦੇ ਫੈਸਲੇ 'ਤੇ ਰੋਕ ਲਗਾ ਕੇ ਹਾਲ ਦੀ ਘੜੀ ਨਿਆਂਪਾਲਿਕਾ ਦਾ ਵੱਕਾਰ ਬਚਾ ਲਿਆ ਹੈ। ਪਰ ਇਹ ਸਾਰਾ ਕੁਝ ਉੱਚ ਅਹੁਦੇ 'ਤੇ ਬੈਠੇ ਇਤਨੀ ਕਾਬਲੀਅਤ ਵਾਲੇ ਸ਼ਖ਼ਸ ਦੀ ਔਰਤ ਪ੍ਰਤੀ ਮਾੜੀ ਸੋਚ ਦਰਸਾਉਂਦਾ ਹੈ। ਉਂਝ ਫੈਸਲੇ ਦੀ ਕਾਰਵਾਈ ਉੱਪਰ ਰੋਕ ਲਗਾਉਣਾ ਜਾਂ ਫੈਸਲਾ ਰਾਖਵਾਂ ਰੱਖਣਾ ਪੀੜਤ ਨੂੰ ਇਨਸਾਫ ਦੇਣਾ ਨਹੀਂ; ਇਸ ਨਾਲ ਅਪਰਾਧੀ ਹੋਰ ਵੀ ਨਿਡਰ ਹੋ ਕੇ ਵਿਚਰਨ ਲੱਗਦੇ ਹਨ। ਅਜਿਹੇ ਮਾਹੌਲ ਵਿੱਚ ਔਰਤਾਂ ਖ਼ੁਦ ਨੂੰ ਕਿੱਥੋਂ ਤੱਕ ਸੁਰੱਖਿਅਤ ਸਮਝਣ? ਔਰਤ ਦੇ ਸ਼ਕਤੀਕਰਨ ਦਾ ਅੰਦਾਜ਼ਾ ਅਜਿਹੇ ਵਧ ਰਹੇ ਅਪਰਾਧਾਂ ਅਤੇ ਹਿੰਸਕ ਘਟਨਾਵਾਂ ਤੋਂ ਭਲੀ ਪ੍ਰਕਾਰ ਲਗਾਇਆ ਜਾ ਸਕਦਾ ਹੈ। ਕੁਝ ਕੇਸਾਂ ਵਿੱਚ ਬਲਾਤਕਾਰੀ ਨੂੰ ਇਹ ਸਜ਼ਾ ਮਿਲਦੀ ਹੈ ਕਿ ਉਸ ਨੂੰ ਪੀੜਤ ਔਰਤ ਨਾਲ ਵਿਆਹ ਕਰਨਾ ਪਵੇਗਾ। ਉਸ ਔਰਤ ਲਈ ਇਹ ਸਹਿਣਾ ਹੋਰ ਮਾਨਸਿਕ ਬੋਝ ਬਣ ਜਾਂਦਾ ਹੈ ਕਿ ਸਾਰੀ ਉਮਰ ਹੁਣ ਇਸ ਬਲਾਤਕਾਰੀ ਨਾਲ ਕੱਟਣੀ ਪਵੇਗੀ।

ਅੱਜ ਹਰ ਰਾਜਨੀਤਕ ਪਲੇਟਫਾਰਮ 'ਤੇ ਸਰਕਾਰੀ ਮਸ਼ੀਨਰੀ ਦੁਆਰਾ ਔਰਤ ਦੇ ਸ਼ਕਤੀਕਰਨ ਦੀ ਗੱਲ ਕੀਤੀ ਜਾ ਰਹੀ ਹੈ। ਢਾਈ ਸਾਲ ਪਹਿਲਾਂ ਪ੍ਰਧਾਨ ਮੰਤਰੀ ਨੇ ਆਜ਼ਾਦੀ ਦਿਵਸ ਮੌਕੇ ਦੇਸ਼ ਦੀ ਜਨਤਾ ਨੂੰ ਸੰਬੋਧਿਤ ਹੁੰਦਿਆਂ ਕਿਹਾ ਸੀ ਕਿ ਸਾਡੀ ਬੋਲਬਾਣੀ ਅਤੇ ਔਰਤਾਂ ਪ੍ਰਤੀ ਵਿਹਾਰ ਵਿੱਚ ਵਿਗਾੜ ਆ ਚੁੱਕਿਆ ਹੈ। ਰੋਜ਼ਾਨਾ ਜ਼ਿੰਦਗੀ ਵਿੱਚ ਅਸੀਂ ਔਰਤਾਂ ਲਈ ਅਪਸ਼ਬਦ ਬੋਲਦੇ ਹਾਂ। ਕੀ ਅਸੀਂ ਇਸ ਕਿਸਮ ਦੇ ਵਿਹਾਰ ਅਤੇ ਸੱਭਿਆਚਾਰ ਤੋਂ ਮੁਕਤੀ ਪਾਉਣ ਦਾ ਅਹਿਦ ਨਹੀਂ ਕਰ ਸਕਦੇ ਜਿਹੜਾ ਔਰਤਾਂ ਦੀ ਬੇਹੁਰਮਤੀ ਕਰਦਾ ਹੈ? ਇੱਕ ਪਾਸੇ ਔਰਤ ਸਰੋਕਾਰਾਂ ਪ੍ਰਤੀ ਚਿੰਤਤ ਹੋਣਾ ਅਤੇ ਮਸ਼ਵਰੇ ਦੇਣਾ; ਦੂਜੇ ਪਾਸੇ ਔਰਤਾਂ ਵਿਰੁੱਧ ਅਪਰਾਧ ਕਰਦੇ ਬਸ਼ਿੰਦਿਆਂ ਨੂੰ ਗਾਹੇ-ਬਗਾਹੇ ਪਨਾਹ ਦੇਣਾ ਸਰਕਾਰੀ ਦੋਗਲਾਪਣ ਹੈ। ਇੱਕ ਪਾਸੇ ਨਾਰੀ ਦੇ ਸਨਮਾਨ ਦੀ ਗੱਲ ਕਰਨਾ; ਦੂਜੇ ਪਾਸੇ, ਉਸੇ ਦਿਨ (15 ਅਗਸਤ 2022) ਨੂੰ ਔਰਤ ਦੀ ਸ਼ਰੇਆਮ ਪੱਤ ਲੁੱਟਣ ਵਾਲੇ ਸਜ਼ਾਯਾਫਤਾ ਅਪਰਾਧੀਆਂ ਨੂੰ ਬਾਇੱਜ਼ਤ, ਜੇਲ੍ਹ ਵਿੱਚੋਂ ਰਿਹਾ ਕਰਨਾ ਨਿਆਂਪ੍ਰਣਾਲੀ 'ਤੇ ਸਵਾਲੀਆ ਚਿੰਨ੍ਹ ਲਗਾਉਂਦੇ ਹਨ।

**ਕੰਵਲਜੀਤ ਕੌਰ ਗਿੱਲ**

ਜਿਨਸੀ ਸ਼ੋਸ਼ਣ ਵਰਗਾ ਜੁਰਮ ਕਰਨ ਵਾਲੇ ਦਾ ਅੰਤ ਉਮਰ ਭਰ ਲਈ ਜੇਲ੍ਹ ਹੀ ਹੈ। ਪਰ ਮੁਲਜ਼ਮ ਜਦੋਂ ਉੱਚੀ ਜਾਤ ਦਾ ਹੋਵੇ, ਉਸ ਦਾ ਸਬੰਧ ਕਿਸੇ ਰਾਜਨੀਤਕ ਹਾਕਮ ਪਾਰਟੀ ਨਾਲ ਹੋਵੇ ਤਾਂ ਫੈਸਲੇ ਦੀ ਤਾਸੀਰ ਬਦਲ ਜਾਂਦੀ ਹੈ। ਕਾਨੂੰਨ ਦੀਆਂ ਧਾਰਾਵਾਂ ਅਤੇ ਉਪ-ਧਾਰਾਵਾਂ ਦੀ ਤਰਜਮਾਨੀ ਕਰਨ ਵੇਲੇ ਸ਼ਬਦਾਂ ਦੀ ਵਰਤੋਂ ਵਿੱਚ ਹੇਰਾਫੇਰੀ ਕਰਦੇ ਹੋਏ ਉਸ ਦੇ ਭਾਵ-ਅਰਥ ਬਦਲ ਦਿੱਤੇ ਜਾਂਦੇ ਹਨ। ਬਲਾਤਕਾਰ ਜਿਹੇ ਅਪਰਾਧ ਦੀ ਸੁਣਵਾਈ ਵੇਲੇ ਗਵਾਹ ਪੇਸ਼ ਕਰਨਾ ਵੀ ਪੀੜਤ ਦੀ ਜ਼ਿੰਮੇਵਾਰੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਤਾਜ਼ਾ ਰਿਪੋਰਟ ਅਨੁਸਾਰ, 2005 ਤੋਂ 2025 ਤੱਕ ਔਰਤਾਂ ਵਿਰੁੱਧ ਹੁੰਦੀਆਂ ਅਪਰਾਧਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਇਸ ਦੇ ਰੂਪ ਵੀ ਬਦਲ ਰਹੇ ਹਨ। ਕਈ ਵਾਰ ਬਲਾਤਕਾਰ ਜਿਹੇ ਅਪਰਾਧ ਬਦਲਾ ਲਊ ਭਾਵਨਾ ਨਾਲ ਕੀਤੇ ਜਾਂਦੇ ਹਨ। ਇਹ ਉਹ ਅਪਰਾਧ ਹੈ ਜਿੱਥੇ ਔਰਤ ਦੇ ਜਿਸਮ ਦਾ ਇਸਤੇਮਾਲ ਉਸ ਦੀ ਜਾਤ, ਧਰਮ ਤੇ ਉਸ ਦੇ ਸਮਾਜ-ਸਮੂਹ ਨੂੰ ਜ਼ਲੀਲ ਕਰਨ ਵਾਸਤੇ ਕੀਤਾ ਜਾਂਦਾ ਹੈ। ਇਸੇ ਲਈ ਇਹ ਅਪਰਾਧ ਆਮ ਚੋਰੀ, ਕਤਲ ਜਿਹੇ ਜੁਰਮਾਂ ਤੋਂ ਭਿੰਨ ਹੈ ਤੇ ਇਸ ਦੀ ਸਜ਼ਾ ਵੀ ਸਖ਼ਤ ਤੋਂ ਸਖ਼ਤ, ਅਰਥਾਤ ਉਮਰ ਕੈਦ ਹੈ। ਪਰ ਜਦੋਂ ਇਨਸਾਫ ਮਿਲਣ ਵਿੱਚ ਦੇਰੀ ਹੁੰਦੀ ਹੈ ਤਾਂ ਪੀੜਤ ਔਰਤ ਮਾਨਸਿਕ ਤੌਰ 'ਤੇ ਸਾਰੀ ਉਮਰ ਲਈ ਰੋਗੀ ਹੋ ਜਾਂਦੀ ਹੈ। ਉਹ ਸਮਾਜ ਵਿੱਚ ਸੁਖਾਵੀਂ ਜ਼ਿੰਦਗੀ ਜਿਊਣ ਨੂੰ ਤਰਸਦੀ ਰਹਿ ਜਾਂਦੀ ਹੈ।

ਇਹ ਰੁਝਾਨ ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਮਰਦ ਦੀ ਨਾ-ਬਰਾਬਰੀ ਵਾਲੀ ਸੋਚ ਵਿੱਚੋਂ ਨਿਕਲਦਾ ਹੈ। ਔਰਤ ਦੀਆਂ ਪ੍ਰਾਪਤੀਆਂ ਨੂੰ ਨਜ਼ਰ ਅੰਦਾਜ਼ ਕਰਦਿਆਂ ਅਜੇ ਵੀ ਉਸ ਨੂੰ ਮਰਦ ਬਰਾਬਰ ਦਰਜਾ ਨਹੀਂ ਦਿੱਤਾ ਜਾਂਦਾ। ਔਰਤ ਦਾ ਗਰੀਬ ਪਰਿਵਾਰ ਵਿੱਚ ਪੈਦਾ ਹੋਣਾ ਹੀ ਸਰਾਪ ਹੈ। ਕਾਨੂੰਨ ਵਿਵਸਥਾ ਮਹਿੰਗੀ ਅਤੇ ਪੇਚੀਦਾ ਹੈ। ਕਾਨੂੰਨ ਦੀਆਂ ਨਜ਼ਰਾਂ ਵਿੱਚ ਬਲਾਤਕਾਰ ਦੀ ਸਜ਼ਾ ਘਟਾਈ ਜਾਂ ਮੁਆਫ ਨਹੀਂ ਕੀਤੀ ਜਾ ਸਕਦੀ ਪਰ ਇੱਥੇ ਤਾਂ ਜਿਹੜੀ ਸਿਆਸੀ ਪਾਰਟੀ ਨੇ 2013 ਵਿੱਚ ਇਨ੍ਹਾਂ ਕਾਨੂੰਨਾਂ ਵਿੱਚ ਸੁਧਾਰ ਕਰ ਕੇ ਬਲਾਤਕਾਰ ਲਈ ਸਜ਼ਾ-ਏ-ਮੌਤ ਤੱਕ ਦਾ ਨਿਯਮ ਪਾਸ ਕਰਵਾਇਆ ਸੀ, ਅੱਜ ਉਹੀ ਮੁਲਜ਼ਮਾਂ ਦੇ ਹੱਕ ਵਿੱਚ ਕਦੇ ਬਿਲਕੀਸ ਬਾਨੋ, ਕਦੇ ਕਠੂਆ ਦੀ ਅਸਫਾ ਬਾਨੋ ਤੇ ਹੁਣ 10 ਨਵੰਬਰ 2021 ਵਾਲੇ ਕੇਸ ਦੇ ਹੱਕ ਵਿੱਚ ਨਿੱਤਰਨ ਲੱਗੀ ਹੈ।

ਅੱਜ ਔਰਤ ਹਰ ਪਹਿਲੂ ਤੋਂ ਖ਼ੁਦ ਨੂੰ ਅਸੁਰੱਖਿਅਤ ਮਾਹੌਲ ਵਿੱਚ ਮਹਿਸੂਸ ਕਰਦੀ ਹੈ। ਇਹ ਭਾਵੇਂ ਕੰਮਕਾਜੀ ਸਥਾਨ 'ਤੇ ਹੋਵੇ, ਪਬਲਿਕ ਟਰਾਂਸਪੋਰਟ ਵਿੱਚ ਸਫਰ ਕਰ ਰਹੀ ਹੋਵੇ ਜਾਂ ਗਲੀ ਮੁਹੱਲੇ, ਪਾਰਕ ਜਾਂ ਬਾਜ਼ਾਰ ਵਿੱਚ ਹੋਵੇ, ਕਿਤੇ ਵੀ ਸੁਰੱਖਿਅਤ ਨਹੀਂ। ਇੱਥੋਂ ਤੱਕ ਕਿ ਕਹਿੰਦੇ-ਕਹਾਉਂਦੇ ਧਾਰਮਿਕ ਸਥਾਨ, ਬਾਬਿਆਂ ਦੇ ਡੇਰੇ, ਅਖੌਤੀ ਧਾਰਮਿਕ ਗੁਰੂ ਆਦਿ ਹਰ ਥਾਂ ਔਰਤ ਦੀ ਹਾਜ਼ਰੀ ਨੂੰ ਭੁੱਖੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਅਜਿਹੇ ਅਣਸੁਖਾਵੇਂ ਅਤੇ ਅਸੁਰੱਖਿਆ ਵਾਲੇ ਮਾਹੌਲ ਵਿੱਚ 'ਬੇਟੀ ਬਚਾਓ' ਦਾ ਹੋਕਾ ਬੇਮਾਇਨਾ ਹੈ। ਹਿੰਸਕ ਅਪਰਾਧਾਂ ਨੂੰ ਠੱਲ੍ਹ ਪਾਉਣੀ ਅਤੇ ਔਰਤ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣਾ ਹੀ ਨਾਰੀ ਦਾ ਸ਼ਕਤੀਕਰਨ ਹੋਵੇਗਾ। ਔਰਤ ਦੀ ਕੰਮਕਾਜ ਵਿੱਚ ਸ਼ਮੂਲੀਅਤ, ਰਾਜਨੀਤਕ ਹਿੱਸੇਦਾਰੀ ਵਿੱਚ ਵਾਧਾ, ਸਿੱਖਿਆ ਪ੍ਰਾਪਤੀ ਆਦਿ ਸਹੀ ਅਰਥਾਂ ਵਿੱਚ ਉਨ੍ਹਾਂ ਹਾਲਾਤ ਵਿੱਚ ਹੀ ਸਫਲ ਹੋਣਗੇ, ਜੇ ਸਮਾਜ ਵਿੱਚੋਂ ਅਜਿਹੀਆਂ ਥਾਵਾਂ 'ਤੇ ਵਿਚਰਨ ਲਈ ਵਾਤਾਵਰਨ ਸੁਖਾਵਾਂ ਹੋਵੇਗਾ। ਇਸ ਦੇ ਨਾਲ ਹੀ, ਔਰਤਾਂ ਅੰਦਰ ਸਵੈ-ਵਿਸ਼ਵਾਸ ਦੀ ਭਾਵਨਾ ਹੋਣਾ ਅਤੇ ਸੁਚੇਤ ਰਹਿਣਾ ਵੀ ਜ਼ਰੂਰੀ ਹੈ। ਔਰਤ ਜਿੰਨੀ ਦੇਰ ਤੱਕ ਆਪਣੇ ਆਪ ਨੂੰ ਕਮਜ਼ੋਰ ਸਮਝਦੀ ਰਹੇਗੀ, ਮਰਦ ਪ੍ਰਧਾਨ ਸਮਾਜ ਦੀਆਂ ਸ਼ਕਤੀਆਂ ਉਸ ਉੱਪਰ ਹਾਵੀ ਰਹਿਣਗੀਆਂ। ਔਰਤ ਵਿਰੁੱਧ ਹਿੰਸਕ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਨਿਆਂਪ੍ਰਣਾਲੀ ਦਾ ਨਿਰਪੱਖ, ਰਾਜਨੀਤਕ ਪਾਰਟੀਆਂ ਦੇ ਪ੍ਰਭਾਵ ਤੋਂ ਦੂਰ ਅਤੇ ਭਾਈ ਭਤੀਜਾਵਾਦ ਤੋਂ ਮੁਕਤ ਹੋਣਾ ਲਾਜ਼ਮੀ ਹੈ। ਸਭ ਤੋਂ ਵਧੇਰੇ ਜ਼ਰੂਰੀ ਹੈ- ਬਲਾਤਕਾਰ ਜਿਹੇ ਸੰਵੇਦਨਸ਼ੀਲ ਮੁੱਦਿਆਂ ਬਾਰੇ ਸੰਵੇਦਨਹੀਣ ਫੈਸਲੇ ਦੇਣ ਤੋਂ ਗੁਰੇਜ਼ ਕਰਨਾ। ਅੱਜ ਮਨਸੂਈ ਬੁੱਧੀ ਦੇ ਦੌਰ ਵਿੱਚ ਸਮਾਜ ਵਿੱਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਬਾਰੇ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਅਨੁਸਾਰ ਜਾਗਰੂਕ ਕਰਨ ਦੀ ਵੀ ਜ਼ਰੂਰਤ ਹੈ।

## 'ਹਸਪਤਾਲਾਂ 'ਚ ਜਬਰ-ਜ਼ਨਾਹ' 'ਡਾਕਟਰਾਂ ਅਤੇ ਸਟਾਫ 'ਤੇ ਹਮਲੇ'

ਦੇਸ਼ 'ਚ ਔਰਤਾਂ ਵਿਰੁੱਧ ਅਪਰਾਧ ਲਗਾਤਾਰ ਜਾਰੀ ਹੈ ਅਤੇ ਕੋਈ ਵੀ ਥਾਂ ਅਜਿਹੀ ਨਹੀਂ ਹੈ ਜਿਸ ਨੂੰ ਔਰਤਾਂ ਲਈ ਸੁਰੱਖਿਅਤ ਕਿਹਾ ਜਾ ਸਕੇ। ਇੱਥੋਂ ਤਕ ਕਿ ਲੋਕਾਂ ਨੂੰ ਜੀਵਨ ਦਾਨ ਦੇਣ ਵਾਲੇ ਹਸਪਤਾਲਾਂ ਤਕ ਕੰਮ ਕਰਦੀਆਂ ਔਰਤ ਡਾਕਟਰਾਂ ਅਤੇ ਨਰਸਾਂ ਆਦਿ ਅਤੇ ਉਥੇ ਇਲਾਜ ਲਈ ਆਉਣ ਵਾਲੀਆਂ ਔਰਤਾਂ ਨਾਲ ਜਬਰ-ਜ਼ਨਾਹ ਅਤੇ ਡਾਕਟਰਾਂ 'ਤੇ ਹਮਲੇ ਹੋ ਰਹੇ ਹਨ। ਬੀਤੇ ਸਾਲ 9 ਅਗਸਤ ਨੂੰ 'ਕੋਲਕਾਤਾ' ਦੇ 'ਰਾਧਾ ਗੋਵਿੰਦ ਕਰ ਮੈਡੀਕਲ ਕਾਲਜ ਅਤੇ ਹਸਪਤਾਲ' ਵਿਚ 31 ਸਾਲਾ ਪੋਸਟ ਗ੍ਰੈਜੂਏਟ ਔਰਤ ਡਾਕਟਰ ਨਾਲ ਜਬਰ-ਜ਼ਨਾਹ ਅਤੇ ਨਿਰਦਈ ਹੱਤਿਆ ਇਸ ਦੀ ਬਲਦੀ ਮਿਸਾਲ ਹੈ। ਇਸ ਪਿਛੋਂ ਵੀ ਹਸਪਤਾਲਾਂ 'ਚ ਜਬਰ-ਜ਼ਨਾਹ ਅਤੇ ਡਾਕਟਰਾਂ 'ਤੇ ਹਮਲੇ ਦੇ ਕਈ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਦੀਆਂ ਇਸੇ ਸਾਲ ਦੇ 3 ਮਹੀਨਿਆਂ ਦੀਆਂ ਚੰਦ ਮਿਸਾਲਾਂ ਹੇਠਾਂ ਦਰਜ ਹਨ :

• 7 ਜਨਵਰੀ ਨੂੰ 'ਗਵਾਲੀਅਰ' (ਮੱਧ ਪ੍ਰਦੇਸ਼) ਦੇ ਇਕ ਸਰਕਾਰੀ ਮੈਡੀਕਲ ਕਾਲਜ ਦੇ ਹੋਸਟਲ 'ਚ ਆਪਣੀ ਔਰਤ ਸਹਿਕਰਮੀ ਨੂੰ ਬਹਾਨੇ ਨਾਲ ਬੁਲਾ ਕੇ ਉਸ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਇਕ ਡਾਕਟਰ ਨੂੰ ਗ੍ਰਿਫਤਾਰ ਕੀਤਾ ਗਿਆ।

• 17 ਜਨਵਰੀ ਨੂੰ 'ਵਡੋਦਰਾ' (ਗੁਜਰਾਤ) ਦੇ ਇਕ ਪ੍ਰਾਈਵੇਟ ਹਸਪਤਾਲ ਦੇ ਰੇਡੀਓਲਾਜੀ ਵਿਭਾਗ 'ਚ ਕੰਮ ਕਰਨ ਵਾਲੇ ਇਕ ਵਰਕਰ ਨੇ ਉਸੇ ਹਸਪਤਾਲ ਦੀ ਇਕ ਨਰਸ ਨੂੰ ਜ਼ਬਰਦਸਤੀ ਹਸਪਤਾਲ ਦੀ ਉਪਰਲੀ ਮੰਜ਼ਿਲ 'ਤੇ ਲਿਜਾ ਕੇ ਉਸ ਦੇ ਨਾਲ ਜਬਰ-ਜ਼ਨਾਹ ਕਰ ਦਿੱਤਾ।

• 10 ਮਾਰਚ ਨੂੰ 'ਫਰੀਦਾਬਾਦ' (ਹਰਿਆਣਾ) ਦੇ ਇਕ ਸਰਕਾਰੀ ਹਸਪਤਾਲ ਦੀ ਔਰਤ ਮੁਲਾਜ਼ਮ ਨੇ 3 ਮਰਦ ਸਹਿਕਰਮੀਆਂ 'ਤੇ ਉਸ ਦੇ ਨਾਲ ਜਬਰ-ਜ਼ਨਾਹ ਅਤੇ ਛੇੜਛਾੜ ਕਰਨ ਦੇ ਦੋਸ਼ 'ਚ ਸ਼ਿਕਾਇਤ ਦਰਜ ਕਰਵਾਈ।

• 19 ਮਾਰਚ ਨੂੰ 'ਲਖਨਊ' ਵਿਚ 'ਕੁਰਸੀ ਰੋਡ'



ਸਥਿਤ ਇਕ ਹਸਪਤਾਲ 'ਚ ਇਲਾਜ ਕਰਵਾਉਣ ਲਈ ਆਈ ਇਕ ਲੜਕੀ ਨੂੰ 'ਰੇਹਾਨ' ਨਾਂ ਦੇ ਵਾਰਡ ਬੁਆਏ ਵਲੋਂ ਸਟੱਡੀ ਰੂਮ 'ਚ ਲਿਜਾ ਕੇ ਉਸ ਨਾਲ ਜਬਰ-ਜ਼ਨਾਹ ਕਰ ਕੇ ਗਰਭਵਤੀ ਕਰ ਦੇਣ ਦਾ ਮਾਮਲਾ ਸਾਹਮਣੇ ਆਉਣ 'ਤੇ ਵਾਰਡ ਬੁਆਏ ਨੂੰ ਗ੍ਰਿਫਤਾਰ ਕਰ ਲਿਆ ਗਿਆ।

• 13 ਅਪ੍ਰੈਲ ਨੂੰ 'ਮੁੰਬਈ' ਦੇ 'ਲੋਕਮਾਨਯ ਤਿਲਕ ਮਿਊਂਸੀਪਲ ਜਨਰਲ ਹਸਪਤਾਲ' ਦੇ ਕੈਜ਼ੂਐਲਿਟੀ ਵਾਰਡ 'ਚ ਇਕ ਔਰਤ ਡਾਕਟਰ ਜਦੋਂ ਉਥੇ ਇਲਾਜ ਅਧੀਨ ਇਕ ਰੋਗੀ ਦੇ ਕੰਨ ਦਾ ਇਲਾਜ ਕਰ ਰਹੀ ਸੀ, ਉਦੋਂ ਕਿਸੇ ਗੱਲ 'ਤੇ ਝਗੜਾ ਹੋ ਗਿਆ।

ਇਸ 'ਤੇ ਰੋਗੀ ਦੇ ਨਾਲ ਆਏ ਲਗਭਗ ਅੱਧੀ ਦਰਜਨ ਲੋਕਾਂ ਨੇ ਔਰਤ ਡਾਕਟਰ 'ਤੇ ਹਮਲਾ ਕਰ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਅਤੇ ਭੰਨ-ਤੋੜ ਕਰ ਕੇ ਹਸਪਤਾਲ ਦੀ ਜਾਇਦਾਦ ਨੂੰ ਵੀ ਹਾਨੀ ਪਹੁੰਚਾਈ।

• ਅਤੇ ਹੁਣ 15 ਅਪ੍ਰੈਲ ਨੂੰ 'ਗੁੜਗਾਓਂ' (ਹਰਿਆਣਾ) ਦੇ ਸਦਰ ਥਾਣਾ ਏਰੀਆ ਸਥਿਤ ਇਕ ਪ੍ਰਸਿੱਧ ਹਸਪਤਾਲ 'ਚ ਇਲਾਜ ਦੌਰਾਨ ਵੈਂਟੀਲੇਟਰ 'ਤੇ ਬੇਹੋਸ਼ ਪਈ ਏਅਰ ਹੋਸਟੈੱਸ ਨਾਲ ਹਸਪਤਾਲ ਦੇ ਹੀ ਸਟਾਫ ਦੇ ਕਿਸੇ ਮੈਂਬਰ ਵਲੋਂ ਜਬਰ-ਜ਼ਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਏਅਰ ਹੋਸਟੈੱਸ ਨੇ ਮਹਿਲਾ ਸਦਰ ਥਾਣਾ ਪੁਲਸ ਕੋਲ ਸ਼ਿਕਾਇਤ ਦਿੱਤੀ। ਪੁਲਸ ਨੇ ਅਣਪਛਾਤੇ 'ਤੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੰਪਨੀ ਵਲੋਂ ਗੁਰੂਗ੍ਰਾਮ 'ਚ ਟ੍ਰੇਨਿੰਗ ਲਈ ਆਈ ਉਕਤ 46 ਸਾਲਾ ਪੀੜਤਾ ਇਕ ਹੋਟਲ 'ਚ ਰੁਕੀ ਸੀ। ਇਸੇ ਦੌਰਾਨ ਤਬੀਅਤ ਖਰਾਬ ਹੋ ਜਾਣ 'ਤੇ ਉਹ ਉਕਤ ਹਸਪਤਾਲ 'ਚ ਇਲਾਜ ਕਰਵਾਉਣ ਲਈ ਭਰਤੀ ਹੋਈ ਸੀ।

ਹਸਪਤਾਲਾਂ 'ਚ ਹੋਣ ਵਾਲੀਆਂ ਅਜਿਹੀਆਂ ਹੀ ਘਟਨਾਵਾਂ 'ਤੇ ਟਿੱਪਣੀ ਕਰਦੇ ਹੋਏ ਭਾਰਤ 'ਚ ਡਾਕਟਰਾਂ ਦੇ ਸਭ ਤੋਂ ਵੱਡੇ ਸੰਗਠਨਾਂ 'ਚੋਂ ਇਕ 'ਇੰਡੀਅਨ ਮੈਡੀਕਲ ਐਸੋਸੀਏਸ਼ਨ' ਨੇ ਹਸਪਤਾਲਾਂ 'ਚ ਵੱਧ ਸਖਤ ਸੁਰੱਖਿਆ ਲਾਗੂ ਕਰਨ ਅਤੇ ਇਸ ਮੰਤਵ ਲਈ ਵੱਧ ਮੁਲਾਜ਼ਮ ਅਤੇ 'ਕਲੋਜ਼ ਸਰਕਟ ਕੈਮਰੇ' ਲਾਉਣ ਦੀ ਮੰਗ ਕੀਤੀ ਹੈ।

ਦਿੱਲੀ ਦੇ ਇਕ ਹਸਪਤਾਲ 'ਚ ਕੰਮ ਕਰਦੀ ਇਕ ਔਰਤ ਰੈਜ਼ੀਡੈਂਟ ਡਾਕਟਰ ਅਨੁਸਾਰ ਹਸਪਤਾਲਾਂ ਦੀ ਇਕ ਅਜਿਹੇ ਸਥਾਨ ਦੇ ਰੂਪ 'ਚ ਕਲਪਨਾ ਕੀਤੀ ਜਾਂਦੀ ਹੈ ਜੋ ਸੁਰੱਖਿਅਤ ਹੋਣ, ਪਰ ਅਜਿਹਾ ਨਹੀਂ ਹੈ। ਇਸ ਦੇ ਲਈ ਤੁਰੰਤ ਪ੍ਰਭਾਵੀ ਕਦਮ ਚੁੱਕਣ ਦੀ ਲੋੜ ਹੈ, ਤਾਂਕਿ ਹਸਪਤਾਲਾਂ 'ਚ ਕੰਮ ਕਰਨ ਵਾਲੇ ਸਟਾਫ ਅਤੇ ਇਲਾਜ ਲਈ ਆਉਣ ਵਾਲਿਆਂ ਨੂੰ ਸੁਰੱਖਿਅਤ ਮਾਹੌਲ ਮਿਲੇ।

# ਸਹਿਜ ਸਬਰ ਤੇ ਸਿਰੜ ਦਾ ਮੁਜੱਸਮਾ-ਲਖਬੀਰ !





ਸਾਡੇ ਪਿੰਡ ਦੁਪਾਲ ਪੁਰੋਂ ਨਵਾਂ ਸ਼ਹਿਰ ਜਾਣ ਲਈ ਰਸਤੇ ਤਾਂ ਹੋਰ ਵੀ ਹਨ ਪਰ ਉਨ੍ਹਾਂ ਵਿੱਚੋਂ ਇਕ, ਗਿਆਨ ਸਿੰਘ 'ਵਿਕਟੋਰੀਆ ਕਰਾਸ' ਦੇ ਪਿੰਡ ਸਹਾਬ ਪੁਰ ਵਿੱਚੀਂ ਲੰਘ ਕੇ ਜਾਣ ਵਾਲਾ ਰਾਹ ਮੇਰੇ ਜਿਆਦਾ ਪੈਰੀਂ ਲੱਗਾ ਹੋਇਆ ਹੈ। ਕਿਉਂਕਿ ਨੌਵੀਂ-ਦਸਵੀਂ 'ਚ ਨਵਾਂਸ਼ਹਿਰ ਸਕੂਲੇ ਪੜ੍ਹਦਿਆਂ ਮੈਂ ਬਹੁਤਾ ਕਰਕੇ ਇਸੇ ਰਾਹੇ ਜਾਂਦਾ ਸਾਂ।

ਸੰਨ 2023 ਦੇ ਮਈ ਮਹੀਨੇ ਦੀ ਇਕ ਦੁਪਹਿਰ ਮੈਂ ਇਸ ਪਿੰਡ ਵਿੱਚੋਂ ਲੰਘਦਿਆਂ ਕੰਧ ਉੱਤੇ ਲਿਖਿਆ ਇਕ ਸਿਆਸੀ ਇਸ਼ਤਿਹਾਰ ਮੇਰੇ ਨਜ਼ਰੀਂ ਪਿਆ ਜੋ ਕਿ ਕਿਸੇ ਲਿਖਤ ਵਿਚ ਵਰਤਿਆ ਜਾ ਸਕਦਾ ਸੀ। ਸਕੂਟਰ ਇਕ ਪਾਸੇ ਖੜ੍ਹਾ ਕਰਕੇ ਮੈਂ ਉਸ ਇਸ਼ਤਿਹਾਰ ਦੀ ਫੋਟੋ ਖਿੱਚ ਰਿਹਾ ਸਾਂ ਤਦ ਲਾਗਲੀ ਆਟਾ-ਚੱਕੀ ਤੋਂ ਬਾਹਰ ਆਇਆ ਇਕ ਸੱਜਣ ਸ਼ੱਕੀ ਜਿਹੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਮੇਰੇ ਵੱਲ ਤੁਰਿਆ ਆਇਆ।

ਮੇਰੀ 'ਸਤਿ ਸ੍ਰੀ ਅਕਾਲ' ਦਾ ਨਿਮਰਤਾ ਨਾਲ ਜਵਾਬ ਦੇ ਕੇ ਉਸਨੇ ਮੇਰਾ ਪਿੰਡ ਪੁੱਛਿਆ। ਪਿੰਡ ਦਾ ਨਾਂ ਸੁਣਕੇ ਉਸਨੇ ਧਾਅ ਕੇ ਮੈਨੂੰ ਇਉਂ ਜੱਫੀ ਪਾ ਲਈ ਜਿਵੇਂ ਮੈਂ ਉਹਨੂੰ ਚਿਰੀਂ ਵਿਛੁੰਨਾਂ ਜਾਨੀ ਮਿੱਤਰ ਮਿਲ ਗਿਆ ਹੋਵਾਂ! ਜਦਕਿ ਮੇਰੇ ਲਈ ਉਹ ਹਾਲੇ ਅਣਜਾਣਿਆਂ ਵਿਅਕਤੀ ਸੀ।

"ਅੱਛਾ ਜੀ, ਦੁਪਾਲਪੁਰੀ ਤੁਸੀਂ ਹੋ?" ਕਹਿ ਕੇ ਉਹ ਮੈਨੂੰ ਬਾਹੋਂ ਫੜ ਕੇ ਆਪਣੀ ਆਟਾ-ਚੱਕੀ ਵੱਲ ਖਿੱਚਣ ਲੱਗਾ। ਕਹਿੰਦਾ ਤੁਹਾਡਾ ਬੇਟਾ ਤਾਂ ਮੇਰੇ ਬੱਚਿਆਂ ਦਾ ਟੀਚਰ ਹੈ ਦੌਲਤਪੁਰ ਸਕੂਲੇ। ਹੁਣ ਚਾਹ ਜਾਂ ਦੁੱਧ ਪੀ ਕੇ ਜਾਇਉ, ਐਦਾਂ ਨੀ ਮੈਂ ਜਾਣ ਦੇਣਾ! ਉਸ ਵੇਲੇ ਮੈਨੂੰ ਖਾਣ-ਪੀਣ ਦੀ ਕੋਈ ਚਾਹਤ ਨਹੀਂ ਸੀ, ਇਸ ਕਰਕੇ 'ਕਿਤੇ ਫਿਰ ਸਹੀ' ਦਾ ਵਾਅਦਾ ਕਰਕੇ ਮੈਂ ਬੜੀ ਮੁਸ਼ਕਿਲ ਨਾਲ ਉਸਤੋਂ ਵਿਦਾਈ ਲਈ।

ਇਸ ਅਚਾਨਕ ਮਿਲਣੀ ਤੋਂ ਹਫਤਾ ਕੁ ਬਾਅਦ ਮੈਂ ਕਿਸੇ ਕੰਮ ਆਪਣੇ ਗੁਆਂਢੀ ਮਿੱਤਰ ਸਤਨਾਮ ਸਿੰਘ ਜਲਵਾਹਾ ਚੇਅਰਮੈਨ ਦੇ ਘਰੇ ਜਲਵਾਹੇ ਪਿੰਡ ਮਿਲਣ ਗਿਆ। ਉਹ ਆਪਣਾ ਮੋਬਾਈਲ ਫੋਨ ਮੇਰੇ ਮੋਹਰੇ ਕਰਕੇ ਕੁੱਝ ਫੋਟੋਆਂ ਦਿਖਾਉਣ ਲੱਗਾ। ਫੋਟੋਆਂ ਕਾਹਦੀਆਂ ਇਉਂ ਲਗਦਾ ਸੀ ਜਿਵੇਂ ਮਨੁੱਖੀ ਅੰਗ ਵੱਢ-ਟੁੱਕ ਕੇ ਖਿਲਾਰੇ ਪਏ ਹੋਣ! ਫਰਸ਼ 'ਤੇ ਡਿਗੀ ਪਈ ਇੱਕ ਬਾਂਹ ਮੋਢੇ ਤੋਂ ਇਉਂ ਉੱਖੜੀ ਹੋਈ ਪਈ ਸੀ ਜਿਵੇਂ ਗਿੱਲੀ ਮਿੱਟੀ 'ਚੋਂ ਮੂਲੀ ਧੂਅ ਕੇ ਪੁੱਟੀ ਪਈ ਹੋਵੇ! ਥੱਲੇ ਫਰਸ਼ ਉੱਤੇ ਲੱਗੇ ਲਹੂ ਦੇ ਛੱਪੜਇਕ ਬੰਦੇ ਦਾ ਬਾਂਹ-ਵਿਹੂਣਾ ਮੋਢਾ ਇਉਂ ਦਿਸਦਾ ਸੀ ਜਿਵੇਂ ਕੋਈ ਦਰਖਤ ਜੜ੍ਹਾਂ ਸਮੇਤ ਗਿੱਲੀ ਧਰਤੀ 'ਚੋਂ ਧੂਹਿਆ ਹੁੰਦਾ ਹੈ..!! ਲਾਗੇ ਹੀ ਖੂਨ ਨਾਲ ਲਿੱਬੜਿਆ ਪਿਆ ਸਰ੍ਹੋਂ ਦਾ ਤੇਲ ਕੱਢਣ ਵਾਲਾ ਸਪੈਲਰ!!

ਇਹ ਭਿਆਨਕ ਫੋਟੋਆਂ ਦੇਖਕੇ ਸੁੰਨ ਜਿਹਾ ਹੋ ਗਿਆ! 'ਚੁਅ.ਚੁਅ!' ਕਰਦਿਆਂ ਮੈਂ ਸਤਨਾਮ ਸਿੰਘ ਨੂੰ ਪੁੱਛਿਆ ਕਿ ਇਹ ਦਰਦਨਾਕ ਦ੍ਰਿਸ਼ ਕਿੱਥੇ ਦਾ ਐ ਤੇ ਇਹ ਭਾਣਾ ਕਿਸ ਬਦਨਸੀਬ ਨਾਲ ਵਾਪਰਿਆ?

ਉਸਦਾ ਜਵਾਬ ਸੁਣਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ! ਇਹ ਤਾਂ ਉਹੀ ਸਹਾਬ ਪੁਰ ਵਾਲਾ ਲਖਬੀਰ ਸਿੰਘ ਸੀ ਜਿਸਨੇ ਕੁੱਝ ਦਿਨ ਪਹਿਲਾਂ ਅਚਾਨਕ ਹੋਈ ਪਹਿਲੀ ਮਿਲਣੀ ਵਿਚ ਹੀ ਮੈਨੂੰ ਮੋਹ ਲਿਆ ਸੀ! ਸਤਨਾਮ ਨੇ ਸਾਰੀ ਗੱਲ ਦੱਸੀ ਕਿ ਲਖਬੀਰ ਦੀ ਆਟਾ-ਚੱਕੀ ਉੱਤੇ ਸਰ੍ਹੋਂ ਦਾ ਤੇਲ ਕੱਢਣ ਵਾਲਾ ਐਕਸਪੈਲਰ ਵੀ ਲੱਗਾ ਹੋਇਆ ਹੈ ਜਿਸਦੇ ਇਕ ਨੱਟ ਵਿਚ ਕੜਾ ਫਸਣ ਕਰਕੇ ਲਖਬੀਰ ਦੀ ਬਾਂਹ ਚੱਲਦੇ ਐਕਸਪੈਲਰ ਦੇ ਧੁਰੇ ਨਾਲ ਲਪੇਟੀ ਗਈ। ਮੋਢੇ ਤੱਕ ਬਾਂਹ ਮਸ਼ੀਨ ਵਿਚ ਆਉਣ 'ਤੇ ਉਹਦਾ ਸਿਰ ਖਿੱਚੀਂਦਾ ਜਾਂਦਾ ਮਸ਼ੀਨ ਨਾਲ ਜਾ ਲੱਗਾ। ਜਿਉਂ ਹੀ ਉਹ ਜ਼ੋਰ ਮਾਰ ਕੇ ਉੱਠਿਆ ਤਾਂ ਮੋਢੇ 'ਚੋਂ ਡੌਲਾ ਪੁੱਟਿਆ ਗਿਆ! ਇਹ ਦੇਖਕੇ ਨੌਕਰ ਮੁੰਡੇ ਨੇ ਦੌੜ ਕੇ ਮੋਟਰ ਬੰਦ ਕੀਤੀ.! ਉਸ ਵੇਲੇ ਕਹਿੰਦੇ ਉਹ ਆਪ ਹੀ ਉੱਠ ਕੇ ਨਵਾਂਸ਼ਹਿਰ ਹਸਪਤਾਲ ਜਾਣ ਲਈ ਲਿਆਂਦੀ ਕਾਰ ਵਿਚ ਬੈਠਿਆ! ਸਤਨਾਮ ਨੇ ਦੱਸਿਆ ਕਿ ਹੁਣ ਉਹ ਚੰਡੀਗੜ੍ਹ ਪੀ.ਜੀ.ਆਈ ਵਿਚ ਦਾਖਲ ਹੈ।

ਕੁੱਝ ਹਫਤਿਆਂ ਬਾਅਦ ਹਸਪਤਾਲੋਂ ਘਰ ਆਏ ਤੇ ਅਸੀਂ ਉਹਦੀ ਖਬਰਸਾਰ ਲੈਣ ਗਏ। ਉਸ ਨਾਲ ਵਾਪਰੇ ਅਤਿ ਭਿਆਨਕ ਹਾਦਸੇ ਕਾਰਨ ਮੈਂ ਬਹੁਤ ਸਹਿਮਿਆਂ ਹੋਇਆ ਉਹਦੇ ਘਰ ਗਿਆ! ਮਨ ਵਿਚ ਸੋਚ ਰਿਹਾ ਸਾਂ ਕਿ ਅਤਿ ਦੀ ਪੀੜ ਸਹੀ ਹੋਣ ਅਤੇ ਸੱਜੀ ਬਾਂਹ ਗੁਆਉਣ ਦੇ ਸਦਮੇਂ ਕਾਰਨ ਗਮਗੀਨ ਹੋਏ ਕਿਰਤੀ ਲਖਬੀਰ ਨੂੰ, ਮੈਂ ਕਿਹੜੇ ਸ਼ਬਦਾਂ ਨਾਲ ਧਰਵਾਸਾ ਦੇਵਾਂਗਾ? ਕਿਵੇਂ ਗੱਲ ਸ਼ੁਰੂ ਕਰਾਂਗਾ? ਜਦ ਮੈਂ ਲੰਮਾਂ ਸਾਹ ਲੈ ਕੇ ਉਹਦੇ ਕਮਰੇ ਵਿਚ ਗਿਆ.....ਜਿਵੇਂ ਉਸਨੇ ਮੈਨੂੰ ਹੱਸ ਕੇ 'ਸਤਿ ਸ੍ਰੀ ਅਕਾਲ' ਬੁਲਾਈ ਤਾਂ ਉਸਨੂੰ ਗਲਵੱਕੜੀ 'ਚ ਲੈਂਦਿਆਂ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਕਿਆਸ ਤੋਂ ਉਲਟ ਉਹ ਤਾਂ ਚੜ੍ਹਦੀ ਕਲਾ ਵਾਲੀ ਭਾਵਨਾ ਨਾਲ ਓਤ-ਪੋਤ ਹੋਇਆ ਬੈਠਾ ਹੈ!

ਸਗੋਂ ਮੇਰੇ ਚਿਹਰੇ ਉੱਤੇ ਗਮ ਅਤੇ ਸਹਿਮ ਦੇ ਛਾਏ ਹੋਏ ਅਕਸ ਦੇਖ ਕੇ ਉਹ ਖੁਦ ਨਾਲ ਵਾਪਰੇ ਹਾਦਸੇ ਦੀ ਭਿਆਨਕਤਾ ਅਤੇ ਪੀੜਾ


ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724




ਨੂੰ ਦਰਕਿਨਾਰ ਕਰਦਿਆਂ ਮੇਰੇ ਨਾਲ ਇਉਂ ਗੱਲਾਂ ਕਰਨ ਲੱਗਾ ਜਿਵੇਂ ਕਿਤੇ ਇਹ ਦਰਦਨਾਕ ਹਾਦਸਾ ਕਿਸੇ ਹੋਰ ਬੰਦੇ ਨਾਲ ਵਾਪਰਿਆ ਹੋਵੇ! ਹਾਦਸੇ ਮੌਕੇ ਉਹਦੇ ਅਨੋਖੇ ਸਿਰੜ ਤੇ ਪਹਾੜ ਜਿੱਡੇ ਹੌਂਸਲੇ ਦੀਆਂ ਦੋ-ਚਾਰ ਗੱਲਾਂ ਤਾਂ ਕੋਲ ਬੈਠੇ ਉਸਦੇ ਭਰਾ ਪਰਮਜੀਤ ਸਿੰਘ ਨੇ ਦੱਸੀਆਂ ਪਰ ਗੱਲਾਂ ਦਾ ਵਿਸ਼ਾ ਬਦਲਦਿਆਂ ਲਖਬੀਰ, ਮਹੀਨਾ ਕੁ ਪਹਿਲਾਂ ਕੀਤੀ ਆਪਣੀ ਨਨਕਾਣਾ ਸਾਹਿਬ ਦੀ ਯਾਤਰਾ ਦੇ ਵੇਰਵੇ ਸੁਣਾਉਣ ਲੱਗ ਪਿਆ। ਐਕਸਪੈਲਰ ਦੇ ਨੱਟ ਵਿਚ ਜਿਹੜਾ ਕੜਾ ਫਸਣ ਕਰਕੇ ਉਹਦੀ ਬਾਂਹ ਚਲੀ ਗਈ, ਕਿਸੇ ਵਿਗੋਚੇ ਜਾਂ ਪਛਤਾਵੇ ਦੀ ਬਜਾਏ ਉਹ ਸ਼ਰਧਾ ਸਤਿਕਾਰ ਨਾਲ ਦੱਸ ਰਿਹਾ ਸੀ ਕਿ ਉਹ ਕੜਾ ਮੈਂ ਐਤਕੀਂ ਸ੍ਰੀ ਨਨਕਾਣਾ ਸਾਹਬ ਤੋਂ ਲਿਆਂਦਾ ਸੀ-

"ਭਾਅ ਜੀ ਮੈਂ ਜਮ੍ਹਾਂਦਰੂ ਹੀ ਖੱਬਚੂ ਹਾਂ ਸਾਰੇ ਕੰਮ ਖੱਬੇ ਹੱਥ ਨਾਲ ਹੀ ਕਰਦਾ ਹਾਂ!

ਥੋੜ੍ਹਾ ਮੁਸਕ੍ਰਾ ਕੇ ਕਹਿੰਦਾ-

"ਸ਼ਾਇਦ ਬਾਬੇ ਨੇ ਮੇਰੀ ਬਾਂਹ ਤਦੇ ਲੈ ਲਈ ਕਿ ਭਾਈ ਇਹਦੇ ਨਾਲ ਤੂੰ ਕੰਮ ਤਾਂ ਕਰਦਾ ਨੀ.!

ਇਹ ਗੱਲ ਕਰਦਿਆਂ ਉਸਦੇ ਬੁੱਲ੍ਹਾਂ ਉੱਤੇ ਆਈ ਮੁਸਕ੍ਰਾਹਟ ਦੇਖ ਕੇ ਅਸੀਂ ਦੰਗ ਰਹਿ ਗਏ!

ਖਬਰਸਾਰ ਨੂੰ ਬੈਠੇ ਅਸੀਂ ਜਦ ਵੀ ਉਹਦੇ ਖਾਲੀ ਮੋਢੇ ਵੱਲ ਕਰੁਣਾਮਈ ਨਜ਼ਰ ਮਾਰਦੇ ਤਾਂ ਉਹ ਕਿਸੇ ਹੋਰ ਹੀ ਵਿਸ਼ੇ ਬਾਰੇ ਗੱਲ ਛੋਹ ਲੈਂਦਾ-

"ਭਾਅ ਜੀ ਸੰਨ ਸੰਤਾਲੀ ਵੇਲੇ ਰਾਹੋਂ ਤੋਂ ਉੱਜੜ ਕੇ ਪਾਕਿਸਤਾਨ ਗਏ ਫਲਾਣੇ ਖਾਨਦਾਨ ਦੇ ਖਾਨ ਸਾਹਬ ਨੇ ਮੈਨੂੰ ਫੋਨ 'ਤੇ ਕਿਹਾ ਸੀ ਕਿ ਨਨਕਾਣਾ ਸਾਹਿਬ ਆਉਣ ਵੇਲੇ ਰਾਹੋਂ ਤੋਂ 'ਸਾਡੇ ਘਰ' ਦੇ ਮਲਬੇ ਦੀਆਂ ਇਕ-ਦੋ ਇੱਟਾਂ ਜ਼ਰੂਰ ਲੈ ਆਵੀਂ! ਮੈਂ ਐਤਕੀਂ ਯਾਤਰਾ ਸਮੇਂ ਦੋ ਨਾਨਕਸ਼ਾਹੀ ਇੱਟਾਂ ਉਨ੍ਹਾਂ ਨੂੰ ਦੇ ਕੇ ਆਇਆਂ! ਫਿਰ ਉਹ ਉਸ ਮੁਸਲਿਮ ਪ੍ਰਵਾਰ ਵਲੋਂ ਮਿਲੇ ਮਾਣ ਸਤਿਕਾਰ ਅਤੇ ਮੋਹ-ਪਿਆਰ ਦੇ ਵਾਕਿਆਤ, ਚਮਕਦੀਆਂ ਅੱਖਾਂ ਨਾਲ ਇੰਜ ਸੁਣਾਉਣ ਲੱਗ ਪਿਆ ਜਿਵੇਂ ਕਿਤੇ ਉਹ ਹੁਣ ਵੀ ਸਰਹੱਦੋਂ ਪਾਰ ਲਾਹੌਰ ਦੇ ਲਾਗਲੇ ਕਿਸੇ ਪਿੰਡ 'ਚ ਹੀ ਬੈਠਾ ਹੋਇਆ ਹੋਵੇ !

'ਲਉ ਭਾਅ ਜੀ, ਉਨ੍ਹਾਂ ਦੇ ਸਾਰੇ ਟੱਬਰ ਨੇ ਇੱਟਾਂ ਨੂੰ ਮਸ਼ਤਿਕ ਨਾਲ ਲਾਇਆ ਕੱਪੜਾ ਖੋਲ੍ਹ ਕੇ ਇੱਟਾਂ ਵੱਲ੍ਹ ਬੜੀ ਨੀਝ ਤੇ ਰੀਝ ਨਾਲ ਦੇਖਦਿਆਂ, ਕੰਨਾਂ ਨੂੰ ਛੂਹ ਕੇ ਅਦਬ ਨਾਲ ਆਪਣੇ ਵਫਾਤ ਪਾ ਗਏ ਬਜ਼ੁਰਗਾਂ ਦੇ ਨਾਮ ਲਏ.! ਜਿਵੇਂ ਕਿਤੇ ਉਨ੍ਹਾਂ ਦੇ ਸਾਹਮਣੇ ਦੋ ਇੱਟਾਂ ਨਹੀਂ, ਉਨ੍ਹਾਂ ਦੇ ਵਡਾਰੂ ਹੀ ਹੋਣ!!

ਮਗਰੋਂ ਮੇਰੇ ਅਮਰੀਕਾ ਚਲੇ ਆਉਣ 'ਤੇ ਉਸਨੇ ਮੈਨੂੰ ਫੋਨ 'ਤੇ ਦੱਸਿਆ ਕਿ ਤੁਹਾਥੋਂ ਬਾਅਦ ਮੁਹੰਮਦ ਸਦੀਕ, ਰਣਜੀਤ ਕੌਰ, ਗੀਤਕਾਰ ਚੰਨ ਗੋਰਾਇਆਂ ਵਾਲਾ, ਸਵਰਗੀ ਦੇਵ ਥਰੀਕੇ ਦਾ ਲੜਕਾ ਜਗਵੰਤ, ਕੁਲਦੀਪ ਮਾਣਕ ਦੀ ਸੁਪਤਨੀ ਬੀਬੀ ਸਰਬਜੀਤ ਮਾਣਕ, ਯਮ੍ਹਲੇ ਦਾ ਪੋਤਰਾ ਸੁਰੇਸ਼ ਯਮ੍ਹਲਾ, ਸਰਬਜੀਤ ਕੌਰ ਸੁਪਤਨੀ ਜਸਦੇਵ ਯਮ੍ਹਲਾ ਅਤੇ ਅਮਰੀਕਾ ਵਾਲਾ ਗਾਇਕ ਧਰਮਵੀਰ ਥਾਂਦ੍ਹੀ ਵੀ ਮੇਰੀ ਖਬਰਸਾਰ ਲੈਣ ਵਾਸਤੇ ਆਏ ਸਨ। ਇਨ੍ਹਾਂ ਸਖਸ਼ੀਅਤਾਂ ਦੀ ਫੋਟੋ ਨਾਲ ਉਸਨੇ ਮੈਨੂੰ ਆਪਣੇ ਘਰ ਦੀਆਂ ਕੁੱਝ ਵੀਡੀਉ ਵੀ ਭੇਜੀਆਂ ਜਿਨ੍ਹਾਂ ਵਿਚ ਲਖਬੀਰ ਨਾਲ ਬੈਠੀ ਗਾਇਕਾ ਰਣਜੀਤ ਕੌਰ 'ਘੋੜੀ' ਸੁਣਾਉਂਦੀ ਹੈ- 'ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹਾਉਨੀ ਆਂ!' ਦੂਸਰੀ ਵੀਡੀਉ ਵਿਚ ਧਰਮਵੀਰ ਸਿੰਘ ਥਾਂਦ੍ਹੀ ਆਪਣਾ ਲਿਖਿਆ ਮਸ਼ਹੂਰ ਗੀਤ ਗਾਉਂਦਾ ਹੈ-

'ਵਿਚ ਅਮਰੀਕਾ ਆ ਕੇ ਬਣ ਗਏ ਜੱਟਾਂ ਦੇ ਪੁੱਤ ਲਾਲੇ
ਬੈਕਯਾਰਡ ਵਿਚ ਕਰੀਏ ਪੂਰੇ ਸ਼ੌਂਕ ਖੇਤੀਆਂ ਵਾਲੇ!'

ਇਸੇ ਤਰ੍ਹਾਂ ਇਕ ਹੋਰ ਵੀਡੀਉ ਵਿਚ ਯਮ੍ਹਲੇ ਦਾ ਪੋਤਰਾ ਗਾ ਰਿਹਾ ਐ ਤੇ ਪੀ.ਜੀ.ਆਈ ਤੋਂ ਆਪਣੇ ਬਾਂਹ ਵਿਹੂਣੇ ਮੋਢੇ ਦਾ ਇਲਾਜ ਕਰਾ ਰਿਹਾ ਲਖਬੀਰ ਸਿੰਘ, ਸਿਰੜ, ਸਿਦਕ ਅਤੇ ਪਹਾੜ ਜਿੱਡੇ ਹੌਂਸਲੇ ਦਾ ਮੁਜੱਸਮਾਂ ਬਣਿਆਂ ਗੀਤ ਦੀ ਲੈਅ ਨਾਲ ਝੂਮ ਰਿਹਾ ਐ ਨਾਲੇ ਹਾਰਮੋਨੀਅਮ ਉੱਤੇ ਇਨਾਮ ਵੀ ਰੱਖ ਰਿਹਾ ਹੈ!

ਹੁਣ ਦੋ ਸਾਲ ਬਾਅਦ 2025 ਦੀ ਵਿਸਾਖੀ ਮੌਕੇ ਜਦੋਂ ਮੈਂ ਉਕਤ ਵੇਰਵਿਆਂ ਨੂੰ ਲਿਖਤ ਰੂਪ ਦੇ ਰਿਹਾ ਸਾਂ ਤਦ ਮੈਨੂੰ ਲਖਬੀਰ ਸਿੰਘ ਦੇ ਭਰਾ ਨੇ ਦੱਸਿਆ ਕਿ ਜਾਨ ਬਚਣ ਅਤੇ ਮਿਲੀ ਤੰਦਰੁਸਤੀ ਦਾ ਸ਼ੁਕਰਾਨਾ ਕਰਨ ਵਾਸਤੇ ਉਹ ਸ੍ਰੀ ਨਨਕਾਣਾ ਸਾਹਬ ਵਿਖੇ ਨਤਮਸਤਕ ਹੋਣ ਗਿਆ ਹੋਇਆ ਹੈ!

'ਹਾਦਸਾ ਕੋਈ ਵੀ ਭਾਵੇਂ ਪੇਸ਼ ਆਵੇ ਪਰ ਸਦਾ
ਸ਼ੌਂਕ ਹਰ ਆਲਮ 'ਚ ਮੇਰਾ ਮੁਸਕ੍ਰਾਉਂਦਾ ਜਾਏਗਾ!'-ਜੋਗਾ ਸਿੰਘ ਜਗਿਆਸੂ

# ਨੇਪਾਲ ਦੀ ਅਸਥਿਰਤਾ ਦੇ ਕੀ ਹਨ ਕਾਰਨ ?

***ਨਵੀਂ ਸਦੀ ਵਿਚ ਦੁਬਾਰਾ ਲੋਕਤੰਤਰ ਦੀ ਬਹਾਲੀ ਦੇ ਅੰਦੋਲਨ ਵਿਚ ਖੱਬੇ-ਪੱਖੀ ਜਥੇਬੰਦੀਆਂ ਦੀ ਵਿਆਪਕ ਹਿੱਸੇਦਾਰੀ ਰਹੀ ਜਿਸ ਵਿਚ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਦੀ ਕਮਿਊਨਿਸਟ ਪਾਰਟੀ (ਐਮਾਲੇ) ਅਤੇ ਪੁਸ਼ਪਕਮਲ ਦਹਲ ਪ੍ਰਚੰਡ ਦੀ ਅਗਵਾਈ ਵਾਲੀ ਮਾਓਵਾਦੀ ਪਾਰਟੀ ਵੀ ਸ਼ਾਮਲ ਰਹੀ ।***




ਨੇਪਾਲ ਇਸ ਸਮੇਂ ਸਿਆਸੀ ਅਤੇ ਆਰਥਿਕ ਅਸਥਿਰਤਾ ਦਾ ਸ਼ਿਕਾਰ ਹੈ। ਇਕ ਲੰਬੇ ਸਿਆਸੀ ਅੰਦੋਲਨ ਤੋਂ ਬਾਅਦ ਅਪ੍ਰੈਲ 2008 ਵਿਚ ਨੇਪਾਲ ਵਿਚ ਰਾਜਸ਼ਾਹੀ ਦਾ ਅੰਤ ਹੋਇਆ ਸੀ ਅਤੇ ਸੰਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ। ਇਸ ਤੋਂ ਪਹਿਲਾਂ ਲੋਕਤੰਤਰ ਦੀ ਮਹਿਕ ਦਾ ਪਹਿਲਾ ਅਹਿਸਾਸ 1951 ਵਿਚ ਹੋਇਆ ਸੀ ਜਦੋਂ 104 ਸਾਲਾਂ ਦੀ ਰਾਣਾਸਾਹੀ ਦਾ ਅੰਤ ਹੋਇਆ ਸੀ। ਨੇਪਾਲੀ ਕਾਂਗਰਸ ਦੇ ਸੀਨੀਅਰ ਨੇਤਾਵਾਂ ਬੀਪੀ ਕੋਇਰਾਲਾ, ਗਣੇਸ਼ ਮਾਨ ਸਿੰਘ, ਜੀਪੀ ਕੋਇਰਾਲਾ ਆਦਿ ਦੇ ਸੰਘਰਸ਼ਾਂ ਦਾ ਨਤੀਜਾ ਇਹ ਸੀ ਕਿ 1959 ਵਿਚ ਪਹਿਲੀ ਜਨਤਾਂਤਰਿਕ ਸਰਕਾਰ ਬਣੀ ਸੀ ਪਰ ਰਾਜਵੰਸ਼ ਨੂੰ ਇਹ ਸਵੀਕਾਰ ਨਹੀਂ ਸੀ। ਲਿਹਾਜ਼ਾ ਸਾਰੀਆਂ ਪਾਰਟੀਆਂ 'ਤੇ ਪਾਬੰਦੀ ਲਗਾ ਕੇ ਸੰਵਿਧਾਨ ਅਤੇ ਸੰਸਦ ਨੂੰ ਭੰਗ ਕਰ ਦਿੱਤਾ ਗਿਆ।

ਨਵੀਂ ਸਦੀ ਵਿਚ ਦੁਬਾਰਾ ਲੋਕਤੰਤਰ ਦੀ ਬਹਾਲੀ ਦੇ ਅੰਦੋਲਨ ਵਿਚ ਖੱਬੇ-ਪੱਖੀ ਜਥੇਬੰਦੀਆਂ ਦੀ ਵਿਆਪਕ ਹਿੱਸੇਦਾਰੀ ਰਹੀ ਜਿਸ ਵਿਚ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਦੀ ਕਮਿਊਨਿਸਟ ਪਾਰਟੀ (ਐਮਾਲੇ) ਅਤੇ


ਕੇ.ਸੀ. ਤਿਆਗੀ

ਪੁਸ਼ਪਕਮਲ ਦਹਲ ਪ੍ਰਚੰਡ ਦੀ ਅਗਵਾਈ ਵਾਲੀ ਮਾਓਵਾਦੀ ਪਾਰਟੀ ਵੀ ਸ਼ਾਮਲ ਰਹੀ। ਕੋਇਰਾਲਾ ਭਾਈਆਂ ਦੇ ਘਟਦੇ ਪ੍ਰਭਾਵ ਅਤੇ ਅੰਦਰੂਨੀ ਕਲੇਸ਼ ਦਾ ਨਤੀਜਾ ਇਹ ਹੋਇਆ ਕਿ ਲੋਕਤੰਤਰ ਦੀ ਬਹਾਲੀ ਦੇ ਮੋਹਰੀ ਮਾਓਵਾਦੀ ਅਤੇ ਐਮਾਲੇ ਬਣ ਗਏ। ਪਿਛਲੇ 16-17 ਸਾਲਾਂ ਵਿਚ ਲੋਕਤੰਤਰ ਸਮਰਥਕ ਪਾਰਟੀਆਂ ਪ੍ਰਤੀ ਜਨਤਾ ਦੀ ਬੇਭਰੋਸਗੀ ਦਾ ਹੀ ਨਤੀਜਾ ਹੈ ਕਿ ਲੋਕ ਰਾਜਸ਼ਾਹੀ ਦੇ ਸਮਰਥਨ ਵਿਚ ਸੜਕਾਂ 'ਤੇ ਉਤਰ ਆਏ ਹਨ। ਨੇਪਾਲ ਵਿਚ ਇਸ ਸਮੇਂ ਕਈ ਵਿਕਲਪਾਂ 'ਤੇ ਚਰਚਾ ਜਾਰੀ ਹੈ।

ਪ੍ਰਚੰਡ ਤੋਂ ਲੈ ਕੇ ਨੇਪਾਲੀ ਕਾਂਗਰਸ ਦੇ ਮੁਖੀ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਉਬਾ ਤੱਕ ਇਹ ਮੰਨਣ ਲੱਗੇ ਹਨ ਕਿ ਜਨਤੰਤਰ ਸਮਰਥਕ ਸਰਕਾਰਾਂ ਜਨਤਾ ਦਾ ਵਿਸ਼ਵਾਸ ਜਿੱਤਣ ਵਿਚ ਅਸਫਲ ਰਹੀਆਂ ਹਨ। ਸਾਰੀਆਂ ਪਾਰਟੀਆਂ ਪ੍ਰਤੀ ਬੇਭਰੋਸਗੀ ਵਧਦੀ ਜਾ ਰਹੀ ਹੈ ਪਰ ਰਾਜਸ਼ਾਹੀ ਦੇ ਸਮਰਥਨ ਵਿਚ ਕਿਸੇ ਵੱਡੇ ਜਨ ਅੰਦੋਲਨ ਤੋਂ ਇਹ ਆਗੂ ਇਨਕਾਰ ਕਰ ਰਹੇ ਹਨ। ਹਾਲ ਹੀ ਵਿਚ ਨੇਪਾਲੀ ਨਵਾਂ ਸਾਲ (14 ਅਪ੍ਰੈਲ) ਨੂੰ ਗਿਆਨੇਂਦਰ ਨੇ ਜਨਤਾ ਦੇ ਨਾਮ ਸੰਦੇਸ਼ ਵਿਚ ਕਿਹਾ ਸੀ ਕਿ ਦੇਸ਼ ਦੀ ਪੂਰੀ ਵਿਵਸਥਾ ਨੂੰ ਨਵੇਂ ਸਿਰੇ ਤੋਂ ਸੋਚਣਾ ਚਾਹੀਦਾ ਹੈ। ਇਸੇ ਦਿਨ ਪ੍ਰਚੰਡ ਨੇ ਦਾਅਵਾ ਕੀਤਾ ਕਿ ਦੇਸ਼ ਨੂੰ ਜਲਦੀ ਨਵੀਂ ਸਰਕਾਰ ਅਤੇ ਨਵਾਂ ਗੱਠਜੋੜ ਦੇਖਣ ਨੂੰ ਮਿਲੇਗਾ। ਇਸ 'ਤੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਕਿਹਾ ਸੀ ਕਿ ਸਰਕਾਰ ਬਦਲਣ ਦੀ ਗੱਲ ਦਿਨੇ ਸੁਪਨੇ ਦੇਖਣ ਵਰਗੀ ਹੈ। ਪ੍ਰਚੰਡ ਨੇ ਹੁਕਮਰਾਨ ਪਾਰਟੀ ਨੇਪਾਲੀ ਕਾਂਗਰਸ ਦੇ ਪ੍ਰਧਾਨ ਸ਼ੇਰ ਬਹਾਦੁਰ ਨੂੰ ਓਲੀ ਦਾ ਸਾਥ ਛੱਡ ਕੇ ਆਪਣੀ ਅਗਵਾਈ ਵਿਚ ਸਰਕਾਰ ਬਣਾਉਣ ਦਾ ਪ੍ਰਸਤਾਵ ਵੀ ਦਿੱਤਾ। ਅੱਗੇ ਜੋ ਵੀ ਹੋਵੇ, ਸਾਰੀਆਂ ਪਾਰਟੀਆਂ ਦੇ ਆਗੂ ਇਸ 'ਤੇ ਸਹਿਮਤ ਦਿਖਾਈ ਦੇ ਰਹੇ ਹਨ ਕਿ ਪਿਛਲੇ ਸਾਲਾਂ ਵਿਚ ਨੇਪਾਲ 'ਚ ਬਹੁਤ ਘੱਟ ਵਿਕਾਸ ਹੋਇਆ ਹੈ।

## ਵਿਸ਼ਵ ਹੀਮੋਫਿਲੀਆ ਦਿਵਸ 2025

# ਜਾਨਲੇਵਾ ਹੋ ਸਕਦਾ ਹੈ- ਹੀਮੋਫਿਲੀਆ



*''ਵਿਸ਼ਵ ਹੀਮੋਫਿਲੀਆ ਦਿਵਸ 2025 ਦਾ ਥੀਮ ਹੈ- ਵਿਰਾਸਤ 'ਚ ਮਿਲੀ ਇਸ ਬਿਮਾਰੀ ਨੂੰ ਜਾਗਰੱਕਤਾ, 'ਤੇ ਇਲਾਜ਼ ਨਾਲ ਰੋਗੀਆਂ ਦੇ ਅੰਕੜੇ ਨੂੰ ਘੱਟ ਕਰਨਾ ਹੈ''-ਡਾ. ਅਨਿਲ ਧੀਰ. ਕਾਲਮਨਿਸਟ ਅਤੇ ਲੇਖਕ: ਸੇਲਫ-ਕੇਅਰ ਟਿਪਸ ਐਨਸਾਈਕਲੋਪੀਡੀਆ*

ਵਿਸ਼ਵ ਭਰ 'ਚ 17 ਅਪ੍ਰੈਲ 2025 ਵਾਲੇ ਦਿਨ ਔਰਤਾਂ 'ਤੇ ਲੜਕੀਆਂ ਦੀ ਬਿਮਾਰੀ ਹੀਮੋਫਿਲੀਆ ਬਾਰੇ ਅੰਤਰਰਾਸ਼ਟਰੀ ਪੱਧਰ 'ਤੇ ਜਾਗਰੁੱਕ ਕੀਤਾ ਗਿਆ। ਇੱਕੋ ਹੀ ਮਕਸਦ ਹੈ ਵਿਰਾਸਤ 'ਚ ਮਿਲੀ ਇਸ ਬਿਮਾਰੀ ਨੂੰ ਰਾਸ਼ਟਰੀ ਨੀਤੀ ਨਾਲ ਜੋੜ ਕੇ ਬਿਮਾਰੀ ਦੇ ਅੰਕੜੇ ਨੂੰ ਘੱਟ ਕਰਨਾ ਹੈ। ਖੁਨ ਵਗਣ ਦੇ ਰੋਗਾਂ ਪ੍ਰਤੀ ਇੱਕਜੁੱਟ ਹੋ ਕੇ ਦੇਖਭਾਲ ਅਤੇ ਬਦਲਾਅ ਦੁਆਰਾ ਜਾਗਰੁਕਤਾ ਪੈਦਾ ਕਰਨਾ ਹੈ। ਸਾਰਿਆਂ ਲਈ ਇਲਾਜ਼ ਦਾ ਦ੍ਰਿਸ਼ਟੀਕੋਣ ਇੱਕ ਅਜਿਹੀ ਦੁਨੀਆ ਲਈ ਹੈ ਜਿੱਥੇ ਵਿਰਾਸਤ 'ਚ ਮਿਲੀ ਖੁਨ ਵਗਣ ਦੀਆਂ ਬਿਮਾਰੀਆਂ ਸੰਬੰਧੀ ਬਿਗਾੜ ਵਾਲੇ ਲੋਕਾਂ ਦੀ ਦੇਖਭਾਲ ਤੱਕ ਪਹੁੰਚ ਹੈ। ਭਾਵੇਂ ਉਹਨਾਂ ਦੇ ਖੁਨ ਵਗਣ ਦੀ ਬਿਮਾਰੀ ਦੀ ਕਿਸਮ, ਲਿੰਗ, ਉਮਰ ਜਾਂ ਉਹ ਕਿਤੇ ਵੀ ਰਹਿੰਦੇ ਹੋਣ।

ਵਿਸ਼ਵ ਵਿਆਪੀ ਪੱਧਰ 'ਤੇ ਹੀਮੋਫਿਲੀਆ ਦੇ ਮਰਦ ਰੋਗੀਆਂ ਦਾ ਅੰਕੜਾ ਵੀ 2.6 ਮਿਲੀਅਨ ਤੱਕ ਪਹੁੰਚ ਚੁੱਕਾ ਹੈ। ਹੀਮੋਫਿਲੀਆ-ਏ 5000 ਵਿੱਚੋਂ ਇੱਕ ਨੂੰ ਪ੍ਰਭਾਵਿਤ ਕਰ ਰਿਹਾ ਹੈ। ਹੀਮੋਫਿਲੀਆ-ਏ ਨਾਲ ਪੀੜਤ ਕਰੀਬਨ 400 ਬੱਚਾ ਜਨਮ ਲੈਂਦਾ ਹੈ। ਇਸ ਬਿਮਾਰੀ ਨਾਲ ਜ਼ਿੰਦਗੀ ਬਿਤਾ ਰਹੇ ਲੋਕਾਂ ਦਾ ਅੰਕੜਾ ਪਤਾ ਲਗਾਇਆ ਜਾ ਰਿਹਾ ਹੈ। ਸੈਂਕੜੇ ਸਾਲ ਪਹਿਲਾਂ ਦੂਜੀ ਸਦੀ 'ਚ ਬਹੁਤ ਜ਼ਿਆਦਾ ਜਾਂ ਅਸਾਧਾਰਣ ਖ਼ੂਨ ਵਗਣ ਵਾਲ ਨਾਲ ਮੌਤ ਦਾ ਜ਼ਿਕਰ ਯਹੂਦੀ ਰੱਬੀ ਲਿਖਤਾਂ ਅਤੇ ਬਾਈਬਲ ਦੇ ਨਵੇਂ ਨੇਮ 'ਚ ਆਇਆ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com


ਹੀਮਪਫਿਲੀਆ 19ਵੀਂ 'ਤੇ 20ਵੀਂ ਸਦੀ 'ਚ ਇੰਗਲੈਂਡ, ਜਰਮਨੀ, ਰੂਸ 'ਤੇ ਸਪੇਨ ਦੇ ਸ਼ਾਹੀ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ ਸੀ। ਮੰਨਿਆ ਜਾਂਦਾ ਹੈ ਕਿ 1837 ਤੋਂ 1901 ਰਾਜ ਕਰਨ ਵਾਲੀ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਹੀਮੋਫਿਲੀਆ-ਬੀ ਨਾਲ ਪੀੜਤ ਸੀ। ਵਿਕਟੋਰੀਆ ਤੋਂ ਬਾਅਦ 3 ਪੀੜ੍ਹੀਆਂ ਤੱਕ ਵੱਖ-ਵੱਖ ਸ਼ਾਹੀ ਪਰਿਵਾਰਾਂ ਦੇ ਮੈਂਬਰਾਂ 'ਚ ਇਸਦਾ ਅਸਰ ਦੇਖਿਆ ਗਿਆ।

ਹੀਮੋਫਿਲੀਆ ਇੱਕ ਦੁਰਲੱਭ ਬਿਮਾਰੀ ਹੈ ਜਿਸ 'ਚ ਸਰੀਰਕ ਖੁਨ ਆਮ ਤੌਰ 'ਤੇ ਜੰਮਦਾ ਨਹੀਂ। ਕਿਉਂ ਕਿ ਇਸ ਹਾਲਤ 'ਚ ਕਾਫੀ ਖੁਨ ਇਕੱਠਾ ਕਰਨ ਵਾਲੇ ਪ੍ਰੋਟੀਨ ਦੀ ਕਮੀ ਹੋ ਜਾਂਦੀ ਹੈ। ਖ਼ੂਨ ਵਗਣ ਦੀ ਹਾਲਤ 'ਚ ਸਰੀਰ ਆਮ ਤੌਰ 'ਤੇ ਖ਼ੂਨ ਦੇ ਸੈਲ਼ਾ ਨੂੰ ਇਕੱਠਾ ਕਰ ਦਿੰਦਾ ਹੈ ਅਤੇ ਖ਼ੂਨ ਵਹਿਣ ਨੂੰ ਰੋਕਣ ਲਈ ਇੱਕ ਗਤਲਾ ਬਣਦਾ ਹੈ। ਇਹ ਪ੍ਰਕਿਰਿਆ ਕੱਝ ਖੁਨ ਦੇ ਕਣਾਂ-ਪਲੇਟਲੈਟਾਂ 'ਤੇ ਪਲਾਜ਼ਮਾ ਪ੍ਰੋਟੀਨ ਦੁਆਰਾ ਲਿਆਂਦੀ ਜਾਂਦੀ ਹੈ।

ਕਿਸੇ ਸੱਟ ਲੱਗਣ ਤੋਂ ਬਾਅਦ ਲੰਬੇ ਸਮੇਂ ਤੱਕ ਖੁਨ ਵੱਗ ਸਕਦਾ ਹੈ। ਕਲੌਟਿੰਗ ਫੈਕਟਰ ਪ੍ਰੋਟੀਨ ਦੀ ਗੰਭੀਰ ਕਮੀ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣਾ ਜਾਨਲੇਵਾ ਵੀ ਹੋ ਸਕਦਾ ਹੈ।

ਬਿਮਾਰੀ ਦੀ ਹਾਲਤ 'ਚ ਆਮ 'ਤੇ ਡੂੰਘੀ ਸੱਟ, ਸਰਜਰੀ ਦੰਦਾਂ ਦੇ ਕੰਮ ਤੋਂ ਬਾਅਦ, ਇੰਜੈਕਸ਼ਨ ਤੋਂ ਬਾਅਦ ਦੇਰ ਤੱਕ ਖ਼ੂਨ ਵਗਣਾ, ਪਿਸ਼ਾਬ ਜਾਂ ਮਲ-ਤਿਆਗ ਵੇਲੇ, ਅਣਪਛਾਤੇ ਕਾਰਨਾਂ ਕਰਕੇ ਖ਼ੂਨ ਵਗਣਾ ਸ਼ੁਰੂ ਹੋ ਜਾਂਦਾ ਹੈ। ਹੀਮੋਫਿਲੀਆ-ਏ, ਬੀ ਤੇ ਸੀ ਵੱਖ-ਵੱਖ ਕਿਸਮ ਦੇ ਦੇਖੇ ਜਾਂਦੇ ਹਨ। ਐਕੁਆਇਰਡ ਹੀਮੋਫਿਲੀਆ 'ਚ ਕਮਜ਼ੋਰ ਇਮੀਊਨ ਸਿਸਟਮ 'ਤੇ ਖ਼ੂਨ ਜੰਮਣ ਦੇ ਕਾਰਕਾਂ 'ਤੇ ਹਮਲਾ ਕਰ ਸਕਦੀ ਹੈ। ਇਹ ਜ਼ਿਆਦਾਤਰ ਵਿਰਾਸਤ ਤੋਂ ਮਿਲਣ ਵਾਲਾ ਰੋਗ ਮੰਨਿਆ ਗਿਆ ਹੈ। ਇਸ ਬਿਮਾਰੀ ਨਾਲ ਜੁੜੇ ਇੱਕ ਜੀਨ 'ਚ ਅਚਾਨਕ ਤਬਦੀਲੀ ਆਉਂਦੀ ਹੈ। ਕੁੱਝ ਪ੍ਰਤੀਸ਼ਤ ਲੋਕਾਂ 'ਚ ਫੈਮਿਲੀ ਹਿਸਟਰੀ ਨਹੀਂ ਮਿਲਦੀ।



**ਲੋੜ ਹੈ ਧਿਆਣ ਰੱਖਣ ਦੀ:** ਡਰਾਈਵਿੰਗ ਵੇਲੇ ਸੀਟ ਬੈਲਟ, ਬਾਈਕ ਚਲਾਣ ਵੇਲੇ ਹੈਲਮੇਟ, ਦਰਦਾਂ ਦੀਆਂ ਦਵਾਈਆਂ ਘੱਟ 'ਤੇ ਡਾਕਟਰੀ ਸਲਾਹ ਨਾਲ ਹੀ ਲਵੋ। ਇਲਾਜ਼ ਲਈ ਡੀਸਮੋਪ੍ਰੇਸਿਨ ਹਾਰਮੋਨ ਸਰੀਰ ਨੂੰ ਵਧੇਰੇ ਗਤਲਾ ਫੈਕਟਰ ਨੂੰ ਛੱਡਣ ਲਈ ਉਤੇਜਿਤ ਕਰ ਸਕਦਾ ਹੈ। ਨਾੜੀ 'ਚ ਇਸਦੇ ਟੀਕੇ ਨਾਲ-ਨਾਲ ਨੱਕ ਦੀ ਸਪ੍ਰੇ ਵੀ ਮਦਦ ਕਰ ਸਕਦੀ ਹੈ। ਦਵਾਈਆਂ ਕਲਾਟਸ ਨੂੰ ਟੁੱਟਣ ਤੋਂ ਰੋਕਣ 'ਚ ਮਦਦ ਕਰਦੀਆਂ ਹਨ। ਫਾਈਬਰਿਨ ਸੀਲੈਂਟਸ ਦੰਦਾਂ ਦੀ ਥੀਰੈਪੀ 'ਚ ਹੈਲਪ ਕਰਦੀ ਹੈ। ਇਸ ਨਾਲ ਜ਼ਖ਼ਮੀਆਂ ਦਾ ਇਲਾਜ ਕੀਤਾ ਜਾਂਦਾ ਹੈ। ਆਮ ਖ਼ੂਨ ਵਗਣ ਦੀ ਹਾਲਤ 'ਚ ਦਬਾਅ 'ਤੇ ਪੱਟੀ ਅਤੇ ਆਈਸ ਪੈਕ ਨਾਲ ਮਦਦ ਮਿਲ ਸਕਦੀ ਹੈ।

**ਨੋਟ :** ਹੀਮਪਫਿਲੀਆ ਦੀਆਂ ਗੁੰਝਲਾਂ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣ ਨਾਲ ਸੋਜ਼, ਸੁੰਨਪਨ, ਜੋੜਾਂ ਦੇ ਦਰਦ ਦੀ ਗੰਭੀਰ ਹਾਲਤ, ਸ਼ੁਰੂ ਹੋ ਸਕਦੀ ਹੈ। ਔਰਤਾਂ 'ਚ ਭਾਰੀ ਮਾਹਵਾਰੀ ਕਾਰਨ ਖ਼ੂਨ ਵਹਿ ਸਕਦਾ ਹੈ। ਦਿਮਾਗੀ ਖ਼ੂਨ ਵਗਣ ਨਾਲ ਤੇਜ਼ ਸਿਰ-ਪੀੜ, ਗਰਦਨ 'ਚ ਅਕੜਾਅ, ਚੱਕਰ ਆਉਣੇ, ਉਲਟੀਆਂ, ਵਿਵਹਾਰ 'ਚ ਬਦਲਾਅ, ਅਚਾਨਕ ਕਮਜ਼ੋਰੀ, ਤੁਨ 'ਚ ਮੁਸ਼ਕਲ, ਵਗੈਰਾ ਲੱਛਣ ਸਾਹਮਣੇ ਆਉਂਦੇ ਹੀ ਐਮਰਜੈਂਸੀ ਮਦਦ ਲੈਣੀ ਚਾਹੀਦੀ ਹੈ।



# ਪੌਪਕਾਰਨ ਖਾਣ 'ਚ ਸਵਾਦੀ ਤੇ ਸਿਹਤ ਲਈ ਫ਼ਾਇਦੇਮੰਦ

ਘੱਟ ਕੈਲੋਰੀ ਅਤੇ ਭਰਪੂਰ ਫਾਈਬਰ ਵਾਲਾ ਪੌਪਕਾਰਨ ਵਜ਼ਨ ਘਟਾਉਣ ਵਾਲਿਆਂ ਲਈ ਇਕ ਬਿਹਤਰੀਨ ਨਾਸ਼ਤਾ ਹੈ। ਖੋਜਕਾਰਾਂ ਅਨੁਸਾਰ ਪੌਪਕਾਰਨ ਬੱਚਿਆਂ ਅਤੇ ਨੌਜਵਾਨਾਂ ਲਈ ਕਾਫ਼ੀ ਫ਼ਾਇਦੇਮੰਦ ਹੋ ਸਕਦਾ ਹੈ। ਅਸੀਂ ਇਕ ਦਿਨ ਵਿਚ ਜਿੰਨੇ ਅਨਾਜ ਦੀ ਵਰਤੋਂ ਕਰਦੇ ਹਾਂ, ਉਸ ਦਾ ਇਹ ਇਕ ਬਿਹਤਰੀਨ ਸਪਲੀਮੈਂਟ ਹੋ ਸਕਦਾ ਹੈ।

**ਐਂਟੀਆਕਸੀਡੈਂਟ ਨਾਲ ਭਰਪੂਰ :** ਪੌਪਕਾਰਨ ਵਿਚ ਪੋਲੀਫੈਨੋਲਸ ਨਾਮੀ ਐਂਟੀਆਕਸੀਡੈਂਟ ਪਾਇਆ ਜਾਂਦਾ ਹੈ, ਜੋ ਸਾਡੇ ਸਰੀਰ ਵਿਚ ਕੋਸ਼ਿਕਾਵਾਂ ਦੇ ਨੁਕਸਾਨ ਦਾ ਕਾਰਨ ਬਣਨ ਵਾਲੇ ਆਕਸੀਡੇਟਿਵ ਤਣਾਅ ਨਾਲ ਲੜਨ ਲਈ ਸਹਾਇਕ ਹੁੰਦਾ ਹੈ। ਇਹ ਸਾਡੇ ਹਾਜ਼ਮੇ ਨੂੰ ਸਹੀ ਰੱਖਦਾ ਹੈ ਅਤੇ ਅਲਜ਼ਾਈਮਰ ਅਤੇ ਸ਼ੂਗਰ ਵਰਗੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਇਹ ਇੰਸੁਲਿਨ ਅਤੇ ਕੋਲੈਸਟ੍ਰੋਲ ਦੇ ਪੱਧਰ ਵਿਚ ਸੁਧਾਰ ਕਰਦਾ ਹੈ।

**ਕੈਲੋਰੀ ਦੀ ਗਿਣਤੀ ਘੱਟ ਹੁੰਦੀ ਹੈ :** ਪੌਪਕਾਰਨ ਘੱਟ ਕੈਲੋਰੀਜ਼ ਵਾਲਾ ਖਾਣ ਵਾਲਾ ਪਦਾਰਥ ਹੈ। ਇਸ ਨੂੰ ਜੇਕਰ ਜ਼ਿਆਦਾ ਮਾਤਰਾ ਵਿਚ ਵੀ ਖਾਧਾ ਜਾਵੇ ਤਾਂ ਇਹ ਫੁੱਲਿਆ ਹੋਇਆ ਹੋਣ ਕਾਰਨ ਇਸ ਦੇ ਤਿੰਨ ਜਾਂ ਚਾਰ ਕੱਪ ਖਾ ਲਏ ਜਾਣ ਤਾਂ ਘੱਟ ਕੈਲੋਰੀ ਵਾਲਾ ਹੋਣ ਕਾਰਨ ਇਹ ਸਨੈਕ ਵਜ਼ਨ ਘਟਾਉਣ ਵਿਚ ਸਹਾਇਕ ਹੁੰਦਾ ਹੈ।

**ਫਾਈਬਰ ਦਾ ਚੰਗਾ ਸਰੋਤ :** ਪੌਪਕਾਰਨ ਫਾਈਬਰ ਦਾ ਇਕ ਚੰਗਾ ਸਰੋਤ ਹੈ। ਇਹ ਫਾਈਬਰ ਹਜ਼ਮ ਹੋਣ ਦੌਰਾਨ ਟੁੱਟਦਾ ਨਹੀਂ ਹੈ ਅਤੇ ਇਹ ਕਬਜ਼ ਨੂੰ ਘੱਟ ਕਰਦਾ ਹੈ। ਰੇਸ਼ੇ ਦੀ ਉੱਚ ਮਾਤਰਾ ਵਾਲੇ ਪੌਪਕਾਰਨ ਨੂੰ ਖਾਣ ਤੋਂ ਬਾਅਦ ਲੰਮੇ ਸਮੇਂ ਤੱਕ ਭੁੱਖ ਨਹੀਂ ਲਗਦੀ। ਇਹ ਇਕ ਇਸ ਤਰ੍ਹਾਂ ਦਾ ਸਾਬਤ ਅਨਾਜ ਹੈ, ਜੋ ਸ਼ੂਗਰ ਅਤੇ ਦਿਲ ਰੋਗ



ਦੇ ਖ਼ਤਰੇ ਨੂੰ ਘੱਟ ਕਰਦਾ ਹੈ। ਪੌਪਕਾਰਨ ਦਾ ਪੋਸ਼ਣ ਉਸੇ ਸਥਿਤੀ ਵਿਚ ਸੁਰੱਖਿਅਤ ਰਹਿੰਦਾ ਹੈ, ਜੇਕਰ ਇਸ ਨੂੰ ਸਿਹਤਮੰਦ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ। ਜੇਕਰ ਅਸੀਂ ਇਸ ਨੂੰ ਘਰ 'ਚ ਬਣਾਉਂਦੇ ਹਾਂ ਤਾਂ ਇਹ ਸਿਹਤਮੰਦ ਬਣ ਸਕਦਾ ਹੈ। ਪਰ ਜੇਕਰ ਤੁਸੀਂ ਇਸ ਨੂੰ ਮਾਈਕ੍ਰੋਵੇਵ ਵਿਚ ਬਣਾਉਂਦੇ ਹੋ ਤਾਂ ਇਹ ਸਿਹਤ ਲਈ ਫ਼ਾਇਦੇਮੰਦ ਹੁੰਦਾ ਹੈ। ਮੱਖਣ ਦੇ ਸਵਾਦ ਵਾਲੇ ਬਣੇ ਪੌਪਕਾਰਨ ਨੂੰ ਫੇਫੜਿਆਂ ਦੀ ਬਿਮਾਰੀ ਦਾ ਕਾਰਨ ਮੰਨਿਆ ਜਾਂਦਾ ਹੈ।

**ਕਿਸ ਤਰ੍ਹਾਂ ਖਾਈਏ :** ਜਿਨ੍ਹਾਂ ਲੋਕਾਂ ਨੂੰ ਹਾਜ਼ਮੇ ਸੰਬੰਧੀ ਪ੍ਰੇਸ਼ਾਨੀਆਂ ਹੋਣ, ਉਨ੍ਹਾਂ ਨੂੰ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪੌਪਕਾਰਨ ਖਾਣ ਲਈ ਨਹੀਂ ਦੇਣਾ ਚਾਹੀਦਾ ਕਿਉਂਕਿ ਇਹ ਉਨ੍ਹਾਂ ਦੇ ਗਲੇ ਵਿਚ ਫਸ ਕੇ ਦਮ ਘੁਟਣ ਦਾ ਕਾਰਨ ਬਣ ਸਕਦਾ ਹੈ। ਇਸ ਤਰ੍ਹਾਂ ਦੇ ਪੌਪਕਾਰਨ ਖ਼ਰੀਦੋ ਜੋ ਸਿਹਤ ਲਈ ਫ਼ਾਇਦੇਮੰਦ ਸਮੱਗਰੀ ਤੋਂ ਬਣੇ ਹੋਣ। ਆਰਗੈਨਿਕ ਪੌਪਕਾਰਨ, ਨਾਰੀਅਲ ਜਾਂ ਜੈਤੂਨ ਦੇ ਤੇਲ ਅਤੇ ਨਮਕ ਦੇ ਬਣੇ ਪੌਪਕਾਰਨ ਸਿਹਤ ਲਈ ਚੰਗੇ ਤੇ ਸੁਰੱਖਿਅਤ ਹੁੰਦੇ ਹਨ। ਇਨ੍ਹਾਂ ਨੂੰ ਘਰ ਵਿਚ ਹੀ ਬਣਾਓ ਜਾਂ ਬਾਜ਼ਾਰ ਵਿਚ ਨਮਕ ਵਿਚ ਭੁੰਨੇ ਹੋਏ ਪੌਪਕਾਰਨ ਲਓ।

-ਰਾਜਕੁਮਾਰ 'ਦਿਨਕਰ'


## Change of Name

I, ROHIT KUMAR S/O RAVINDER SACHAR, SACHAR VILLA RAILWAY ROAD PHAGWARA, KAPURTHALA PIN:144401, PUNJAB, INDIA NOW R/O 2501 OLIVE AVE APT 1 LONG BEACH CA 90806, USA HAVE CHANGED MY NAME TO ROHIT SACHAR.

# ਟਾਹਲੀ ’ਤੇ ਬੈਠ ਤੋਤਿਆ



**ਜੋਗਿੰਦਰ ਕੌਰ ਅਗਨੀਹੋਤਰੀ**

ਕੁਦਰਤ ਦੇ ਰੰਗ ਨਿਆਰੇ ਹਨ। ਕਹਿੰਦੇ ਹਨ ਕਿ ਮਨੁੱਖ ਸਮੇਤ 84 ਲੱਖ ਜੂਨੀਆਂ ਹਨ। 84 ਭਾਵੇਂ ਕਿਸੇ ਨੇ ਗਿਣੀਆਂ ਨਹੀਂ, ਪਰ ਇਸ ਤੋਂ ਵੱਧ ਵੀ ਹੋ ਸਕਦੀਆਂ ਹਨ। ਭਿੰਨ ਭਿੰਨ ਪ੍ਰਕਾਰ ਦੇ ਕੀਟ ਪਤੰਗਿਆਂ ਤੋਂ ਇਲਾਵਾ ਕੀੜੇ ਮਕੌੜਿਆਂ ਨੂੰ ਦੇਖਦੇ ਹਾਂ ਤਾਂ ਇੰਜ ਲੱਗਦਾ ਹੈ ਜਿਵੇਂ ਪਤਾ ਨਹੀਂ ਕਿੰਨੇ ਕੁ ਹੋਣਗੇ। ਭਾਵੇਂ ਵਿਗਿਆਨੀਆਂ ਨੇ ਵੱਖ ਵੱਖ ਨਸਲਾਂ ਦੇ ਪਸ਼ੂ-ਪੰਛੀਆਂ, ਜੀਵ-ਜੰਤੂਆਂ ਬਾਰੇ ਦੱਸਿਆ ਹੈ, ਪ੍ਰੰਤੂ ਕੁੱਝ ਕੁ ਕੀਟ-ਪਤੰਗਾਂ ਜਾਂ ਜੀਵ ਜੰਤੂਆਂ ਨੂੰ ਅਸੀਂ ਨਵਿਆਂ ਵਜੋਂ ਦੇਖਦੇ ਹਾਂ। ਕੁੱਝ ਪੁਰਾਣੀਆਂ ਜਾਤੀਆਂ ਲੁਪਤ ਹੋ ਗਈਆਂ ਹਨ ਅਤੇ ਉਨ੍ਹਾਂ ਦੀ ਥਾਂ ’ਤੇ ਨਵੀਆਂ ਜਾਤੀਆਂ ਪੈਦਾ ਹੋ ਗਈਆਂ ਹਨ। ਉਦਾਹਰਨ ਦੇ ਤੌਰ ’ਤੇ ਗਿਰਝਾਂ ਅਤੇ ਘੋਗੜ ਦੋ ਪ੍ਰਜਾਤੀਆਂ ਬਿਲਕੁਲ ਲੁਪਤ ਹਨ। ਹੋਰ ਵੀ ਪੰਛੀਆਂ ਅਤੇ ਪਸ਼ੂਆਂ, ਕੀਟ-ਪਤੰਗਾਂ ਅਤੇ ਜਾਨਵਰਾਂ ਨੂੰ ਦੇਖਦੇ ਹਾਂ। ਸਾਉਣ ਦੇ ਮਹੀਨੇ ਵਿੱਚ ਮੀਂਹ ਪੈਣ ਤੋਂ ਬਾਅਦ ਧਰਤੀ ’ਚੋਂ ਨਿਕਲੀ ਟੀਟ/ਚੀਚ ਵਹੁਟੀ ਹੁਣ ਬਹੁਤ ਘੱਟ ਦਿਖਾਈ ਦਿੰਦੀ ਹੈ। ਇਹ ਲਾਲ ਰੰਗ ਦੀ ਟੀਟ/ਚੀਚ ਵਹੁਟੀ ਸ਼ਨੀਲ ਦੇ ਕੱਪੜੇ ਵਰਗੀ ਲੱਗਦੀ ਹੈ।

ਇਸ ਤਰ੍ਹਾਂ ਹਰ ਪੰਛੀ ਦੀ ਆਪਣੀ ਆਪਣੀ ਥਾਂ ਹੈ। ਚਿੜੀਆਂ ਵੀ ਸਾਡੀ ਪ੍ਰਕਿਰਤੀ ਵਿੱਚ ਵਿਸ਼ੇਸ਼ ਥਾਂ ਰੱਖਦੀਆਂ ਹਨ। ਘਰ ਵਿੱਚ ਫਿਰਦੀਆਂ ਚਿੜੀਆਂ ਜਦ ਛੱਤਾਂ ਵਿੱਚ ਆਲ੍ਹਣੇ ਪਾਉਂਦੀਆਂ ਤਾਂ ਘਰਾਂ ਦੀ ਰੌਣਕ ਦੁੱਗਣੀ ਹੋ ਜਾਂਦੀ। ਸਵੇਰੇ ਉੱਠ ਕੇ ਚੀਂ ਚੀਂ ਕਰਨ ਵਾਲੀਆਂ ਚਿੜੀਆਂ ਮਨੁੱਖਾਂ ਨੂੰ ਵੀ ਉੱਠਣ ਲਈ ਪ੍ਰੇਰਿਤ ਕਰਦੀਆਂ। ਇਸੇ ਤਰ੍ਹਾਂ ਪੰਛੀਆਂ ਵਿੱਚ ਤੋਤਾ ਵੀ ਇੱਕ ਅਜਿਹਾ ਪੰਛੀ ਹੈ ਜੋ ਮਨੁੱਖ ਦੀ ਭਾਸ਼ਾ ਸਿੱਖ ਕੇ ਬੋਲ ਸਕਦਾ ਹੈ। ਖਾਣ ਪੀਣ ਵਿੱਚ ਤੋਤਾ ਬਹੁਤ ਹੁਸ਼ਿਆਰ ਹੈ। ਇਹ ਮਿੱਠੇ ਫ਼ਲਾਂ ਦਾ ਸ਼ੌਕੀਨ ਹੈ। ਇਹ ਬੇਰ, ਅਮਰੂਦ ਆਦਿ ਤੋੜ ਕੇ ਦੂਰ ਦੂਰ ਤੱਕ ਲੈ ਜਾਂਦਾ ਹੈ ਅਤੇ ਰੁੱਖ ’ਤੇ ਬੈਠ ਕੇ ਖਾਂਦਾ ਹੈ। ਤੋਤਾ ਤਾਂ ਹਰੀਆਂ ਮਿਰਚਾਂ ਵੀ ਤੋੜ ਕੇ ਲੈ ਜਾਂਦਾ ਹੈ।

ਹਰੇ ਰੰਗ ਦਾ ਤੋਤਾ ਜਿਸ ਦੀ ਚੁੰਝ ਲਾਲ ਹੁੰਦੀ ਹੈ, ਇਹ ਸਭ ਨੂੰ ਬਹੁਤ ਪਿਆਰਾ ਲੱਗਦਾ ਹੈ। ਇਹ ਆਮ ਕਰਕੇ ਦਰੱਖਤਾਂ ਖ਼ਾਸ ਕਰਕੇ ਨਿੰਮ ਜਾਂ ਟਾਹਲੀ ਦੀਆਂ ਖੋੜਾਂ ਵਿੱਚ ਰਹਿੰਦਾ ਹੈ। ਕਈ ਵਾਰ ਬੱਚੇ ਜਦੋਂ ਇਸ ਦੇ ਬੱਚਿਆਂ ਨੂੰ ਇਨ੍ਹਾਂ ਖੋੜਾਂ ਵਿੱਚੋਂ ਕੱਢਣ ਦਾ ਯਤਨ ਕਰਦੇ ਹਨ ਤਾਂ ਕਈ ਵਾਰ ਤੋਤੇ ਜਾਂ ਤੋਤੀਆਂ ਦੰਦੀ ਵੀ ਵੱਢ ਲੈਂਦੇ ਹਨ। ਤੋਤੇ ਦੇ ਰੰਗ ਤੋਂ ਪ੍ਰਭਾਵਿਤ ਹੋ ਕੇ ਔਰਤਾਂ ਤੋਤੇ ਰੰਗਾ ਸੂਟ ਸੰਵਾਉਣਾ ਪਸੰਦ ਕਰਦੀਆਂ ਹਨ। ਕਈ ਵਾਰ ਔਰਤਾਂ ਤੋਤੇ ਰੰਗੇ ਸੂਟ ਨਾਲ ਲਾਲ ਚੁੰਨੀ ਲੈ ਲੈਂਦੀਆਂ ਹਨ। ਉਹ ਵੀ ਬਹੁਤ ਸੋਹਣੀ ਲੱਗਦੀ ਹੈ। ਅਜਿਹੀਆਂ ਸ਼ੌਕੀਨ ਔਰਤਾਂ ਨੂੰ ਦੇਖ ਕੇ ਕਈ ਮਨਚਲੇ ਨੌਜਵਾਨ ਇਹ ਵੀ ਕਹਿ ਦਿੰਦੇ ਹਨ ਕਿ ਤੋਤਾ ਤਾਂ ਬਿਨਾਂ ਖੰਭਾਂ ਤੋਂ ਹੀ ਉੱਡਿਆ ਫਿਰਦਾ ਹੈ।

ਤੋਤੇ ਨੂੰ ਪਾਲਤੂ ਬਣਾਇਆ ਜਾਂਦਾ ਹੈ। ਸਾਰੇ ਤੋਤੇ ਬੋਲਣ ਵਿੱਚ ਮਾਹਿਰ ਨਹੀਂ ਬਣਦੇ। ਕੁੱਝ ਵਿਸ਼ੇਸ਼ ਕਿਸਮ ਦੇ ਤੋਤੇ ਜਾਂ ਤੋਤੀਆਂ ਮਨੁੱਖ ਦੀ ਨਕਲ ਕਰਦੇ ਹਨ। ਇਨ੍ਹਾਂ ਨੂੰ ਲਾਲ ਮੋਢਿਆਂ ਵਾਲੇ ਤੋਤੇ-ਤੋਤੀਆਂ ਵੀ ਕਿਹਾ ਜਾਂਦਾ ਹੈ। ਘਰ ਵਿੱਚ ਜਦੋਂ ਵੀ ਕੋਈ ਬੋਲਦਾ ਹੈ ਤਾਂ ਇਹ ਉਹੀ ਸਿੱਖ ਲੈਂਦਾ ਹੈ ਅਤੇ ਜਵਾਬ ਦੇਣਾ ਵੀ ਇਨ੍ਹਾਂ ਨੂੰ ਆਉਂਦਾ ਹੈ ਤਾਂ ਹੀ ਤਾਂ ਇਸ ਨੂੰ ਲਟਪਟ ਪੰਛੀ ਕਿਹਾ ਜਾਂਦਾ ਹੈ।

ਸੋਹਣੇ ਰੰਗ ਅਤੇ ਮਨੁੱਖੀ ਬੋਲੀ ਬੋਲਣ ਕਾਰਨ ਤੋਤਾ ਲੋਕਾਂ ਦਾ ਮਨਭਾਉਂਦਾ ਪੰਛੀ ਹੈ। ਸ਼ੌਕ ਵਜੋਂ ਇਸ ਨੂੰ ਲੋਕ ਪਾਲਦੇ ਵੀ ਹਨ ਅਤੇ ਆਪਣੀ ਬੋਲੀ ਬੋਲਣ ਲਈ ਕਹਿੰਦੇ ਹਨ। ਪਾਲਤੂ ਤੋਤਿਆਂ ਨੂੰ ਘਰਾਂ ਵਿੱਚ ਫ਼ਲਾਂ ਤੋਂ ਇਲਾਵਾ ਚੂਰੀ ਵੀ ਪਾਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਕਾਜੂ, ਬਦਾਮ ਵੀ ਪਾਏ ਜਾਂਦੇ ਹਨ। ਤੋਤੇ ਨੂੰ ਪਿੰਜਰੇ ਵਿੱਚ ਰੱਖਿਆ ਜਾਂਦਾ ਹੈ ਅਤੇ ਕੁੱਝ ਸਮੇਂ ਲਈ ਬਾਹਰ ਵੀ ਕੱਢਿਆ ਜਾਂਦਾ ਹੈ। ਇਸ ਤਰ੍ਹਾਂ ਲੋਕ ਗੀਤਾਂ ਵਿੱਚ ਤੋਤੇ ਦਾ ਜ਼ਿਕਰ ਤਰ੍ਹਾਂ ਤਰ੍ਹਾਂ ਦੇ ਭਾਵਾਂ ਨੂੰ ਜ਼ਾਹਰ ਕਰਨ ਲਈ ਕੀਤਾ ਜਾਂਦਾ ਹੈ। ਕੋਈ ਸਮਾਂ ਇਹੋ ਜਿਹਾ ਵੀ ਹੁੰਦਾ ਸੀ ਜਦੋਂ ਮਾਤਾ-ਪਿਤਾ ਦੀ ਮਜਬੂਰੀ ਕਾਰਨ ਕਈ ਵਾਰ ਕੁੜੀ ਨੂੰ ਵੱਡੀ ਉਮਰ ਦੇ ਵਿਅਕਤੀ ਨਾਲ ਵੀ ਵਿਆਹ ਦਿੱਤਾ ਜਾਂਦਾ ਸੀ। ਉਸ ਵੇਲੇ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਇਹੋ ਜਿਹੇ ਗੀਤ ਲੋਕ ਗੀਤਾਂ ਵਿੱਚ ਆ ਕੇ ਰਲੇ;

**ਰਾਇਆ, ਰਾਇਆ, ਰਾਇਆ**  
**ਟੁੱਟ ਪੈਣੇ ਤੋਤੇ ਨੇ**  
**ਮੇਰੀ ਗੁੱਤ ’ਤੇ ਆਲ੍ਹਣਾ ਪਾਇਆ।**  
**ਸ਼ੀਸ਼ੀਏ ਬਦਾਮੀ ਰੰਗੀਏ**  
**ਚਿੱਟੀ ਪੱਗ ਨੂੰ ਦਾਗ ਨਾ ਲਾਇਆ।**  
**ਰੋਂਦੀ ਮਾਂ ਕੋਲੇ**  
**ਹਾਣ ਦਾ ਮੁੰਡਾ ਨਾ ਥਿਆਇਆ।**

ਇਸੇ ਤਰ੍ਹਾਂ ਜਦੋਂ ਦੋ ਪ੍ਰੇਮੀ ਆਪਸ ਵਿੱਚ ਨਾ ਮਿਲ ਸਕਣ ਜਾਂ ਸਮਾਜ ਵੱਲੋਂ ਉਨ੍ਹਾਂ ਦਾ ਵਿਰੋਧ ਕੀਤੇ ਜਾਣ ’ਤੇ ਦੋਵੇਂ ਇੱਕ ਦੂਜੇ ਤੋਂ ਵਿੱਛੜ ਜਾਣ ਤਾਂ ਵੀ ਇਸ ਤਰ੍ਹਾਂ ਜ਼ਿਕਰ ਕੀਤਾ ਜਾਂਦਾ ਹੈ;

**ਰਾਇਆ, ਰਾਇਆ, ਰਾਇਆ**  
**ਟੁੱਟ ਪੈਣੇ ਤੋਤੇ ਨੇ**  
**ਮੇਰੀ ਗੁੱਤ ’ਤੇ ਆਲ੍ਹਣਾ ਪਾਇਆ**  
**ਸ਼ੀਸ਼ੀਏ ਬਦਾਮੀ ਰੰਗੀਏ**  
**ਚਿੱਟੀ ਪੱਗ ਨੂੰ ਦਾਗ ਨਾ ਲਾਇਆ**  
**ਚੁਗਦੇ ਹੰਸਾਂ ਦਾ**  
**ਰੱਬ ਨੇ ਵਿਛੋੜਾ ਪਾਇਆ।**

ਸਾਡੇ ਸਮਾਜ ਦੀ ਬਾਜ਼ ਅੱਖ ਹਰ ਬੰਦੇ ’ਤੇ ਹੁੰਦੀ ਹੈ। ਸਾਧਾਰਨ ਵਿਅਕਤੀ ਨੂੰ ਲੋਕ ਸਾਧਾਰਨ ਸਮਝਦੇ ਨੇ, ਪ੍ਰੰਤੂ ਜੇਕਰ ਸ਼ੌਕੀਨ ਵਿਅਕਤੀ ਜਾਂ ਔਰਤ ਕੋਈ ਵਧੀਆ ਕੱਪੜੇ ਪਾ ਲਵੇ ਤਾਂ ਉਸ ਨੂੰ ਦੇਖ ਕੇ ਕੁੱਝ ਨਾ ਕੁੱਝ ਜ਼ਰੂਰ ਬੋਲਦੇ ਹਨ, ਹੋਰ ਨਹੀਂ ਤਾਂ ਲੋਕ ਗੀਤਾਂ ਦਾ ਸਹਾਰਾ ਲੈ ਕੇ ਨਵੇਂ ਗੀਤ ਬਣਾ ਦਿੰਦੇ ਹਨ।

ਤੋਤਾ ਮਨੁੱਖਾਂ ਵਾਲੀ ਭਾਸ਼ਾ ਸਿੱਖਦਾ ਹੈ ਅਤੇ ਬੋਲਦਾ ਹੈ। ਕਈ ਵਾਰ ਜਦੋਂ ਕੋਈ ਬੰਦਾ ਕਿਸੇ ਦੇ ਮਗਰ ਲੱਗੇ ਤਾਂ ਉਸ ਨੂੰ ਲੋਕ ਚਾਬੀ ਵਾਲਾ ਤੋਤਾ ਵੀ ਕਹਿ ਦਿੰਦੇ ਹਨ ਕਿਉਂਕਿ ਖਿਡਾਉਣੇ ਤੋਤਿਆਂ ਵਿੱਚ ਚਾਬੀ ਵਾਲਾ ਤੋਤਾ ਵੀ ਦੂਜੇ ਤੋਤੇ ਵਾਂਗ ਬੋਲਦਾ ਹੈ ਤੇ ਇਸ ਲਈ ਇਸ ਨੂੰ ਸੱਚ ਕਰਨ ਲਈ ਲੋਕ ਉਸ ਮਨੁੱਖ ਨੂੰ ਚਾਬੀ ਵਾਲਾ ਤੋਤਾ ਵੀ ਕਹਿ ਦਿੰਦੇ ਹਨ। ਤੋਤਾ ਜਿਊਂਦਾ ਹੋਵੇ ਜਾਂ ਬਣਾਉਟੀ, ਬੱਚਿਆਂ ਨੂੰ ਬਹੁਤ ਪਸੰਦ ਹੈ। ਬੱਚਿਆਂ ਦੇ ਖਿਡੌਣਿਆਂ ਵਿੱਚ ਤੋਤਾ ਹਮੇਸ਼ਾਂ ਸ਼ਾਮਲ ਹੁੰਦਾ ਹੈ।

ਤੋਤੇ ਨੂੰ ਚਲਾਕ ਪੰਛੀ ਸਮਝਿਆ ਜਾਂਦਾ ਹੈ ਕਿਉਂਕਿ ਉਹ ਦੇਖਦੇ ਦੇਖਦੇ ਹੀ ਰੁੱਖਾਂ ਤੋਂ ਫ਼ਲ ਤੋੜ ਕੇ ਲੈ ਜਾਂਦਾ ਹੈ। ਤੋਤੇ ਦੀ ਚਲਾਕੀ ਦੀ ਗੱਲ ਲੋਕ ਗੀਤਾਂ ਵਿੱਚ ਇੰਜ ਕੀਤੀ ਜਾਂਦੀ ਹੈ;

**ਉੱਡਿਆ ਸੀ ਤਿਲੀਅਰ ਤੋਤਾ**  
**ਸੱਗੀ ’ਤੇ ਬਹਿ ਗਿਆ ਨੀਂ।**  
**ਸੱਗੀ ਦੀ ਆਬ ਗਵਾ ਗਿਆ**  
**ਰਸ ਫੁੱਲੀਆਂ ਦਾ ਲੈ ਗਿਆ ਨੀਂ।**  
**ਡਰਦੀ ਹਾਂ ਸਿੰਘ ਜੀ ਕੋਲੋਂ**  
**ਮੂੱਖੋਂ ਨਾ ਬੋਲਦਾ ਨੀਂ।**

ਤੋਤੇ ਦੀ ਸੁੰਦਰਤਾ ਦੇਖ ਕੇ ਇਸ ਨੂੰ ਬੁਝਾਰਤਾਂ ਵਿੱਚ ਵੀ ਲਿਆਂਦਾ ਗਿਆ;

**ਹਰੀ ਚੁੰਨੀ, ਲਾਲ ਕਿਨਾਰੀ**  
**ਤੂੰ ਟੁੱਟ ਪੈਣਿਆਂ**  
**ਮੇਰੇ ਇੱਟ ਕਿਉਂ ਮਾਰੀ।**

ਅੱਸੂ-ਕੱਤੇ ਪੱਕੇ ਹੋਏ ਬਾਜਰੇ ਦੀ ਫ਼ਸਲ ਨੂੰ ਤੋਤਿਆਂ ਤੋਂ ਬਚਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਇਸ ਦੀ ਰਾਖੀ ਬੈਠ ਕੇ ਕਰਨੀ ਪੈਂਦੀ ਹੈ। ਇਹ ਤੋਤੇ ਸਿੱਟੇ ਵੀ ਤੋੜ ਕੇ ਨਾਲ ਲੈ ਜਾਂਦੇ ਹਨ। ਸੋ ਤੋਤਾ ਦੂਜੇ ਪੰਛੀਆਂ ਨਾਲੋਂ ਵੱਧ ਚਲਾਕ ਅਤੇ ਸ਼ਰਾਰਤੀ ਹੁੰਦਾ ਹੈ।






# ਭੈਣਾਂ ਵਰਗਾ ਸਾਕ ਨਾ ਕੋਈ



ਰਿਸ਼ਤਿਆਂ ਦਾ ਤਾਣਾ ਬਾਣਾ ਜ਼ਿੰਦਗੀ ਨੂੰ ਜਿਊਣ ਜੋਗੀ ਕਰੀ ਰੱਖਦਾ ਹੈ। ਕੁੱਝ ਰਿਸ਼ਤੇ ਹੰਢਾਉਣੇ ਪੈਂਦੇ ਨੇ ਤੇ ਕੁੱਝ ਰਿਸ਼ਤੇ ਨਿਭਾਉਣੇ ਪੈਂਦੇ ਨੇ, ਪ੍ਰੰਤੂ ਕੁੱਝ ਰਿਸ਼ਤੇ ਹੱਡਾਂ ਨਾਲ ਜੁੜੇ ਹੁੰਦੇ ਨੇ ਜਿਨ੍ਹਾਂ ਨੂੰ ਅੰਦਰਲੀ ਖਿੱਚ ਮਰਨ ਨਹੀਂ ਦਿੰਦੀ। ਇੱਕ ਧੀ ਦਾ ਪੇਕਿਆਂ ਨਾਲ ਮੋਹ ਉਸ ਦੇ ਹੱਡਾਂ ਵਿੱਚੋਂ ਕਦੇ ਮਨਫੀ ਨਹੀਂ ਹੋ ਸਕਦਾ। ਪੇਕਿਆਂ ਦਾ ਮੋਹ ਉਸ ਦੇ ਇਕੱਲੇ ਘਰ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਪਿੰਡ ਦੀਆਂ ਜੂਹਾਂ ਵਿੱਚ ਵੀ ਸਮਾਇਆ ਹੁੰਦਾ ਹੈ। ਕਹਿੰਦੇ ਹਨ ਕਿ ਧੀ ਦੇ ਪੇਕੇ ਉਸ ਦੇ ਮਾਂ-ਪਿਉ ਨਾਲ ਹੀ ਹੁੰਦੇ ਹਨ। ਇਸ ਗੱਲ ਦੀ ਤਰਜ਼ਮਾਨੀ ਸ਼ਮਸ਼ੇਰ ਸੰਧੂ ਦਾ ਇੱਕ ਗੀਤ ਵੀ ਕਰਦਾ ਹੈ ਜਿਸ ਨੂੰ ਸੁਰਜੀਤ ਬਿੰਦਰੱਖੀਏ ਨੇ ਗਾਇਆ ਹੈ;

**ਮਾਂ ਮੈਂ ਮੁੜ ਪੇਕੇ ਨਹੀਂ ਆਉਣਾ**
**ਪੇਕੇ ਹੁੰਦੇ ਮਾਵਾਂ ਨਾਲ।**

ਧੀ ਦੇ ਹੱਡਾਂ ਵਿੱਚ ਪੇਕਿਆਂ ਦਾ ਮੋਹ ਉਸ ਦੇ ਰੋਮ-ਰੋਮ ਵਿੱਚ ਸਮਾਇਆ ਹੁੰਦਾ ਹੈ। ਭਰਜਾਈ ਭਾਵੇਂ ਲੱਖ ਨੱਕ-ਬੁੱਲ੍ਹ ਕੱਢਦੀ ਹੋਵੇ, ਪ੍ਰੰਤੂ ਭੈਣ ਦੇ ਸੀਨੇ ਵਿੱਚ ਭਰਾ ਪ੍ਰਤੀ ਮੋਹ ਸਦਾ ਹੀ ਤਰੋ-ਤਾਜ਼ਾ ਰਹਿੰਦਾ ਹੈ। ਜਦੋਂ ਵੀਰ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤਾਂ ਉਸ ਨੂੰ ਆਪਣੇ ਬਾਬਲ ਦੀ ਵੇਲ ਵਧਦੀ ਨਜ਼ਰ ਆਉਂਦੀ ਹੈ। ਉਸ ਦੇ ਅੰਦਰਲਾ ਵਜੂਦ ਲੋਕ-ਬੋਲੀ ਬਣ ਕੇ ਉੱਛਲ ਪੈਂਦਾ ਹੈ;

**ਚੰਨ ਚੜ੍ਹਿਆ ਬਾਪ ਦੇ ਵਿਹੜੇ**
**ਵੀਰ ਘਰ ਪੁੱਤ ਜੰਮਿਆ।**

ਧੀ ਦੇ ਅੰਦਰਲੀ ਤੜਫ਼ ਪੇਕਿਆਂ ਦੇ ਮੋਹ ਨੂੰ ਖ਼ੁਰਨ ਨਹੀਂ ਦਿੰਦੀ। ਪੇਕੇ ਪਰਿਵਾਰ ਨਾਲ ਜੁੜੇ ਭਾਵੇਂ ਸਾਰੇ ਹੀ ਰਿਸ਼ਤੇ ਉਸ ਨੂੰ ਸਕੂਨ ਬਖ਼ਸ਼ਦੇ ਹਨ, ਪ੍ਰੰਤੂ ਇੱਕ ਭੈਣ ਦਾ ਆਪਣੇ ਭਰਾ ਪ੍ਰਤੀ ਮੋਹ ਸਮੁੰਦਰ ਦੀਆਂ ਲਹਿਰਾਂ ਵਾਂਗ ਉੱਛਲਦਾ ਦਿਖਾਈ ਦਿੰਦਾ ਹੈ। ਭੈਣ ਭਾਵੇਂ ਆਪ ਵੀ ਬਾਲ-ਬੱਚੇ ਵਾਲੀ ਹੋਵੇ, ਪ੍ਰੰਤੂ ਆਪਣੇ ਭਤੀਜੇ-ਭਤੀਜੀਆਂ ਦਾ ਹੇਜ ਸਦਾ ਹੀ ਮੋਹ ਦੇ ਅੱਥਰੂ ਬਣ ਕੇ ਸਿੰਮਦਾ ਰਹਿੰਦਾ ਹੈ। ਲੋਕ-ਬੋਲੀਆਂ ਤੇ ਲੋਕ-ਗੀਤ ਮਨੁੱਖੀ ਜਾਮੇ ਦੀ ਕਿਸੇ ਵੀ ਭਾਵਨਾ ਨੂੰ ਛੁਪਿਆਂ ਨਹੀਂ ਰਹਿਣ ਦਿੰਦੇ। ਲੋਕ-ਬੋਲੀਆਂ ਮਨੁੱਖੀ ਹਿਰਦਿਆਂ ਵਿੱਚ ਧੜਕਦੇ ਵਲਵਲਿਆਂ ਨੂੰ ਜੀਭ ਲਾ ਦਿੰਦੀਆਂ ਹਨ। ਗਿੱਧੇ ਦੇ ਪਿੜ ਵਿੱਚ ਮਨੁੱਖੀ ਸਰੋਕਾਰਾਂ ਨਾਲ ਜੁੜੇ ਸਾਰੇ ਹੀ ਸੱਚ ਭਾਂਬੜ ਬਣ ਕੇ ਨੱਚ ਉੱਠਦੇ ਹਨ। ਕੋਈ ਰਿਸ਼ਤਾ ਲੋਕ-ਬੋਲੀਆਂ ਤੋਂ ਮੂੰਹ ਪਾਸੇ ਨਹੀਂ ਕਰ ਸਕਦਾ। ਭੈਣ ਦੇ ਮੂੰਹੋਂ ਗਿੱਧੇ ਦੇ ਪਿੜ ਵਿੱਚ ਭਰਾ ਪ੍ਰਤੀ ਮੋਹ ਦਾ ਪ੍ਰਗਟਾਵਾ ਇਉਂ ਦਿਖਾਈ ਦਿੰਦਾ ਹੈ;

**ਕਾਲੇ ਸੂਟ 'ਤੇ ਸਜੇ ਜੰਜ਼ੀਰੀ**
**ਰੋਜ਼ ਰੋਜ਼ ਨਾ ਪਾਵਾਂ।**
**ਨੀਂ ਸੋਹਣੇ ਵੀਰਨ ਦੀ**
**ਸਹੁੰ ਝੂਠੀ ਨਾ ਖਾਵਾਂ।**

ਜ਼ਮਾਨੇ ਨੇ ਕਰਵੱਟ ਬਦਲੀ ਹੈ। ਇੱਕ ਸਮਾਂ ਸੀ ਜਦੋਂ ਬਹੁਤਿਆਂ ਭਰਾਵਾਂ ਵਾਲੀ ਦੀ ਸਹੁਰੇ ਘਰ ਵੀ ਕਦਰ ਹੁੰਦੀ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀ ਹੋਣ ਕਰਕੇ ਬਹੁਤੇ ਭਰਾਵਾਂ ਦੀ ਖੇਤੀ ਦੇ ਕਾਰੋਬਾਰ ਵਿੱਚ ਵੱਧ ਲੋੜ ਹੁੰਦੀ ਸੀ, ਪਰ ਹੁਣ ਧਾਰਨਾ ਉਲਟ ਹੈ। ਹੁਣ ਜਿੰਨੇ ਭਰਾ ਘੱਟ ਹੋਣਗੇ, ਸਮਾਜਿਕ ਤੌਰ 'ਤੇ ਉਸ ਦੀ ਓਨੀ ਕਦਰ ਵੱਧ ਪਵੇਗੀ। ਧੀ ਦਾ ਬਾਪ ਵੀ ਹੁਣ ਉੱਥੇ ਹੀ ਸਾਕ ਕਰਨ ਨੂੰ ਪਹਿਲ ਦਿੰਦਾ ਹੈ ਜਿੱਥੇ ਪੁੱਤਰ ਇਕੱਲਾ-ਕੈਰ੍ਹਾ ਹੋਵੇ। ਜਦੋਂ ਬਹੁਤਿਆਂ ਭਰਾਵਾਂ ਵਾਲਾ ਸਮਾਂ ਮਾਨਯੋਗ ਹੁੰਦਾ ਸੀ, ਉਦੋਂ ਬਹੁਤਿਆਂ ਭਰਾਵਾਂ ਵਾਲੀ ਭੈਣ ਵੀ ਫੁੱਲੀ ਨਹੀਂ ਸੀ ਸਮਾਉਂਦੀ;

**ਮਹਿੰਦੀ ਮਹਿੰਦੀ ਸਭ ਜੱਗ ਕਹਿੰਦਾ**
**ਮੈਂ ਵੀ ਆਖਾਂ ਮਹਿੰਦੀ।**
**ਘੋਟ-ਘੋਟ ਕੇ ਹੱਥਾਂ 'ਤੇ ਲਾਵਾਂ**
**ਬੱਤੀਆਂ ਬਣ ਬਣ ਲਹਿੰਦੀ।**
**ਫੌਜ ਭਰਾਵਾਂ ਦੀ**
**ਤਖ਼ਤਪੋਸ਼ 'ਤੇ ਬਹਿੰਦੀ।**

ਭੋਲਾ ਸਿੰਘ ਸ਼ਮੀਰੀਆ

ਭੈਣ ਦੇ ਮੋਹ ਨੂੰ ਕਿਸੇ ਵੀ ਤਰਾਜ਼ੂ ਨਾਲ ਤੋਲਿਆ ਨਹੀਂ ਜਾ ਸਕਦਾ। ਜਦੋਂ ਵੀਰ, ਭੈਣ ਨੂੰ ਮਿਲ ਕੇ ਵਾਪਸ ਜਾਣ ਲਈ ਖੜ੍ਹਾ ਹੁੰਦਾ ਹੈ ਤਾਂ ਭੈਣ ਦਾ ਕਲੇਜਾ ਪਾਟਣ ਨੂੰ ਆਉਂਦਾ ਹੈ। ਬੇਸ਼ੱਕ ਭੈਣ ਆਪਣੀ ਇਸ ਵੇਦਨਾ ਨੂੰ ਪ੍ਰਗਟ ਨਾ ਕਰੇ, ਪ੍ਰੰਤੂ ਗਿੱਧੇ ਦੇ ਪਿੜ ਵਿੱਚ ਭੈਣ ਦਾ ਦਰਦ ਚੀਕਾਂ ਮਾਰ ਉੱਠਦਾ ਹੈ;

**ਆਉਂਦੇ ਵੀਰ ਦਾ ਬੋਤਾ ਸਿਆਣਿਆ**
**ਜਾਂਦੇ ਵੀਰ ਦੀ ਲੋਈ।**
**ਵੀਰਾ ਲੈ ਚੱਲ ਵੇ**
**ਤੈਨੂੰ ਵੇਖ ਕੇ ਰੋਈ।**

ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਜਦੋਂ ਕੋਈ ਦੋ ਰੂਹਾਂ (ਭਾਵੇਂ ਕੋਈ ਵੀ ਹੋਣ) ਇੱਕ ਦੂਜੇ ਪ੍ਰਤੀ ਸੱਚੀ-ਸੁੱਚੀ ਮੁਹੱਬਤ ਦੇ ਰੰਗ ਵਿੱਚ ਰੰਗੀਆਂ ਗਈਆਂ ਹੋਣ ਤਾਂ ਦੋਹਾਂ ਧਿਰਾਂ ਵਿੱਚ ਜਦੋਂ ਕੋਈ ਹੋਰ ਤੀਜੀ ਧਿਰ ਮੁਹੱਬਤ ਦੇ ਤੰਦ ਪਾਉਣੇ ਸ਼ੁਰੂ ਕਰ ਦੇਵੇ ਤਾਂ ਪਹਿਲੀਆਂ ਦੋਹੇਂ ਧਿਰਾਂ ਵਿੱਚੋਂ ਇੱਕ ਨੂੰ ਸੜੇਵਾਂ ਹੋਣਾ ਕੁਦਰਤੀ ਹੈ। ਭਰਾ ਭਰਜਾਈ ਦੇ ਲਾਡ-ਪਿਆਰ ਤੋਂ ਭੈਣ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਕਿਤੇ ਭਰਾ ਸਾਰਾ ਮੋਹ ਭਰਜਾਈ ਦੀ ਝੋਲੀ ਵਿੱਚ ਨਾ ਪਾ ਦੇਵੇ ਤੇ ਭੈਣ ਆਪਣੇ ਹਿੱਸੇ ਦੇ ਮੋਹ ਤੋਂ ਵੀ ਕਿਤੇ ਵਾਂਝੀ ਨਾ ਹੋ ਜਾਵੇ। ਅਜਿਹੇ ਮੌਕੇ ਭੈਣ ਆਪਣੇ ਵੀਰ ਨੂੰ ਇੱਕ ਨਸੀਹਤ ਦਿੰਦੀ ਹੈ। ਇਹ ਲੋਕ ਬੋਲੀ ਭੈਣ ਦੀ ਭਾਵਨਾ ਦਰਸਾ ਰਹੀ ਹੈ;

**ਬਾਰੀਂ ਵਰਸੀਂ ਖੱਟਣ ਗਿਆ ਸੀ**
**ਖੱਟ ਕੇ ਲਿਆਂਦੀ ਸੂਤ ਦੀ ਅੱਟੀ।**
**ਔਖਾ ਹੋਵੇਂਗਾ ਵੀਰਾ**
**ਭਾਬੋ ਲਾਡਲੀ ਰੱਖੀ।**

ਜਦ ਵੀਰ, ਭੈਣ ਦੇ ਘਰ ਜਾਂਦਾ ਹੈ ਤਾਂ ਭੈਣ ਨੂੰ ਚਾਅ ਚੜ੍ਹ ਜਾਂਦਾ ਹੈ। ਵੀਰ ਨੂੰ ਰੋਟੀ ਖਵਾਉਂਦਿਆਂ ਹੀ ਭੈਣ ਦੀ ਭੁੱਖ ਲਹਿ ਜਾਂਦੀ ਹੈ। ਭੈਣ ਚਾਵਾਂ ਨਾਲ ਖੀਰ ਬਣਾਉਂਦੀ ਹੈ। ਕਿਸੇ ਕਾਰਨ ਵੀਰ ਨੇ ਖੀਰ ਨਹੀਂ ਖਾਧੀ। ਭੈਣ ਦੇ ਅੰਦਰੋਂ ਕੁੱਝ ਖੁੱਸਣ ਲੱਗਦਾ ਹੈ। ਭੈਣ ਦੇ ਅੰਦਰਲਾ ਦੁੱਖ ਬੋਲੀ ਬਣ ਕੇ ਬੁੱਲ੍ਹਾਂ 'ਤੇ ਆ ਜਾਂਦਾ ਹੈ;

**ਵੀਰਵਾਰ ਦੀ ਰੱਖੀ ਥੇਈ**
**ਵਧੀਆ ਖੀਰ ਬਣਾਈ।**
**ਹੋਰ ਤਾਂ ਸਾਰੇ ਖਾ ਗਏ ਬਹਿ ਕੇ**
**ਤੈਂ ਬੁਰਕੀ ਨਾ ਲਾਈ।**
**ਰੋਟੀ ਖਾ ਵੀਰਾ**
**ਭੈਣ ਫਿਰੇ ਕੁਮਲਾਈ।**

ਭੈਣ ਦੇ ਘਰ ਭਾਵੇਂ ਕੁਦਰਤ ਨੇ ਸਾਰੀਆਂ ਸੁਗਾਤਾਂ ਦਿੱਤੀਆਂ ਹੋਣ। ਕਬੀਲਦਾਰੀ ਪੱਖੋਂ ਸੌਖੀ ਹੋਣ ਕਰਕੇ ਉਸ ਨੂੰ ਭਾਵੇਂ ਕਿਸੇ ਵੀ ਚੀਜ਼ ਦੀ ਭੁੱਖ ਨਹੀਂ ਹੁੰਦੀ, ਪ੍ਰੰਤੂ ਪੇਕਿਆਂ ਤੋਂ ਮਿਲਣ ਵਾਲੀ ਸੌਗਾਤ ਦਾ ਇੱਕ ਭੈਣ ਨੂੰ ਵੱਖਰਾ ਜਿਹਾ ਸੁਆਦ ਤੇ ਮਾਣ ਮਹਿਸੂਸ ਹੁੰਦਾ ਹੈ। ਆਪਣੇ ਭਰਾਵਾਂ ਦੀਆਂ ਕਬੀਲਦਾਰੀਆਂ ਦਾ ਵੀ ਭੈਣ ਨੂੰ ਅਹਿਸਾਸ ਹੁੰਦਾ ਹੈ। ਕਿਸੇ ਭੈਣ ਦਾ ਇੱਕ ਭਰਾ ਕਬੀਲਦਾਰੀ ਨੇ ਕੁੱਬਾ ਕੀਤਾ ਹੋਇਆ ਹੈ। ਛੋਟਾ ਭਰਾ ਕਬੀਲਦਾਰੀ ਵਿੱਚ ਕੁੱਝ ਸੌਖਾ ਹੈ। ਇੱਕ ਭੈਣ ਆਪਣੇ ਛੋਟੇ ਭਰਾ ਕੋਲ ਵੱਡੇ ਵੀਰ ਦੀ ਟੁੱਟੀ ਹੋਈ ਆਰਥਿਕਤਾ ਦਾ ਵਾਸਤਾ ਪਾਉਂਦੀ ਹੋਈ ਉਸ ਤੋਂ ਆਪਣੇ ਲਈ ਇੱਕ ਸੂਟ ਦੀ ਇਉਂ ਮੰਗ ਕਰਦੀ ਹੈ;

**ਵੱਡੇ ਵੀਰ ਦੀ ਕਬੀਲਦਾਰੀ ਭਾਰੀ**
**ਛੋਟੇ ਵੀਰਾ ਲੈ ਦੇ ਕੁੜਤੀ।**
***
**ਖੱਟੀ ਕੁੜਤੀ ਗੁਲਾਬੀ ਲੀੜਾ**
**ਸਰਦੈ ਤਾਂ ਦੇਈਂ ਵੀਰਨਾ।**

ਜਦੋਂ ਵੀਰ ਦੇ ਘਰ ਧੀ ਜੰਮ ਪੈਂਦੀ ਹੈ ਤਾਂ ਭੈਣ ਨੂੰ ਸਹੁਰੀਂ ਬੈਠੀ ਨੂੰ ਚਿੰਤਾ ਵੱਢ-ਵੱਢ ਖਾਣ ਲੱਗਦੀ ਹੈ। ਉਹ ਆਪਣੇ ਵੀਰ ਨੂੰ ਸੁਚੇਤ ਕਰਦੀ ਹੋਈ ਉਸ ਨੂੰ ਸਾਦੇ ਲਿਬਾਸ ਪਹਿਨਣ ਲਈ ਕਹਿੰਦੀ ਹੈ। ਉਸ ਨੂੰ ਨੀਵੀਂ ਪਾ ਕੇ ਤੁਰਨ ਦੀ ਸਲਾਹ ਵੀ ਦਿੰਦੀ ਹੈ;

**ਧੀ ਜੰਮ ਪਈ ਜਵਾਈ**
**ਵਾਲਾ ਹੋ ਗਿਆ**
**ਵੇ ਲਾਹ ਦੇ ਵੀਰਾ ਗਲੋਂ**
**ਗਾਨੀਆਂ।**
***
**ਧੀ ਜੰਮ ਪਈ ਜਵਾਈ**
**ਵਾਲਾ ਹੋ ਗਿਆ**
**ਨੀਵੀਂ ਪਾ ਕੇ ਤੁਰ**
**ਵੀਰਨਾ।**

ਵੀਰ ਵੱਲੋਂ ਲਿਆਂਦਾ ਸੰਧਾਰਾ ਭੈਣ ਲਈ ਇੱਕ ਮਾਣਮੱਤੀ ਕਿਰਿਆ ਹੁੰਦੀ ਹੈ। ਇਹ ਸੌਗਾਤ ਸਿਰਫ਼ ਭੈਣ ਲਈ ਹੀ ਨਹੀਂ ਹੁੰਦੀ, ਸਗੋਂ ਸਮਾਜਿਕ ਤੌਰ 'ਤੇ ਲੋਕ-ਵਿਖਾਵਾ ਵੀ ਹੁੰਦੀ ਹੈ।

ਭਰਾ ਵੱਲੋਂ ਲਿਆਂਦਾ ਸੰਧਾਰਾ ਭੈਣ ਦੇ ਚਾਵਾਂ ਵਿੱਚ ਢੇਰ ਸਾਰਾ ਵਾਧਾ ਕਰਦਾ ਹੈ। ਇੱਕ ਭੈਣ ਨਹੀਂ ਚਾਹੁੰਦੀ ਕਿ ਉਸ ਦਾ ਭਰਾ ਉਸ ਤੋਂ ਦੂਰ ਹੋਵੇ। ਭੈਣ ਦੀਆਂ ਸੱਧਰਾਂ ਦੀ ਤਰਜ਼ਮਾਨੀ ਕਰਦੀ ਇੱਕ ਲੋਕ-ਬੋਲੀ ਇਉਂ ਬਿਆਨ ਕਰਦੀ ਹੈ;

**ਧਾਵੇ-ਧਾਵੇ-ਧਾਵੇ**
**ਮੋੜੋ ਵੇ ਲੋਕੋ**
**ਮੇਰਾ ਵੀਰ ਫੌਜ ਨੂੰ ਜਾਵੇ।**
**ਉੱਡਦਾ ਰੁਮਾਲ ਦਿਸੇ**
**ਗੱਡੀ ਚੜ੍ਹਦਾ ਨਜ਼ਰ ਨਾ ਆਵੇ।**
**ਆਵਦੇ ਵੀਰ ਬਿਨਾਂ**
**ਕੌਣ ਸੰਧਾਰਾ ਲਿਆਵੇ।**

ਭੈਣ ਨੂੰ ਪੇਕਿਆਂ ਦਾ ਮੋਹ ਸਿਰਫ਼ ਸੌਗਾਤਾਂ ਤੱਕ ਹੀ ਸੀਮਤ ਨਹੀਂ ਹੁੰਦਾ ਸਗੋਂ ਉਸ ਦੇ ਅੰਗ-ਸੰਗ ਤੇ ਦੁੱਖ-ਸੁੱਖ ਵਿੱਚ ਵੀ ਭਰਾਵਾਂ ਦਾ ਖੜ੍ਹਨਾ ਇੱਕ ਸਮਾਜਿਕ ਮਾਣ-ਤਾਣ ਵਾਲੀ ਗੱਲ ਹੁੰਦੀ ਹੈ। ਜਿਨ੍ਹਾਂ ਭੈਣਾਂ ਦੇ ਵੀਰ ਖੱਬੀਖਾਨ ਤੇ ਗੁਜ਼ਾਰੇ ਵਾਲੇ ਹੁੰਦੇ ਹਨ, ਉਨ੍ਹਾਂ ਭੈਣਾਂ ਦਾ ਸਿਰ ਵੀ ਮਾਣ ਨਾਲ ਉੱਚਾ ਹੋ ਜਾਂਦਾ ਹੈ। ਭੈਣਾਂ ਦਾ ਇਹ ਰੂਪ ਲੋਕ-ਬੋਲੀਆਂ ਵਿੱਚ ਪ੍ਰਗਟ ਹੋ ਉੱਠਦਾ ਹੈ;

**ਸਹੁਰੀਂ ਰਹਿੰਦੀਆਂ ਜ਼ੋਰ ਨਾਲ ਭੈਣਾਂ**
**ਜਿਨ੍ਹਾਂ ਦੇ ਪਿੱਛੇ ਵੀਰ ਤਕੜੇ।**

ਜਿੱਥੇ ਭੈਣਾਂ ਤਕੜੇ ਵੀਰਾਂ ਦੇ ਸਿਰ 'ਤੇ ਮਾਣ ਨਾਲ ਰਹਿੰਦੀਆਂ ਹਨ, ਉੱਥੇ ਭੈਣਾਂ ਨੂੰ ਇੱਕ ਚਿੰਤਾ ਵੀ ਸਤਾਉਂਦੀ ਰਹਿੰਦੀ ਹੈ ਕਿ ਕਿਤੇ ਉਸ ਦਾ ਵੀਰ ਕਿਸੇ ਗੱਲੋਂ ਗੁੱਸੇ ਹੋ ਕੇ ਨਾ ਬੈਠ ਜਾਵੇ। ਭੈਣ ਦੇ ਅੰਦਰਲਾ ਡਰ ਲੋਕ-ਬੋਲੀਆਂ ਵਿੱਚ ਉਨ੍ਹਾਂ ਦੇ ਗੁੱਝੇ ਤੇ ਛੁਪੇ ਭਾਵਾਂ ਦਾ ਰੂਪ ਬਣ ਕੇ ਗਿੱਧੇ ਦੇ ਪਿੜ ਵਿੱਚ ਪ੍ਰਗਟ ਹੋ ਜਾਂਦਾ ਹੈ;

**ਭੈਣਾਂ ਵਰਗਾ ਸਾਕ ਨਾ ਕੋਈ**
**ਵੇ ਟੁੱਟ ਕੇ ਨਾ ਬਹਿਜੀਂ ਵੀਰਨਾ।**


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਗ਼ਰੀਬੀ ਕਿਸਮਤ ਨਹੀਂ

ਗ਼ਰੀਬੀ ਕਿਸਮਤ ਨਹੀਂ,
ਨਾ ਹੀ ਸਰਾਪ ਨਸੀਬਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।
ਲੋਕਾਂ ਨੂੰ ਪਾਏ ਭੁਲੇਖੇ ਨੇ,
ਇਹ ਧਰਮ ਚੜ੍ਹਾਏ ਠੇਕੇ ਨੇ।
ਜਾਤਾਂ ਦੇ ਝਗੜੇ ਝੇੜੇ ਨੇ
ਕਿਤੇ ਦੰਗਿਆਂ ਵਾਲੇ ਸੇਕੇ ਨੇ।
ਕੁਰਬਾਨੀ ਨਾਲ ਲਾਲ ਹੋਇਆ,
ਇੱਥੇ ਰੰਗ ਸਲੀਬਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।
ਤਖ਼ਤਾਂ ਦੀ ਬੇਈਮਾਨੀ ਏ,
ਤਾਹੀਓਂ ਰੁਲਦੀ ਫਿਰੇ ਜਵਾਨੀ ਏ।
ਕੰਧਾਂ ਵੀ ਹੋਈਆਂ ਕਾਤਲ ਨੇ,
ਬੱਚਿਆਂ ਦੀ ਵੱਡੀ ਕੁਰਬਾਨੀ ਏ।
ਕੋਈ ਨਾ ਇੱਥੇ ਮਿੱਤਰ ਬਣਦਾ,
ਆ ਕੇ ਹਬੀਬਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।
ਦਿਨ ਵਾਰ ਸਾਰੇ ਚੰਗੇ ਨੇ,
ਨਾ ਕੋਈ ਮਾੜਾ ਏ,
ਕੁਦਰਤ ਦਾ ਹੀ ਰੂਪ,
ਸੂਰਜ ਚੰਨ ਹਰ ਤਾਰਾ ਏ,
ਉੱਦਮ ਕਰੋ ਤਾਂ ਘਰ ਪਹੁੰਚੇ
ਆਹਾਰ ਜੀਭਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।

-ਪ੍ਰੋ. ਜਸਵੰਤ ਸਿੰਘ

## ਜੀ ਕਰਦੈ

ਜੀ ਕਰਦੈ ਸੰਨਿਆਸੀ ਹੋਵਾਂ।
ਰਾਮ ਵਾਂਗ ਬਨਵਾਸੀ ਹੋਵਾਂ।
ਜੰਗਲ ਬੇਲੇ ਗਾਹ ਸੁੱਟਾਂ ਸਭ,
ਜੰਗਲਾਂ ਦਾ ਹੀ ਵਾਸੀ ਹੋਵਾਂ।
ਚੋਰ-ਉਚੱਕਾ ਬਣਨਾ ਕੀ ਹੈ,
ਸੱਚਾ ਕੋਈ ਨਿਵਾਸੀ ਹੋਵਾਂ।
ਗਾਵਾਂ ਗੀਤ ਇਲਾਹੀ ਵਾਲੇ,
ਬੁੱਲੇ ਵਾਂਗ ਹੁਲਾਸੀ ਹੋਵਾਂ।
ਸੱਚ ਦਾ ਪਹਿਰੇਦਾਰ ਬਣਾ ਮੈਂ,
ਨਿਰਭੈ ਨਿਡਰ ਸਾਹਸੀ ਹੋਵਾਂ।
ਡੀਕ ਲਵਾਂ ਸਭ ਧੱਕੇਸ਼ਾਹੀਆਂ,
ਐਸੀ ਰੂਹ ਪਿਆਸੀ ਹੋਵਾਂ।
ਤੋੜ ਦਿਆਂ ਮਜ਼ਹਬਾਂ ਦੇ ਫੰਦੇ,
ਬੁੱਲ੍ਹਾਂ ਦੀ ਇੱਕ ਹਾਸੀ ਹੋਵਾਂ।
ਨਿੱਕੇ-ਵੱਡੇ ਸਭ ਲਈ ਜੀਵਾਂ,
ਜ਼ਾਲਮ ਲਈ ਗੰਡਾਸੀ ਹੋਵਾਂ।

-ਓਮਕਾਰ ਸੂਦ ਬਹੋਨਾ

## ਚਿੜੀ ਦੇ ਬੋਟ

ਚਿੜੀਆਂ ਚੀਂ ਚੀਂ ਬੋਲਦੀਆਂ
ਆਪਣੇ ਬੋਟਾਂ ਦਾ ਮੂੰਹ ਖੋਲ੍ਹਦੀਆਂ।
ਪੀਲੀਆਂ ਚੁੰਝਾਂ ਲਾਲ ਅੰਦਰੋਂ
ਚੀਂ ਚੀਂ ਚੀਂ ਚੀਂ ਬੋਲਦੀਆਂ।
ਚੋਗੇ ਲਈ ਪੁਕਾਰ ਕਰਦੀਆਂ
ਖਾਣ ਲਈ ਕੁਝ ਮੰਗਦੀਆਂ।
ਮਾਂ ਜਦੋਂ ਵੀ ਘਰ ਨਾ ਆਵੇ
ਇੱਕ ਦੂਜੀ ਸੰਗ ਟਹਿਕਦੀਆਂ।
ਅਜੇ ਕਮਜ਼ੋਰ ਨੇ ਫੁੱਲਾਂ ਵਾਂਗੂ
ਫੁੱਲਾਂ ਵਾਂਗੂ ਮਹਿਕਦੀਆਂ।
ਮਾਂ ਜਦੋਂ ਵੀ ਲਿਆਵੇ ਖਾਣਾ
ਰਲ ਮਿਲ ਕੇ ਨੇ ਚਹਿਕਦੀਆਂ।

-ਗੁਰਿੰਦਰ ਸਿੰਘ ਕਲਸੀ

## ਅੱਲ੍ਹਾ ਦਾ ਕਰਮ

ਅਲਫ਼ ਅੱਲ੍ਹਾ ਦਾ ਕਰਮ ਏ ਸੋਹਣਿਆ ਵੇ,
ਉਹੀਓ ਮੇਲਦਾ ਉਹੀਓ ਵਿਛੋੜਦਾ ਏ।
ਉਹੀਓ ਸਾਗਰ ਪਾਰ ਲੰਘਾ ਦਿੰਦਾ,
ਉਹੀਓ ਵਿਚ ਝਨ੍ਹਾਂ ਦੇ ਰੋੜ੍ਹਦਾ ਏ।
ਮੇਰੇ ਮੌਲਾ ਦੀ ਮਿਹਰਬਾਨੀ ਜਿਧਰ ਵੇਖੋ,
ਕਿੰਨੇ ਚੋਜ਼ ਤੇ ਕਿੰਨੇ ਪਾਸਾਰ ਉਹਦੇ,
ਚਮਨ ਅੰਦਰ ਬਹਾਰ ਤੇ ਪਤਝੜ ਉਹੀਓ,
ਫੁੱਲ ਟਹਿਣੀ ਨਾਲ ਲਾ ਉਹੀਓ ਤੋੜਦਾ ਏ।



-ਡਾ. ਆਤਮਾ ਸਿੰਘ ਗਿੱਲ

## ਆਪਣੀ ਬੇਟੀ ਦੇ ਨਾਂਅ

ਤੇਰੀ ਆਮਦ ਨਾਲ
ਮਹਿਕ ਉਠਿਆ ਸੀ ਮੇਰਾ ਆਂਗਣ
ਜਦ ਦਸਤਕ ਦਿੱਤੀ ਸੀ ਤੂੰ
ਕਰਾਂਤੀ ਦੇ ਮਹੀਨੇ
ਮੈਂ ਖੁਸ਼ ਹੋਇਆ
ਜਦ ਤੇਰੀ ਦਾਦੀ ਨੇ ਕਿਹਾ
ਤੂੰ ਕੁੜੀ ਦਾ ਪਿਓ ਬਣ ਗਿਆ
ਮੈਂ ਤੈਨੂੰ ਮਿਲਣਾ ਚਾਹਿਐ
ਤਾਂ ਝਟ ਸੁਣਿਆ
ਤੂੰ ਮੂੰਹ ਨਹੀ ਵੇਖ ਸਕਦਾ
ਬੇਟੀ ਗੰਡਮੂਲਾ 'ਚ ਹੋਈ ਏ
ਬਾਪ ਲਈ ਅਪਸ਼ਗਨ ਹੁੰਦੀ ਹੈ
ਪਰ ਏਸ ਵਹਿਮ ਨੂੰ ਤੋੜ
ਮੈਂ ਤੇਰੀ ਮਾਂ ਦਾ ਮੁੱਖ ਚੁੰਮ
ਤੈਨੂੰ ਗਲ ਨਾਲ ਲਾਇਆ
ਭਰੂਣ ਹੱਤਿਆ ਦੇ ਦੌਰ ਵਿਚ
ਤੇਰੀ ਹੋਂਦ ਦਾ ਹੋਣਾ
ਅਸਲ ਚ ਮੇਰੀ ਹੋਂਦ ਸੀ
ਘਰ ਜਾ ਤੇਰੀ ਖੁਸ਼ੀ ਚ
ਬੂਹੇ ਅਗੇ ਨਿੰਮ ਬੰਨਿਆ
ਲੱਡੂ ਵੰਡੇ ਲੋਹੜੀ ਮਨਾਈ
ਪਰ ਸਮਾਜ ਨੇ ਤੇਰੀ ਆਮਦ ਦਾ
ਸਵਾਗਤ ਨਾ ਕੀਤਾ
ਤੇ ਆਖਦੇ ਲੈ ਕੋਈ
ਕੁੜੀਆਂ ਦੇ ਵੀ ਨਿੰਮ ਬੰਨਦੈ!
ਖੁਸਰਿਆਂ ਨੇ ਤੇਰੀ ਵਧਾਈ ਨਾ ਲਈ
ਜਦ ਵੀ ਤੈਨੂੰ ਮੈਂ
ਆਪਣੇ ਨਾਲ ਲੈ ਜਾਂਦਾ
ਤਾਂ ਅਕਸਰ ਲੋਕ ਆਖਦੇ
ਧੀਆਂ ਘਰ ਚ ਰੱਖੀਦਿਆਂ ਨੇ
ਬਹੁਤ ਕੁਝ ਆਖਦੇ
ਉਹ ਵੀ ਜੋ ਕਈ ਵਾਰ
ਸੁਣ ਵੀ ਨਾ ਹੁੰਦਾ

ਪਰ
ਕਿਸੇ ਦੀ ਪਰਵਾਹ ਨਾ ਕਰ
ਅਸੀ ਧੀਏ
ਤੈਨੂੰ ਸਿਰਫ ਜੀ ਆਇਆਂ ਹੀ ਨਹੀਂ ਕਿਹਾ
ਬਲਕਿ ਚੰਗਾ ਮਹੌਲ ਵੀ ਦੇਣ ਦਾ ਯਤਨ ਕੀਤਾ
ਤਾਂ ਕਿ ਤੂੰ ਆਪਣੇ ਰਾਹਾਂ 'ਤੇ ਚਲ ਕੇ
ਤਲਾਸ਼ ਕਰ ਸਕੇ ਆਪਣੀ ਮੰਜ਼ਿਲ
ਤੇ ਜੀ ਸਕੇਂ ਬੇਖੌਫ ਅਜਾਦੀ ਨਾਲ
ਪਰ ਏਸ ਲਈ ਤੈਨੂੰ ਵੀ
ਹਾਮੀ ਭਰਨੀ ਪੈਣੀ ਹੈ ਉਸ ਯੁੱਧ ਦੀ
ਜੋ ਨਿਰੰਤਰ ਜਾਰੀ ਹੈ
ਉਸ ਸੋਚ ਖਿਲਾਫ
ਜੋ ਧੀਆਂ ਨੂੰ ਹਾਲੇ ਵੀ ਸਮਝਦਾ ਹੈ ਪੈਰ ਦੀ ਜੁੱਤੀ
ਤੇ ਅਖੌਤੀ ਅਣਖ ਤੇ ਧੱਬਾ
ਲੜ੍ਹਨਾ ਪਵੇਗਾ ਉਹ ਯੁੱਧ
ਜੋ ਬਰਾਬਰੀ ਲਈ ਨਿਰੰਤਰ ਲੜਿਆ ਜਾ ਰਿਹੈ
ਜਿਸ ਯੁੱਧ ਦੇ ਅਸੀ ਵੀ ਸਿਪਾਹੀ ਹਾਂ
ਇਹ ਯੁੱਧ ਲੜਿਆ ਤੇ ਜਿਤਿਆ ਜਾਣਾ ਜਰੂਰੀ ਹੈ,
ਮੇਰੀ ਲਾਡਲੀ ਧੀ
ਤਾਂ ਕਿ ਹਰ ਧੀ ਦੇ ਜਨਮ ਨੂੰ
ਆਖਿਆ ਜਾ ਸਕੇ ਜੀ ਆਇਆਂ
ਤੇ ਮਿਲ ਸਕੇ ਖੁਸ਼ਗਵਾਰ ਮਹੌਲ
ਜੀ ਸਕਣ ਬੇਖੌਫ
ਤੇ ਕਦੇ ਵੀ ਨਾ ਮਿਲੇ
ਗੁਰੂਆਂ ਦੀ ਧਰਤੀ ਤੇ
ਧੀਆਂ ਦੇ ਭਰੂਣਾਂ ਦਾ ਖੂਹ...
ਲੜਨੀ ਹੋਵੇਗੀ ਜੰਗ ਤੈਨੂੰ ਵੀ
ਆਪਣੀ ਹੋਂਦ ਆਪਣੀ ਬਰਾਬਰਤਾ
ਤੇ ਆਜ਼ਾਦੀ ਲਈ
ਫਿਰ ਤੂੰ ਚਾਹੇ ਧਰਤੀ ਦੇ
ਕਿਸੇ ਵੀ ਕੋਨੇ ਹੋਵੇਂ...

ਹਰਭਗਵਾਨ ਭੀਖੀ

## ਮੀਟਿੰਗ ਤੋਂ ਗਰੀਟਿੰਗ ਤੱਕ !

ਹੁੰਦਾ ਏ ਇਸ਼ਾਰਾ ਜਦੋਂ ਮਾਲਕਾਂ ਦਾ ਕਰੋ ਭਾਈ
ਅੰਤਰਿੰਗ ਕਮੇਟੀ ਵਾਲੇ ਰੱਖਦੇ 'ਮੀਟਿੰਗ' ਜੀ।
ਘੜੀ ਘੰਟਾ ਬੈਠ ਭੇੜ ਯਾਭਾਂ ਵਾਲੇ ਕਰੀ ਜਾਂਦੇ
ਆਏ ਹੋਏ ਹੁਕਮਾਂ ਦੀ ਕਰਦੇ 'ਰਪੀਟਿੰਗ' ਜੀ।
ਕੌਮ ਤਾਈਂ 'ਪਿੱਠ ਦੇ ਕੇ' ਭੁੱਲ ਕੇ ਵਿਰਾਸਤਾਂ ਨੂੰ
ਸੁੱਤੀਆਂ ਜ਼ਮੀਰਾਂ ਕਰ ਦਿੰਦੀਆਂ ਚੀਟਿੰਗ ਜੀ।
ਗੁਰੂ ਘਰੋਂ ਆ ਜਾਂਦਾ ਏ ਲੰਗਰ 'ਸਵਾਦੀ' ਬਣ
ਲਾ ਲਾ ਚਟਖਾਰੇ ਕਰ ਲੈਂਦੇ ਨੇ 'ਈਟਿੰਗ' ਜੀ।
ਦੇਸੀ ਘਿਉ ਦੇ ਹਲਵੇ 'ਚ ਪਾਏ ਹੁੰਦੇ ਸੁੱਕੇ ਮੇਵੇ
ਘਿਉ ਦੀ ਘੂਕੀ ਨਾਲ ਹੋ ਜਾਣ ਸਲੀਪਿੰਗ ਜੀ।
ਦੂਜੇ ਦਿਨ ਛਪੀ ਅਖਬਾਰਾਂ ਵਿਚ 'ਫੋਟੋ' ਦੇਖ
ਫੋਨ ਉੱਤੇ ਦੇਣ ਇਕ ਦੂਜੇ ਨੂੰ 'ਗਰੀਟਿੰਗ' ਜੀ !



-ਤਰਲੋਚਨ ਸਿੰਘ ਦੁਪਾਲਪੁਰ
78146-92724

## ਵਕਤ ਦੀ ਮਾਰ

ਐ ਵਕਤ!
ਤੇਰੇ ਹੱਥ ਵਿੱਚ ਦੇ
ਆਪਣੇ ਸੁਫ਼ਨੇ
ਆਪਣਾ ਭਵਿੱਖ
ਮੈਂ ਤੁਰਿਆਂ ਸਾਂ
ਤੇਰੀ ਉਂਗਲੀ ਫੜ
ਪਰ ਤੂੰ ਇਹ ਕੀ ਕੀਤਾ?
ਤੇਰੇ ਹੱਥ ਵਿੱਚ
ਮੇਰਾ ਤਾਂ ਕੀ
ਕਿਸੇ ਦਾ ਵੀ
ਭਵਿੱਖ ਨਜ਼ਰ ਨਹੀਂ ਆ ਰਿਹਾ
ਤੇ ਤੂੰ ਰਾਜ ਭਵਨ ਵੱਲ ਮੂੰਹ ਕਰ
ਉਦਾਸ ਕਿਉਂ ਖੜ੍ਹਾ ਏਂ?
ਐ ਵਕਤ!
ਇੱਥੇ ਇੱਕ ਨਦੀ ਹੈ
ਜੋ ਕਿਸੇ ਸਮੇਂ
ਪਵਿੱਤਰ ਅਖਵਾਉਂਦੀ ਸੀ
ਲੋਕ ਉਸਨੂੰ ਪੂਜਦੇ ਸੀ
ਮਾਂ ਆਖ ਕੇ
ਅੱਜ ਜਦ ਮੈਂ
ਅੱਛੇ ਦਿਨਾਂ ਦੀ ਤਲਾਸ਼ 'ਚ
ਭਵਿੱਖ ਨੂੰ ਲੱਭਦਾ
ਉਸਦੇ ਕੋਲੋਂ ਦੀ ਲੰਘਿਆ
ਤਾਂ ਉਸ ਵਿੱਚੋਂ
ਕੁਝ ਆਵਾਜ਼ਾਂ
ਆ ਰਹੀਆਂ ਸਨ
ਬਚਾਓ-ਬਚਾਓ ਦੇ ਸ਼ੋਰ ਨੇ
ਮੇਰੇ ਕੰਨ ਪਾੜ ਦਿੱਤੇ
ਤੂੰ ਸੱਚ ਦੱਸੀਂ
ਇਹ ਆਵਾਜ਼ਾਂ
ਉਸੇ ਮਾਂ ਦੀਆਂ ਸਨ।
ਐ ਵਕਤ!
ਚੱਲ ਆ ਬੈਠ ਮੇਰੇ ਨਾਲ
ਇਸ ਨਦੀ ਦੇ ਕੰਢੇ
ਤੇ ਆਪਾਂ ਲੱਭੀਏ
ਪਾਣੀ ਨਾਲ ਭਰੀਆਂ ਲਾਸ਼ਾਂ 'ਚੋਂ
ਕੋਈ ਸ਼ਾਂਤੀ ਨਾਲ ਭਰਿਆ ਮੁਰਦਾ।
ਐ ਵਕਤ!
ਇਹ ਤੂੰ ਕੈਸੀ ਮਾਰ ਮਾਰੀ ਏ
ਮੈਨੂੰ ਇਨ੍ਹਾਂ
ਤੁਰੀਆਂ-ਫਿਰਦੀਆਂ ਲੋਥਾਂ 'ਚੋਂ
ਬਦਬੂ ਆਉਂਦੀ ਏ
ਮਰ ਗਈ ਇਨਸਾਨੀਅਤ ਦੀ।
ਐ ਵਕਤ!
ਇਹ ਕੈਸਾ ਦੌਰ ਹੈ
ਜਿਸ ਵਿੱਚ ਮੈਂ
ਭਵਿੱਖ ਦੇ ਸੁਫ਼ਨੇ ਨੂੰ
ਸੀਨੇ ਵਿੱਚ ਦਫ਼ਨਾ
ਹੰਢਾਅ ਰਿਹਾ ਹਾਂ
ਵਰਤਮਾਨ ਦੀ ਪੀੜ ਨੂੰ।

-ਜਸਵੰਤ ਗਿੱਲ ਸਮਾਲਸਰ

## ਜ਼ਿੰਦਗੀ

ਜ਼ਿੰਦਗੀ ਨਦੀ ਵਾਂਗ ਵਗਦੀ ਹੈ,
ਇਸ ਦਾ ਵਹਾਅ ਮੋੜਨਾ,
ਜਾਂ ਬੰਨ੍ਹ ਲਾਉਣਾ,
ਕਦੇ ਵੀ ਸੌਖਾ ਨਹੀਂ।
ਅਸੀਂ ਸੂਰਜ ਦਾ ਪਿੱਛਾ ਕਰਦੇ ਹਾਂ,
ਅਸੀਂ ਰਾਤ ਤੋਂ ਡਰਦੇ ਹਾਂ,
ਫਿਰ ਵੀ ਦੋਵਾਂ ਦੇ ਹੋਣ ਨਾਲ ਜ਼ਿੰਦਗੀ ਹੈ।
ਜ਼ਿੰਦਗੀ ਨਾ ਕੋਈ ਦੌੜ ਹੈ,
ਨਾ ਹੀ ਕੋਈ ਮੰਜ਼ਿਲ ਹੈ,
ਪਰ ਹਰ ਕਦਮ,
ਇੱਕ ਸਬਕ,
ਹਰ ਪਲ, ਇੱਕ ਫਲਸਫ਼ਾ ਹੈ,
ਅਣਦੇਖੇ ਲਈ ਮਾਰਗਦਰਸ਼ਨ।
ਅਸੀਂ ਡਿੱਗਦੇ ਹਾਂ,
ਅਸੀਂ ਸੁਧਾਰਦੇ ਹਾਂ,
ਅਸੀਂ ਵਧਦੇ ਹਾਂ।
ਕੁਝ ਵੀ ਨਹੀਂ ਰਹਿੰਦਾ,
ਫਿਰ ਵੀ ਕੁਝ ਨਹੀਂ ਗਵਾਇਆ,
ਸਿਰਫ਼ ਤਬਦੀਲੀ ਹੀ ਸਥਿਰ ਹੈ।
ਨਾ ਦੌਲਤ ਵਿੱਚ,
ਨਾ ਸੱਤਾ ਵਿੱਚ,
ਪਰ ਪਿਆਰ ਵਿੱਚ,
ਅਸੀਂ ਆਪਣੀ ਛਾਪ ਛੱਡਦੇ ਹਾਂ।
ਖੁਸ਼ੀ ਅਤੇ ਗ਼ਮੀ ਇਕੱਠੇ ਚੱਲਦੇ ਹਨ,
ਹਰ ਉਸ ਰਸਤੇ ਨੂੰ ਆਕਾਰ ਦਿੰਦੇ ਹਨ,
ਜਿਸ 'ਤੇ ਅਸੀਂ ਚੱਲਦੇ ਹਾਂ।
ਕੋਈ ਕਦਮ ਬਰਬਾਦ ਨਹੀਂ ਹੁੰਦਾ,
ਕੋਈ ਪਲ ਨਹੀਂ ਗੁਆਇਆ ਜਾਂਦਾ,
ਚੁੱਪ ਵਿੱਚ ਵੀ ਜ਼ਿੰਦਗੀ ਬੋਲਦੀ ਹੈ।
ਸੰਘਰਸ਼ ਵਿੱਚ ਛੁਪਿਆ ਹੋਇਆ ਵਿਕਾਸ,
ਅਣਜਾਣੇ ਤੋਂ ਪੈਦਾ ਹੋਈ ਸਿਆਣਪ।
ਜਿਊਣਾ ਹੈ ਖੋਜ ਕਰਨਾ,
ਸਵਾਲ ਕਰਨਾ, ਮਹਿਸੂਸ ਕਰਨਾ,
ਅੰਤ ਵਿੱਚ, ਅਸੀਂ ਯਾਤਰੀ ਹਾਂ,
ਸਮੇਂ ਦੇ ਖੁੱਲ੍ਹੇ ਹੱਥਾਂ ਵਿੱਚੋਂ ਲੰਘਣਾ.
ਨਾ ਜਿੱਤਣ ਲਈ,
ਨਾ ਆਪਣੇ ਲਈ,
ਪਰ ਵਹਿਣਾ ਸਿੱਖਣਾ,
ਜ਼ਿੰਦਗੀ ਚੱਲਦੀ ਰਹਿੰਦੀ ਹੈ,
ਚੱਲਦੇ ਰਹਿਣਾ ਹੀ ਜ਼ਿੰਦਗੀ ਹੈ।

-ਸੋਹਣ ਸਿੰਘ ਬਰਨਾਲਾ

## ਮਿਹਨਤਾਂ ਦੀ ਲੁੱਟ

ਖੇਤਾਂ ਵਿੱਚ ਬਾਪੂ ਨੇ ਪਹਿਲਾਂ
ਫ਼ਸਲਾਂ ਉਗਾਉਣੀਆਂ,
ਫੇਰ ਵੱਢ, ਕੱਢ ਕੇ
ਮੰਡੀ 'ਚ ਲਿਆਉਣੀਆਂ।
ਕਿੰਨੇ ਕਿੰਨੇ ਦਿਨ ਬਾਪੂ ਮੰਡੀ
ਬੈਠਾ ਰਹਿੰਦਾ ਸੀ,
ਦੀਵਾਲੀ, ਵਿਸਾਖੀ ਕਈ ਵਾਰੀ
ਉੱਥੇ ਵੇਖ ਲੈਂਦਾ ਸੀ।
ਆੜ੍ਹਤੀਏ ਮਰਜ਼ੀ ਨਾਲ
ਫਸਲਾਂ ਨੂੰ ਤੋਲਦੇ,
ਕਿੰਨੇ ਕਿੰਨੇ ਦਿਨ ਦਾਣੇ
ਪੈਰਾਂ ਥੱਲੇ ਰੋਲਦੇ।
ਵੇਚ ਕੇ ਫ਼ਸਲ ਬਾਪੂ
ਜਦ ਘਰ ਆਉਂਦਾ ਸੀ,
ਹਿਸਾਬ ਵਾਲਾ ਵਰਕਾ
ਬੇਬੇ ਨੂੰ ਫੜਾਉਂਦਾ ਸੀ।
ਪਹਿਲਾਂ ਸੀ ਕਰਜ਼ਾ,
ਪੈਸੇ ਹੋਰ ਸਿਰ ਟੁੱਟਗੇ,
ਪਿਆ ਨਹੀਂ ਕੁਝ ਪੱਲੇ,
ਲੋਟੂ ਮਿਹਨਤਾਂ ਨੂੰ ਲੁੱਟਗੇ।
ਮੋਢੇ ਤੋਂ ਪਰਨਾ ਲਾਹ ਬਾਪੂ,
ਮੰਜੀ ਉੱਤੇ ਬਹਿੰਦਾ ਸੀ,
ਬਣੂਗਾ ਕੀ ਹੁਣ,
ਝੋਰਾ ਬੇਬੇ ਨੂੰ ਵੀ ਰਹਿੰਦਾ ਸੀ।
ਅਜੇ ਵੀ ਨੀਂ ਬਦਲੇ ਹਾਲਾਤ 'ਪੱਤੋ'
ਕਾਮੇ ਕਿਰਸਾਨ ਦੇ,
ਵਿਹਲੜ ਨੇ ਬੈਠੇ,
ਮੌਜਾਂ ਇਨ੍ਹਾਂ ਸਿਰ 'ਤੇ ਮਾਣਦੇ।



ਹਰਪ੍ਰੀਤ ਪੱਤੋ
94658-21417

# ਪੁਲਾੜ ਯਾਤਰਾ ਉਮਰ ਵਧਣ ਦੀ ਪ੍ਰਕਿਰਿਆ ਨੂੰ ਤੇਜ਼ ਕਰਦੀ ਹੈ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਨੌਂ ਮਹੀਨੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਵਿੱਚ ਸੀਮਤ ਰਹਿਣ ਤੋਂ ਬਾਅਦ, ਨਾਸਾ ਦੇ ਪੁਲਾੜ ਯਾਤਰੀ ਬੁੱਚ ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ ਸੁਰੱਖਿਅਤ ਵਾਪਸ ਪਰਤ ਆਏ ਪਰ ਜਦੋਂ ਉਹ ਧਰਤੀ ’ਤੇ ਵਾਪਸ ਆਉਣ ’ਤੇ ਆਪਣੇ ਕਰੂ ਡਰੈਗਨ ਕੈਪਸੂਲ ਤੋਂ ਬਾਹਰ ਨਿਕਲੇ ਤਾਂ ਉਨ੍ਹਾਂ ਨੂੰ ਵ੍ਹੀਲਚੇਅਰਾਂ ’ਤੇ ਬਿਠਾਇਆ ਗਿਆ। ਦੋਵੇਂ ਪੁਲਾੜ ਯਾਤਰੀ ਬਹੁਤ ਚੰਗੀ ਸਿਹਤ ਵਿੱਚ ਨਹੀਂ ਜਾਪਦੇ ਸਨ। ਆਈਐਸਐਸ ’ਤੇ ਜ਼ੀਰੋ-ਗਰੈਵਿਟੀ ਵਾਤਾਵਰਣ ਵਿੱਚ ਰਹਿਣ ਨਾਲ ਉਸ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਗਈਆਂ ਅਤੇ ਉਸਦੀ ਹੱਡੀਆਂ ਦੀ ਘਣਤਾ ਘੱਟ ਗਈ, ਜਿਸ ਕਾਰਨ ਉਸ ਲਈ ਤੁਰਨਾ ਜਾਂ ਖੜ੍ਹਾ ਹੋਣਾ ਵੀ ਮੁਸ਼ਕਲ ਹੋ ਗਿਆ। ਪੁਲਾੜ ਯਾਤਰੀਆਂ ਦੀ ਜੋੜੀ ਵੀ ਪਤਲੀ ਦਿਖਾਈ ਦਿੱਤੀ। ਕੁਝ ਨਿਰੀਖਕਾਂ ਨੇ ਨੋਟ ਕੀਤਾ ਕਿ ਪਿਛਲੇ ਜੂਨ ਵਿੱਚ ਪੁਲਾੜ ਵਿੱਚ ਜਾਣ ਤੋਂ ਬਾਅਦ ਉਹ ਕਾਫ਼ੀ ਬੁੱਢਾ ਹੋ ਗਿਆ ਸੀ। ਹਾਲਾਂਕਿ, ਨੌਂ ਮਹੀਨੇ ਦਾ ਠਹਿਰਾਅ ਪੁਲਾੜ ਵਿੱਚ ਬਿਤਾਇਆ ਸਭ ਤੋਂ ਲੰਬਾ ਸਮਾਂ ਨਹੀਂ ਹੈ। ਇਹ ਰਿਕਾਰਡ ਰੂਸੀ ਪੁਲਾੜ ਯਾਤਰੀ ਵੈਲੇਰੀ ਪੋਲੀਕੋਵ ਦੇ ਨਾਮ ਹੈ, ਜਿਨ੍ਹਾਂ ਨੇ 1990 ਦੇ ਦਹਾਕੇ ਵਿੱਚ ਮੀਰ ਸਪੇਸ ਸਟੇਸ਼ਨ ’ਤੇ 14 ਮਹੀਨੇ ਬਿਤਾਏ ਸਨ। ਫਿਰ ਵੀ ਨੌਂ ਮਹੀਨਿਆਂ ਦਾ ਸਮਾਂ ਉਸਦੇ ਸਰੀਰ ਲਈ ਪੁਲਾੜ ਦੇ ਅਤਿਅੰਤ ਵਾਤਾਵਰਣ ਦੇ ਸਭ ਤੋਂ ਮਾੜੇ ਪ੍ਰਭਾਵਾਂ ਦਾ ਅਨੁਭਵ ਕਰਨ ਲਈ ਕਾਫ਼ੀ ਸੀ। ਪੁਲਾੜ ਵਿੱਚ 286 ਦਿਨਾਂ ਦੀ ਯਾਤਰਾ ਦੌਰਾਨ ਦੋਵਾਂ ਪੁਲਾੜ ਯਾਤਰੀਆਂ ਵਿੱਚ ਕੀ ਸਰੀਰਕ ਤਬਦੀਲੀਆਂ ਆਈਆਂ ਹੋਣਗੀਆਂ, ਇਹ ਉਨ੍ਹਾਂ ਦੀ ਸਿਹਤ ਦੀ ਵਿਸਤ੍ਰਿਤ ਸਮੀਖਿਆ ਤੋਂ ਬਾਅਦ ਹੀ ਸਾਹਮਣੇ ਆਵੇਗਾ। ਪੁਲਾੜ ਵਿੱਚ ਰਹਿਣਾ ਮਨੁੱਖਾਂ ਲਈ ਆਰਾਮਦਾਇਕ ਨਹੀਂ ਹੈ। ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਪੁਲਾੜ ਵਿੱਚ ਲੰਬੇ ਸਮੇਂ ਤੱਕ ਰਹਿਣ ਨਾਲ ਉਮਰ ਵਧਣ ਦੀ ਪ੍ਰਕਿਰਿਆ ਤੇਜ਼ ਹੁੰਦੀ ਹੈ। ਗੁਰੂਤਾ ਦੀ ਘਾਟ ਕਾਰਨ, ਦਿਲ ਅਤੇ ਖ਼ੂਨ ਦੀਆਂ ਨਾੜੀਆਂ ਨੂੰ ਘੱਟ ਕੰਮ ਕਰਨਾ ਪੈਂਦਾ ਹੈ, ਜਿਸ ਕਾਰਨ ਉਹ ਕਮਜ਼ੋਰ ਹੋ ਜਾਂਦੇ ਹਨ। ਪੁਲਾੜ ਯਾਤਰੀਆਂ ਨੂੰ ਹੱਡੀਆਂ ਦੀ ਘਣਤਾ, ਮਾਸਪੇਸ਼ੀਆਂ ਦੀ ਘਾਟ ਅਤੇ ਸੈੱਲਾਂ ਵਿੱਚ ਤਬਦੀਲੀਆਂ ਦਾ ਆਮ ਨਾਲੋਂ ਤੇਜ਼ੀ ਨਾਲ ਨੁਕਸਾਨ ਵੀ ਹੁੰਦਾ ਹੈ। ਹੱਡੀਆਂ ਦੀ ਘਣਤਾ ਹਰ ਮਹੀਨੇ 1-2 ਪ੍ਰਤੀਸ਼ਤ ਘੱਟ ਜਾਂਦੀ ਹੈ, ਜਿਸ ਨਾਲ ਧਰਤੀ ’ਤੇ ਵਾਪਸ ਆਉਣ ’ਤੇ ਓਸਟੀਓਪੋਰੋਸਿਸ ਅਤੇ ਫ ?ਰੈਕਚਰ ਦਾ ਖ਼ਤਰਾ ਵੱਧ ਜਾਂਦਾ ਹੈ। ਪੁਲਾੜ ਯਾਤਰੀਆਂ ਨੂੰ ਇਨ੍ਹਾਂ ਸਥਿਤੀਆਂ ਨਾਲ ਸਿੱਝਣ ਵਿੱਚ ਮਦਦ ਕਰਨ ਲਈ, ISS ਵਿਸ਼ੇਸ਼ ਟ ?ਰੈਡਮਿਲਾਂ ਅਤੇ ਕਸਰਤ ਬਾਈਕਾਂ ਨਾਲ ਲੈਸ ਹੈ। ਧਰਤੀ ਦੇ ਗੁਰੂਤਾਕਰਸ਼ਣ ਬਲਾਂ ਦੀ ਨਕਲ ਕਰਨ ਲਈ ਵਿਸ਼ੇਸ਼ ਤੌਰ ’ਤੇ ਤਿਆਰ ਕੀਤੇ ਗਏ ਪ੍ਰਤੀਰੋਧ ਬੈਂਡ (ਕਸਰਤ ਉਪਕਰਣ) ਵੀ ਹਨ। ਬ੍ਰਹਿਮੰਡੀ ਰੇਡੀਏਸ਼ਨ ਦੇ ਸੰਪਰਕ ਵਿੱਚ ਆਉਣ ਨਾਲ ਡੀਐਨਏ ਨੂੰ ਨੁਕਸਾਨ ਹੋਣ ਦੇ ਨਾਲ ‘ਆਕਸੀਡੇਟਿਵ ਤਣਾਅ’ ਵੀ ਹੋ ਸਕਦਾ ਹੈ, ਜਿਸ ਨਾਲ ਅਣੂ ਪੱਧਰ ’ਤੇ ਸਮੇਂ ਤੋਂ ਪਹਿਲਾਂ ਬੁਢਾਪਾ ਹੋ ਸਕਦਾ ਹੈ। ਆਕਸੀਡੇਟਿਵ ਤਣਾਅ ਪੌਸ਼ਟਿਕ ਤੱਤਾਂ ਅਤੇ ਅਸਥਿਰ ਅਣੂਆਂ ਦਾ ਅਸੰਤੁਲਨ ਹੈ ਜੋ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਬਿਮਾਰੀ ਦਾ ਕਾਰਨ ਬਣਦੇ ਹਨ। ਗੁਰੂਤਾ ਦੀ ਅਣਹੋਂਦ ਕਾਰਨ ਸਰੀਰ ਦੇ ਤਰਲ ਪਦਾਰਥ ਸਿਰ ਵੱਲ ਵਧਦੇ ਹਨ, ਜਿਸ ਨਾਲ ਆਪਟਿਕ ਨਰਵ ਦੀ ਸੋਜ ਅਤੇ ਰੈਟੀਨਾ ਦੀ ਫੋਲਡ ਹੋ ਜਾਂਦੀ ਹੈ। ਅੱਖ ਦਾ ਪਿਛਲਾ ਹਿੱਸਾ ਚਪਟਾ ਹੋ ਜਾਂਦਾ ਹੈ ਅਤੇ ਦਿਮਾਗ ਸੁੱਜ ਜਾਂਦਾ ਹੈ। ਇਸ ਨਾਲ ਸਪੇਸਫਲਾਈਟ-ਐਸੋਸਿਏਟਿਡ ਨਿਊਰੋ-ਓਕੂਲਰ ਸਿੰਡਰੋਮ ਨਾਮਕ ਸਥਿਤੀ ਕਾਰਨ ਨਜ਼ਰ ਕਮਜ਼ੋਰ ਹੋ ਸਕਦੀ ਹੈ। ਧਰਤੀ ’ਤੇ ਵਾਪਸ ਆਉਣ ਤੋਂ ਬਾਅਦ ਦਿਮਾਗ ਅਤੇ ਅੱਖਾਂ ’ਤੇ ਦਬਾਅ ਆਮ ਪੱਧਰ ’ਤੇ ਵਾਪਸ ਆ ਜਾਂਦਾ ਹੈ, ਹਾਲਾਂਕਿ ਇਸ ਨਾਲ ਹੋਣ ਵਾਲਾ ਨੁਕਸਾਨ ਕਈ ਵਾਰ ਸਥਾਈ ਹੋ ਸਕਦਾ ਹੈ। ਲੰਬੀ ਪੁਲਾੜ ਯਾਤਰਾ ਦੇ ਸਭ ਤੋਂ ਵੱਡੇ ਮਾੜੇ ਪ੍ਰਭਾਵਾਂ ਵਿੱਚੋਂ ਇੱਕ ਨਜ਼ਰ ਦਾ ਨੁਕਸਾਨ ਹੈ। ਸੂਖਮ ਗ੍ਰੈਵਿਟੀ ਅਤੇ ਰੇਡੀਏਸ਼ਨ ਚਿੱਟੇ ਲਹੂ ਦੇ ਸੈੱਲਾਂ ਦੇ ਉਤਪਾਦਨ ਨੂੰ ਵੀ ਬਦਲ ਸਕਦੇ ਹਨ, ਜਿਸ ਨਾਲ ਸਰੀਰ ਦੀ ਵਾਇਰਸਾਂ ਅਤੇ ਬੈਕਟੀਰੀਆ ਨਾਲ ਲੜਨ ਦੀ ਸਮਰੱਥਾ ਘੱਟ ਜਾਂਦੀ ਹੈ। ਆਈਐਸਐਸ ’ਤੇ ਠਹਿਰਨ ਦੌਰਾਨ ਇਮਿਊਨ ਸਿਸਟਮ ਦੇ ਤਣਾਅ ਅਤੇ ਦਮਨ ਕਾਰਨ ਹਰਪੀਜ਼ ਅਤੇ ਚਿਕਨਪੌਕਸ ਵਰਗੇ ਸੁਸਤ ਵਾਇਰਸ ਮੁੜ ਸਰਗਰਮ ਹੋ ਸਕਦੇ ਹਨ। ਆਈਐਸਐਸ ਜਾਣ ਤੋਂ ਪਹਿਲਾਂ ਪੁਲਾੜ ਯਾਤਰੀਆਂ ਨੂੰ ਕੁਆਰੰਟੀਨ ਪੀਰੀਅਡ ਵਿੱਚੋਂ ਗੁਜ਼ਰਨਾ ਪੈਂਦਾ ਹੈ। ਇਸਦਾ ਮਤਲਬ ਹੈ ਕਿ ਪੁਲਾੜ ਸਟੇਸ਼ਨ ’ਤੇ ਬਹੁਤ ਘੱਟ ਕੀਟਾਣੂ ਜਾਂ ਵਾਇਰਸ ਹਨ। ਇੱਕ ਤਾਜ਼ਾ ਅਧਿਐਨ ਕਹਿੰਦਾ ਹੈ ਕਿ ਪੁਲਾੜ ਸਟੇਸ਼ਨ ਬਹੁਤ ਜ਼ਿਆਦਾ ਸਾਫ਼ ਹੋ ਸਕਦਾ ਹੈ। ਇਸ ਵਿੱਚ ਰੋਗਾਣੂਆਂ ਦੀ ਘਾਟ ਕਾਰਨ ਇਮਿਊਨਿਟੀ ਸਮੱਸਿਆਵਾਂ, ਚਮੜੀ ਦੇ ਵਿਕਾਰ ਅਤੇ ਹੋਰ ਸਥਿਤੀਆਂ ਹੋ ਸਕਦੀਆਂ ਹਨ। ਆਈਐਸਐਸ ਤੋਂ ਵਾਪਸ ਆਉਣ ਵਾਲੇ ਪੁਲਾੜ ਯਾਤਰੀ ਇਸ ਸਮੇਂ 45 ਦਿਨਾਂ ਦੇ ਰੀਕੰਡੀਸ਼ਨਿੰਗ ਪ੍ਰੋਗਰਾਮ ਵਿੱਚੋਂ ਗੁਜ਼ਰ ਰਹੇ ਹਨ ਜਿਸ ਵਿੱਚ ਮਾਸਪੇਸ਼ੀਆਂ ਦੇ ਐਟ੍ਰੋਫੀ ਨੂੰ ਠੀਕ ਕਰਨ ਲਈ ਫਿਜ਼ੀਓਥੈਰੇਪੀ ਸ਼ਾਮਲ ਹੈ। ਨਾਸਾ ਦਾ ਕਹਿਣਾ ਹੈ ਕਿ ਪੁਲਾੜ ਯਾਤਰੀਆਂ ਦੀਆਂ ਟੀਮਾਂ ਪਹਿਲਾਂ ਪੁਲਾੜ ਵਿੱਚ ਲੰਮਾ ਸਮਾਂ ਬਿਤਾ ਚੁੱਕੀਆਂ ਹਨ ਅਤੇ ਧਰਤੀ ’ਤੇ ਵਾਪਸ ਆਉਣ ਤੋਂ ਬਾਅਦ, ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਦੇ ਪ੍ਰਦਰਸ਼ਨ ਦੇ ਸਥਾਪਿਤ ਮਾਪਦੰਡਾਂ ਦੇ ਅਨੁਸਾਰ ਹੋਣ ਦੀ ਉਮੀਦ ਹੈ। ਪੁਲਾੜ ਯਾਤਰੀਆਂ ਨੂੰ ਮੁੜ ਵਸੇਬੇ ਦੇ ਪਹਿਲੇ ਕੁਝ ਦਿਨਾਂ ਦੌਰਾਨ ਚੱਕਰ ਆਉਣੇ ਮਹਿਸੂਸ ਹੋਣਗੇ ਕਿਉਂਕਿ ਉਨ੍ਹਾਂ ਦੇ ਸਰੀਰ ਸਿੱਧੇ ਰਹਿਣ ਲਈ ਸੰਤੁਲਨ ਬਣਾਈ ਰੱਖਣ ਦੇ ਆਦੀ ਹੋ ਜਾਂਦੇ ਹਨ। ਉਨ੍ਹਾਂ ਦੀ ਮਾਸਪੇਸ਼ੀਆਂ ਦਾ ਪੁੰਜ ਕੁਝ ਮਹੀਨਿਆਂ ਦੇ ਅੰਦਰ ਵਾਪਸ ਆ ਜਾਣਾ ਚਾਹੀਦਾ ਹੈ, ਜਦੋਂ ਕਿ ਹੱਡੀਆਂ ਦੀ ਘਣਤਾ ਕੁਝ ਸਾਲਾਂ ਬਾਅਦ ਆਮ ਪੱਧਰ ’ਤੇ ਵਾਪਸ ਆ ਜਾਵੇਗੀ। ਉਨ੍ਹਾਂ ਦੇ ਸਰੀਰ ਵਿੱਚ ਕੁਝ ਬਦਲਾਅ, ਜਿਵੇਂ ਕਿ ਨਜ਼ਰ ਦੀ ਕਮਜ਼ੋਰੀ, ਨੂੰ ਠੀਕ ਕਰਨਾ ਮੁਸ਼ਕਲ ਹੋ ਸਕਦਾ ਹੈ। ਨਾਸਾ ਦਾ ਕਹਿਣਾ ਹੈ ਕਿ ਪੁਲਾੜ ਯਾਤਰੀਆਂ ਦੀਆਂ ਟੀਮਾਂ ਪਹਿਲਾਂ ਪੁਲਾੜ ਵਿੱਚ ਲੰਮਾ ਸਮਾਂ ਬਿਤਾ ਚੁੱਕੀਆਂ ਹਨ ਅਤੇ ਧਰਤੀ ’ਤੇ ਵਾਪਸ ਆਉਣ ਤੋਂ ਬਾਅਦ, ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਦੇ ਪ੍ਰਦਰਸ਼ਨ ਦੇ ਸਥਾਪਿਤ ਮਾਪਦੰਡਾਂ ਦੇ ਅਨੁਸਾਰ ਹੋਣ ਦੀ ਉਮੀਦ ਹੈ। ਪੁਲਾੜ ਯਾਤਰੀਆਂ ਨੂੰ ਮੁੜ ਵਸੇਬੇ ਦੇ ਪਹਿਲੇ ਕੁਝ ਦਿਨਾਂ ਦੌਰਾਨ ਚੱਕਰ ਆਉਣੇ ਮਹਿਸੂਸ ਹੋਣਗੇ ਕਿਉਂਕਿ ਉਨ੍ਹਾਂ ਦੇ ਸਰੀਰ ਸਿੱਧੇ ਰਹਿਣ ਲਈ ਸੰਤੁਲਨ ਬਣਾਈ ਰੱਖਣ ਦੇ ਆਦੀ ਹੋ ਜਾਂਦੇ ਹਨ। ਉਨ੍ਹਾਂ ਦੀ ਮਾਸਪੇਸ਼ੀਆਂ ਦਾ ਪੁੰਜ ਕੁਝ ਮਹੀਨਿਆਂ ਦੇ ਅੰਦਰ ਵਾਪਸ ਆ ਜਾਣਾ ਚਾਹੀਦਾ ਹੈ, ਜਦੋਂਕਿ ਹੱਡੀਆਂ ਦੀ ਘਣਤਾ ਕੁਝ ਸਾਲਾਂ ਬਾਅਦ ਆਮ ਪੱਧਰ ’ਤੇ ਵਾਪਸ ਆ ਜਾਵੇਗੀ। ਉਨ੍ਹਾਂ ਦੇ ਸਰੀਰ ਵਿੱਚ ਕੁਝ ਬਦਲਾਅ, ਜਿਵੇਂ ਕਿ ਨਜ਼ਰ ਦੀ ਕਮਜ਼ੋਰੀ, ਨੂੰ ਠੀਕ ਕਰਨਾ ਮੁਸ਼ਕਲ ਹੋ ਸਕਦਾ ਹੈ। ਅਮਰੀਕੀ ਪੁਲਾੜ ਏਜੰਸੀ ਨੇ ਕਿਹਾ ਕਿ ਭਵਿੱਖ ਦੇ ਮਨੁੱਖੀ ਮਿਸ਼ਨਾਂ ਲਈ ਪੁਲਾੜ ਯਾਤਰੀਆਂ ’ਤੇ ਸਰੀਰਕ ਪ੍ਰਭਾਵਾਂ ਦਾ ਅਧਿਐਨ ਕਰਨਾ ਮਹੱਤਵਪੂਰਨ ਹੈ। ਯਾਦ ਰੱਖੋ ਕਿ ਮੰਗਲ ਗ੍ਰਹਿ ਦੀ ਇੱਕ-ਪਾਸੜ ਯਾਤਰਾ ਵਿੱਚ ਲਗਭਗ ਨੌਂ ਮਹੀਨੇ ਲੱਗਦੇ ਹਨ। ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਪਿਛਲੇ ਸਾਲ ਜੂਨ ਵਿੱਚ 8 ਦਿਨਾਂ ਲਈ ਪੁਲਾੜ ਸਟੇਸ਼ਨ ਗਏ ਸਨ ਪਰ ਉਨ੍ਹਾਂ ਨੂੰ ਉੱਥੇ ਨੌਂ ਮਹੀਨੇ ਬਿਤਾਉਣੇ ਪਏ ਕਿਉਂਕਿ ਬੋਇੰਗ ਸਟਾਰਲਾਈਨਰ, ਜਿਸ ਨੂੰ ਉਨ੍ਹਾਂ ਨੂੰ ਵਾਪਸ ਲਿਆਉਣਾ ਸੀ, ਵਿੱਚ ਨੁਕਸ ਪੈ ਗਿਆ ਅਤੇ ਉਨ੍ਹਾਂ ਦੀ ਵਾਪਸੀ ਕਿਸੇ ਨਾ ਕਿਸੇ ਕਾਰਨ ਕਰਕੇ ਮੁਲਤਵੀ ਹੁੰਦੀ ਰਹੀ। ਲੰਬੇ ਸਮੇਂ ਤੱਕ ਰਹਿਣ ਦੇ ਬਾਵਜੂਦ, ਵਿਲਮੋਰ ਅਤੇ ਵਿਲੀਅਮਜ਼ ਆਈਐਸਐਸ ’ਤੇ ਸਰਗਰਮ ਰਹੇ। ਉਸਨੇ ਮਾਈਕ੍ਰੋਗ੍ਰੈਵਿਟੀ ਖੋਜ ਅਤੇ ਸਟੇਸ਼ਨ ਰੱਖ-ਰਖਾਅ ਵਿੱਚ ਆਪਣਾ ਕੰਮ ਜਾਰੀ ਰੱਖਿਆ। ਟਰੰਪ ਅਤੇ ਉਨ੍ਹਾਂ ਦੇ ਕਰੀਬੀ ਸਹਿਯੋਗੀ ਮਸਕ ਨੇ ਇਸ ਮੁੱਦੇ ਨੂੰ ਰਾਜਨੀਤਿਕ ਰੰਗ ਦੇਣ ਦੀ ਕੋਸ਼ਿਸ਼ ਕੀਤੀ। ਉਸਨੇ ਬਿਨਾਂ ਕਿਸੇ ਸਬੂਤ ਦੇ ਦਾਅਵਾ ਕੀਤਾ ਕਿ ਵਿਲਮੋਰ ਅਤੇ ਵਿਲੀਅਮਜ਼ ਨੂੰ ਵਾਪਸ ਭੇਜਣ ਵਿੱਚ ਦੇਰੀ ਰਾਜਨੀਤਿਕ ਤੌਰ ’ਤੇ ਪ੍ਰੇਰਿਤ ਸੀ। ਉਸਨੇ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ’ਤੇ ਪੁਲਾੜ ਯਾਤਰੀਆਂ ਨੂੰ ਆਪਣੇ ਬਚਾਅ ਲਈ ਛੱਡਣ ਦਾ ਦੋਸ਼ ਲਗਾਇਆ। ਇਨ੍ਹਾਂ ਦੋਸ਼ਾਂ ਨੂੰ ਮਾਹਰਾਂ ਦੁਆਰਾ ਜਲਦੀ ਹੀ ਰੱਦ ਕਰ ਦਿੱਤਾ ਗਿਆ, ਜਿਨ੍ਹਾਂ ਵਿੱਚ ਡੈਨਿਸ਼ ਪੁਲਾੜ ਯਾਤਰੀ ਐਂਡਰੀਅਸ ਮੋਗੇਨਸਨ ਵੀ ਸ਼ਾਮਲ ਸੀ, ਜੋ ਦੋ ਵਾਰ ਆਈਐਸਐਸ ਲਈ ਉਡਾਣ ਭਰ ਚੁੱਕਾ ਹੈ। ਮੋਗੇਨਸਨ ਨੇ ਜਨਤਕ ਤੌਰ ’ਤੇ ਇਨ੍ਹਾਂ ਦਾਅਵਿਆਂ ਦੀ ਨਿੰਦਾ ਕੀਤੀ ਅਤੇ ਗਲਤ ਜਾਣਕਾਰੀ ਫੈਲਾਉਣ ਲਈ ਟਰੰਪ ਅਤੇ ਮਸਕ ਦੀ ਆਲੋਚਨਾ ਕੀਤੀ। ਫਿਰ ਵੀ ਪੁਲਾੜ ਯਾਤਰੀਆਂ ਦੀ ਵਾਪਸੀ ਵਿੱਚ ਦੇਰੀ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਅਤੇ ਨਾਸਾ ਵਰਗੀ ਸਰੋਤਾਂ ਨਾਲ ਭਰਪੂਰ ਪੁਲਾੜ ਏਜੰਸੀ ਨੂੰ ਦੋਵਾਂ ਪੁਲਾੜ ਯਾਤਰੀਆਂ ਨੂੰ ਵਾਪਸ ਲਿਆਉਣ ਵਿੱਚ ਨੌਂ ਮਹੀਨੇ ਕਿਉਂ ਲੱਗੇ? ਇਸ ਘਟਨਾ ਤੋਂ ਇੱਕ ਹੋਰ ਗੱਲ ਸਪੱਸ਼ਟ ਹੋ ਗਈ ਹੈ ਕਿ ਸਾਡੇ ਕੋਲ ਪੁਲਾੜ ਵਿੱਚ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਕੋਈ ਪ੍ਰਣਾਲੀ ਨਹੀਂ ਹੈ। ਪੁਲਾੜ ਵਿਗਿਆਨ ਵਿੱਚ ਲਗਾਤਾਰ ਤਰੱਕੀ ਦੇ ਬਾਵਜੂਦ, ਪੁਲਾੜ ਮਿਸ਼ਨਾਂ ਵਿੱਚ ਅਨਿਸ਼ਚਿਤਤਾ ਦਾ ਇੱਕ ਤੱਤ ਅਜੇ ਵੀ ਬਣਿਆ ਹੋਇਆ ਹੈ। ਮਸਕ ਦੀ ਸਪੇਸਐਕਸ ਕੰਪਨੀ, ਜੋ ਕਿ ਮਨੁੱਖਾਂ ਨੂੰ ਮੰਗਲ ਗ੍ਰਹਿ ’ਤੇ ਲਿਜਾਣ ਦਾ ਸੁਪਨਾ ਦੇਖਦੀ ਹੈ, ਦੇ ਦੋ ਵੱਡੇ ਰਾਕੇਟਾਂ ਵਿੱਚ ਹਾਲ ਹੀ ਵਿੱਚ ਹੋਏ ਧਮਾਕੇ ਦਰਸਾਉਂਦੇ ਹਨ ਕਿ ਪੁਲਾੜ ਦਾ ਰਸਤਾ ਕਿੰਨਾ ਔਖਾ ਹੈ। ਪੁਲਾੜ ਮਿਸ਼ਨਾਂ ਦੀ ਸਫਲਤਾ ਲਈ ਤਕਨਾਲੋਜੀ ਵੀ ਨਿਰਦੋਸ਼ ਹੋਣੀ ਚਾਹੀਦੀ ਹੈ।

# ਬਹਾਦਰੀ ਅਤੇ ਦਲੇਰੀ ਦੀ ਗਾਥਾ ‘ਅਕਾਲ’

ਰਜਵਿੰਦਰ ਪਾਲ ਸ਼ਰਮਾ

ਅਜੋਕੇ ਸਮੇਂ ਵਿੱਚ ਪੰਜਾਬੀ ਸਿਨੇਮਾ ਪਿਆਰ, ਮੁਹੱਬਤ, ਜੱਟਵਾਦ, ਕਾਮੇਡੀ ਅਤੇ ਜੀਵਨੀਆਂ ਤੋਂ ਹਟ ਕੇ ਅਜਿਹੀਆਂ ਫਿਲਮਾਂ ਬਣਾ ਰਿਹਾ ਹੈ ਜੋ ਸਮਾਜ ਨੂੰ ਸੇਧ ਦਿੰਦੀਆਂ ਹੋਈਆਂ ਇਤਿਹਾਸ ਅਤੇ ਵਿਰਸੇ ਨਾਲ ਰੂਬਰੂ ਕਰਵਾਉਣ ਵਿੱਚ ਮਦਦ ਕਰਨ। ਅਜਿਹੀਆਂ ਫਿਲਮਾਂ ਨੂੰ ਦਰਸ਼ਕਾਂ ਵੱਲੋਂ ਵੀ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਲੜੀ ਵਿੱਚ ‘ਅਰਦਾਸ’, ‘ਅਰਦਾਸ ਕਰਾਂ’, ‘ਅਰਦਾਸ ਸਰਬੱਤ ਦੇ ਭਲੇ ਦੀ’, ‘ਮਸਤਾਨੇ’, ‘ਗੁਰਮੁਖ’ ਅਤੇ ਹਾਲ ਹੀ ਵਿੱਚ ਹਿੰਦੀ ਅਤੇ ਪੰਜਾਬੀ ਭਾਸ਼ਾ ਵਿੱਚ ਰਿਲੀਜ਼ ਹੋਈ ਫਿਲਮ ‘ਅਕਾਲ’ ਉਨ੍ਹਾਂ ਫਿਲਮਾਂ ਵਿੱਚੋਂ ਇੱਕ ਹੈ ਜਿਨ੍ਹਾਂ ਦੀ ਕਹਾਣੀ ਰਵਾਇਤੀ ਫਿਲਮਾਂ ਤੋਂ ਕੁੱਝ ਹਟ ਕੇ ਹੈ।

ਇਹ ਫਿਲਮ ਸਿੱਖਾਂ ਦੀ ਬਹਾਦਰੀ ਦੀ ਗਾਥਾ ਹੈ ਜੋ ਹਮੇਸ਼ਾਂ ਗ਼ਰੀਬਾਂ ਅਤੇ ਮਜ਼ਲੂਮਾਂ ਦੀ ਰਾਖੀ ਲਈ ਤਿਆਰ ਰਹਿੰਦੇ ਹਨ। ਅਜੋਕੇ ਸਮੇਂ ਵਿੱਚ ਜਦੋਂ ਤਕਨੀਕੀ ਵਿਕਾਸ ਕਰਕੇ ਅਸੀਂ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਬੇਮੁੱਖ ਹੋ ਰਹੇ ਹਾਂ, ਉਸ ਸਮੇਂ ‘ਅਕਾਲ’ ਵਰਗੀਆਂ ਫਿਲਮਾਂ ਨੌਜਵਾਨਾਂ ਨੂੰ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਜਾਣੂ ਕਰਵਾਉਣ ਵਿੱਚ ਮਦਦਗਾਰ ਸਾਬਤ ਹੋ ਰਹੀਆਂ ਹਨ। ਫਿਲਮ ਵਿੱਚ ਗਿੱਪੀ ਗਰੇਵਾਲ ਨੇ ਕਮਾਲ ਦਾ ਕੰਮ ਕੀਤਾ ਹੈ। ਉਹ ਫਿਲਮ ਜ਼ਰੀਏ ਨਾ ਸਿਰਫ਼ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ, ਬਲਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਨੂੰ ਇਸ ਤਰ੍ਹਾਂ ਦੱਸਦਾ ਹੈ ਕਿ ਉਹ ਦਿਲ ਤੇ ਦਿਮਾਗ ਵਿੱਚ ਵੱਸ ਜਾਂਦੀਆਂ ਹਨ।

ਫਿਲਮ ਵਿੱਚ ਗਿੱਪੀ ਗਰੇਵਾਲ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਨਿਮਰਤ ਖਹਿਰਾ, ਛਿੰਦਾ ਗਰੇਵਾਲ, ਏਕਮ ਗਰੇਵਾਲ, ਅਸੀਸ ਦੁੱਗਲ, ਪ੍ਰਿੰਸ ਕੰਵਲਜੀਤ ਸਿੰਘ ਅਤੇ ਨਿਕਤਿਨ ਧੀਰ ਸ਼ਾਮਿਲ ਹਨ। ਗਿੱਪੀ ਗਰੇਵਾਲ ਵੱਲੋਂ ਲਿਖੀ ਅਤੇ ਨਿਰਦੇਸ਼ਿਤ ਇਸ ਫਿਲਮ ਨੂੰ ਹਿੰਦੀ ਫਿਲਮਾਂ ਦੇ ਉੱਘੇ ਨਿਰਮਾਤਾ ਕਰਨ ਜੌਹਰ, ਅਦਰ ਪੂਨਾਵਾਲਾ ਅਤੇ ਅਪੂਰਵਾ ਮਹਿਤਾ ਦੇ ਸਹਿਯੋਗ ਨਾਲ ਬਣਾਇਆ ਗਿਆ ਹੈ। ਫਿਲਮ ਪੰਜਾਬੀ ਭਾਸ਼ਾ ਵਿੱਚ ਵ੍ਹਾਈਟ ਹਿੱਲ ਅਤੇ ਹਿੰਦੀ ਭਾਸ਼ਾ ਵਿੱਚ ਧਰਮਾ ਪ੍ਰੋਡਕਸ਼ਨ ਨਾਲ ਮਿਲ ਕੇ ਹੰਬਲ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਪੇਸ਼ ਕੀਤੀ ਗਈ ਹੈ। ਇਸ ਦੇ ਗੀਤਾਂ ਨੂੰ ਹੈਪੀ ਰਾਏਕੋਟੀ ਨੇ ਲਿਖਿਆ ਹੈ ਜਿਨ੍ਹਾਂ ਨੂੰ ਸ਼ੰਕਰ ਮਹਾਦੇਵਨ, ਅਰਿਜੀਤ ਸਿੰਘ, ਸ਼੍ਰੇਆ ਘੋਸ਼ਾਲ, ਸੁਖਵਿੰਦਰ ਸਿੰਘ, ਗਿੱਪੀ ਗਰੇਵਾਲ ਅਤੇ ਸਿਕੰਦਰ ਨੇ ਗਾਇਆ ਹੈ। ਸੰਗੀਤ ਸ਼ੰਕਰ ਅਹਿਸਾਨ ਲੌਇ ਨੇ ਦਿੱਤਾ ਹੈ। ਫਿਲਮ ਦੇ ਐਕਸ਼ਨ ਵਿੱਚ ਹਿੰਦੀ ਫਿਲਮਾਂ ਦੀ ਦਿੱਖ ਨਜ਼ਰ ਆਉਂਦੀ ਹੈ।



Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD